30-APRIL-PAGE-1.qxd 4/29/2024 10:27 PM Page 1

ਮੰਗਲਵਾਰ, 30 ਅਪ੍ਰੈਲ, 2024
18 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 330

# ਨਵਾਂ ਜ਼ਮਾਨਾ

DAILY NAWAN ZAMANA • TUESDAY, 30 APRIL, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਕਾਂਗਰਸ ਨੇ ਹੈਵੀਵੇਟ ਉਤਾਰੇ

## ਰਾਜਾ ਵੜਿੰਗ ਲੁਧਿਆਣਾ, ਵਿਜੇਇੰਦਰ ਸਿੰਗਲਾ ਅਨੰਦਪੁਰ ਸਾਹਿਬ, ਰੰਧਾਵਾ ਗੁਰਦਾਸਪੁਰ ਤੇ ਕੁਲਬੀਰ ਜ਼ੀਰਾ ਖਡੂਰ ਸਾਹਿਬ ਤੋਂ ਉਮੀਦਵਾਰ



**ਨਵੀਂ ਦਿੱਲੀ** : ਕਾਂਗਰਸ ਨੇ ਸੋਮਵਾਰ ਪੰਜਾਬ ਤੋਂ ਲੋਕ ਸਭਾ ਲਈ ਚਾਰ ਹੋਰ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਬਰਾੜ ਉਰਫ ਰਾਜਾ ਵੜਿੰਗ ਨੂੰ ਲੁਧਿਆਣਾ, ਸੁਖਜਿੰਦਰ ਸਿੰਘ ਰੰਧਾਵਾ ਨੂੰ ਗੁਰਦਾਸਪੁਰ, ਕੁਲਬੀਰ ਸਿੰਘ ਜ਼ੀਰਾ ਨੂੰ ਖਡੂਰ ਸਾਹਿਬ ਤੇ ਵਿਜੇਇੰਦਰ ਸਿੰਗਲਾ ਨੂੰ ਆਨੰਦਪੁਰ ਸਾਹਿਬ ਤੋਂ ਮੈਦਾਨ ਵਿਚ ਉਤਾਰਿਆ ਗਿਆ ਹੈ। ਹੁਣ ਸਿਰਫ ਫਿਰੋਜ਼ਪੁਰ ਸੀਟ ਦੇ ਉਮੀਦਵਾਰ ਦਾ ਐਲਾਨ ਬਚ ਗਿਆ ਹੈ। ਪੰਜਾਬ ਵਿਚ ਪਹਿਲੀ ਜੂਨ ਨੂੰ ਵੋਟਾਂ ਪੈਣਗੀਆਂ।

ਲੁਧਿਆਣਾ ਤੋਂ ਪਹਿਲੇ ਸਾਂਸਦ ਰਵਨੀਤ ਬਿੱਟੂ ਭਾਜਪਾ ਵਿਚ ਸ਼ਾਮਲ ਹੋ ਕੇ ਉਸ ਦੇ ਉਮੀਦਵਾਰ ਬਣ ਗਏ ਸਨ। ਇੱਥੋਂ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ਨਾਂਅ ਵੀ ਕਾਫੀ ਚੱਲਿਆ, ਪਰ ਆਖ਼ਰ ਰਾਜਾ ਵੜਿੰਗ ਨੂੰ ਹੀ ਪਾਰਟੀ ਨੇ ਟਿਕਟ ਦੇਣੀ ਮੁਨਾਸਬ ਸਮਝੀ। ਰਾਜਾ ਵੜਿੰਗ ਦਾ ਮੁੱਖ ਮੁਕਾਬਲਾ ਬਿੱਟੂ ਤੋਂ ਇਲਾਵਾ ਆਪ ਦੇ ਅਸ਼ੋਕ ਪ੍ਰਾਸ਼ਰ ਪੱਪੀ ਤੇ ਅਕਾਲੀ ਦਲ ਦੇ ਰਣਜੀਤ ਸਿੰਘ ਢਿੱਲੋਂ ਨਾਲ ਹੋਵੇਗਾ। ਜੱਟ ਭਾਈਚਾਰੇ 'ਚੋਂ ਆਉਂਦੇ ਰਾਜਾ ਵੜਿੰਗ ਨੇ 2019 ਵਿਚ ਬਠਿੰਡਾ ਲੋਕ ਸਭਾ ਸੀਟ ਲੜੀ ਸੀ, ਪਰ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਤੋਂ ਹਾਰ ਗਏ ਸਨ। ਰਾਜਾ ਵੜਿੰਗ ਗਿੱਦੜਬਾਹਾ ਤੋਂ ਤੀਜੀ ਵਾਰ ਵਿਧਾਇਕ ਹਨ ਤੇ ਚੰਨੀ ਸਰਕਾਰ ਵਿਚ ਟਰਾਂਸਪੋਰਟ ਮੰਤਰੀ ਰਹਿ ਚੁੱਕੇ ਹਨ।

ਸੁਖਜਿੰਦਰ ਸਿੰਘ ਰੰਧਾਵਾ ਕੈਪਟਨ ਸਰਕਾਰ ਵਿਚ ਰਹੇ ਤੇ ਚੰਨੀ ਸਰਕਾਰ ਵਿਚ ਉਪ ਮੁੱਖ ਮੰਤਰੀ ਵੀ ਬਣੇ। ਉਹ ਡੇਰਾ ਬਾਬਾ ਨਾਨਕ ਹਲਕੇ ਤੋਂ ਵਿਧਾਇਕ ਹਨ। ਉਨ੍ਹਾ ਨੂੰ ਕਾਂਗਰਸ ਨੇ ਰਾਜਸਥਾਨ ਵਿਚ ਇੰਚਾਰਜ ਵੀ ਬਣਾਇਆ ਸੀ। ਚਾਰ ਵਾਰ ਦੇ ਵਿਧਾਇਕ ਰੰਧਾਵਾ ਦਾ ਗੁਰਦਾਸਪੁਰ ਵਿਚ ਭਾਜਪਾ ਦੇ ਦਿਨੇਸ਼ ਬੱਬੂ, ਅਕਾਲੀ ਦਲ ਦੇ ਡਾ. ਦਲਜੀਤ ਸਿੰਘ ਤੇ ਆਪ ਦੇ ਅਮਨਸ਼ੇਰ ਸਿੰਘ ਉਰਫ ਸ਼ੈਰੀ ਕਲਸੀ ਨਾਲ ਮੁਕਾਬਲਾ ਹੋਵੇਗਾ। ਪਿਛਲੀ ਵਾਰ ਇਸ ਸੀਟ ਤੋਂ ਭਾਜਪਾ ਦੇ ਸੰਨੀ ਦਿਓਲ ਜਿੱਤੇ ਸਨ।

ਆਨੰਦਪੁਰ ਸਾਹਿਬ ਤੋਂ ਸਾਂਸਦ ਮਨੀਸ਼ ਤਿਵਾੜੀ ਨੂੰ ਚੰਡੀਗੜ੍ਹ ਸ਼ਿਫਟ ਕਰਨ ਤੋਂ ਬਾਅਦ ਸਿੰਗਲਾ ਦੀ ਸ਼ਕਲ ਵਿਚ ਹਿੰਦੂ ਚਿਹਰਾ ਉਤਾਰਿਆ ਗਿਆ ਹੈ। ਸਿੰਗਲਾ ਦਾ ਅਕਾਲੀ ਦਲ ਦੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਆਪ ਦੇ ਮਾਲਵਿੰਦਰ ਸਿੰਘ ਕੰਗ ਨਾਲ ਮੁਕਾਬਲਾ ਹੋਵੇਗਾ। ਭਾਜਪਾ ਨੇ ਉਮੀਦਵਾਰ ਐਲਾਨਣਾ ਹੈ। ਸਿੰਗਲਾ 2017 ਵਿਚ ਵਿਧਾਇਕ ਬਣ ਕੇ ਕੈਪਟਨ ਸਰਕਾਰ ਵਿਚ ਮੰਤਰੀ ਰਹੇ। 2022 ਦੀਆਂ ਚੋਣਾਂ ਵਿਚ ਉਹ ਸੰਗਰੂਰ ਤੋਂ ਹਾਰ ਗਏ ਸਨ।

ਖਡੂਰ ਸਾਹਿਬ ਤੋਂ ਜਸਬੀਰ ਸਿੰਘ ਡਿੰਪਾ ਦੀ ਟਿਕਟ ਕੱਟ ਕੇ ਕੁਲਬੀਰ ਸਿੰਘ ਜ਼ੀਰਾ ਨੂੰ ਦਿੱਤੀ ਗਈ ਹੈ। ਉਨ੍ਹਾ ਦਾ ਮੁਕਾਬਲਾ ਆਪ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ, ਭਾਜਪਾ ਦੇ ਮਨਜੀਤ ਸਿੰਘ ਮੀਆਂਵਿੰਡ, ਅਕਾਲੀ ਦਲ ਦੇ ਵਿਰਸਾ ਸਿੰਘ ਵਲਟੋਹਾ ਨਾਲ ਹੋਵੇਗਾ। ਤੱਤਖਿਆਲੀ ਅੰਮ੍ਰਿਤਪਾਲ ਸਿੰਘ ਵੀ ਚੋਣ ਲੜਨੀ ਚਾਹੁੰਦਾ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਜੇ ਅੰਮ੍ਰਿਤਪਾਲ ਖੜ੍ਹਾ ਹੁੰਦਾ ਹੈ ਤਾਂ ਉਹ ਆਪਣਾ ਉਮੀਦਵਾਰ ਬਿਠਾ ਲੈਣਗੇ।

ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਖੁਦ ਆਨੰਦਪੁਰ ਸਾਹਿਬ ਤੇ ਸੁਲਤਾਨਪੁਰ ਲੋਧੀ ਤੋਂ ਆਜ਼ਾਦ ਜਿੱਤੇ ਆਪਣੇ ਪੁੱਤਰ ਰਾਣਾ ਇੰਦਰ ਪ੍ਰਤਾਪ ਸਿੰਘ ਲਈ ਖਡੂਰ ਸਾਹਿਬ ਦੀ ਟਿਕਟ ਲਈ ਜ਼ੋਰ ਲਾਇਆ। ਟਿਕਟਾਂ ਐਲਾਨੇ ਜਾਣ ਤੋਂ ਬਾਅਦ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਕੁਲਬੀਰ ਸਿੰਘ ਜ਼ੀਰਾ ਨੂੰ ਖਡੂਰ ਸਾਹਿਬ ਤੋਂ ਟਿਕਟ ਦਿਵਾਉਣ 'ਚ ਉਨ੍ਹਾ ਵੀ ਭੂਮਿਕਾ ਨਿਭਾਈ।

ਇਸੇ ਦੌਰਾਨ ਬਿੱਟੂ ਨੇ ਕਿਹਾ ਕਿ ਬਹੁਤ ਹੈਰਾਨੀ ਦੀ ਗੱਲ ਹੈ ਕਿ ਕਾਂਗਰਸ ਨੂੰ ਲੁਧਿਆਣਾ ਤੋਂ ਕੋਈ ਵੀ ਸਥਾਨਕ ਆਗੂ ਨਹੀਂ ਮਿਲਿਆ। ਰਾਜਾ ਵੜਿੰਗ ਗਰਮੀਆਂ ਦੀਆਂ ਛੁੱਟੀਆਂ 'ਚ ਲੁਧਿਆਣਾ ਆ ਰਿਹਾ ਹੈ। ਕਾਂਗਰਸ ਦੀ ਹਾਲਤ ਖਰਾਬ ਹੈ, ਜਿਸ ਕਾਰਨ ਪਾਰਟੀ ਨੂੰ ਬਾਹਰੋਂ ਉਮੀਦਵਾਰ ਲਿਆਉਣਾ ਪਿਆ। ਇਹ ਵੀ ਖਬਰਾਂ ਹਨ ਕਿ ਸੰਗਰੂਰ ਲੋਕ ਸਭਾ ਹਲਕੇ ਤੋਂ ਟਿਕਟ ਨਾ ਮਿਲਣ ਤੋਂ ਖਫ਼ਾ ਧੂਰੀ ਦੇ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਕਾਂਗਰਸ ਛੱਡ ਜਾਣਗੇ।

ਗੋਲਡੀ ਨੇ ਆਪਣੇ ਫੇਸਬੁੱਕ ਪੇਜ ਉਤੇ ਲਿਖਿਆ-ਸੋਚਦੇ ਹਾਂ ਕਿ ਇਕ ਨਵਾਂ ਕੋਈ ਰਾਹ ਬਣਾ ਲਈਏ, ਕਿੰਨਾ ਚਿਰ ਉਹ ਰਾਹ ਪੁਰਾਣੇ ਲੱਭਦੇ ਰਹਾਂਗੇ, ਹਨੇਰਿਆਂ ਦੀ ਰਾਤ ਵਿਚ ਚਾਨਣ ਦੀ ਲੋੜ ਹੈ, ਦੀਵੇ ਨਹੀਂ ਜੁਗਨੂੰ ਸਹੀ ਪਰ ਜਗਦੇ ਰਹਾਂਗੇ।

ਵਿਧਾਨ ਸਭਾ ਚੋਣਾਂ ਵਿਚ ਗੋਲਡੀ ਧੂਰੀ ਹਲਕੇ ਤੋਂ ਭਗਵੰਤ ਮਾਨ ਤੋਂ ਹਾਰ ਗਏ ਸਨ। ਪਾਰਟੀ ਨੇ ਲੋਕ ਸਭਾ ਦੀ ਜ਼ਿਮਨੀ ਚੋਣ ਵਿਚ ਗੋਲਡੀ ਨੂੰ ਉਮੀਦਵਾਰ ਬਣਾਇਆ ਸੀ, ਪਰ ਸਿਮਰਨਜੀਤ ਸਿੰਘ ਮਾਨ ਚੋਣ ਜਿੱਤ ਗਏ ਸਨ। ਹੁਣ ਕਾਂਗਰਸ ਦੇ ਸੰਗਰੂਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਹਨ। ਸਮਝਿਆ ਜਾਂਦਾ ਹੈ ਕਿ ਉਹ ਭਾਜਪਾ ਵਿਚ ਸ਼ਾਮਲ ਹੋ ਸਕਦੇ ਹਨ, ਜਿਸ ਨੇ ਸੰਗਰੂਰ ਤੋਂ ਉਮੀਦਵਾਰ ਅਜੇ ਐਲਾਨਣਾ ਹੈ।

# 48 ਕਿਲੋ ਹੈਰੋਇਨ ਸਮੇਤ ਤਿੰਨ ਗ੍ਰਿਫਤਾਰ

**ਜਲੰਧਰ (ਸ਼ੈਲੀ ਐਲਬਰਟ)**

ਨਸ਼ਿਆਂ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਜਲੰਧਰ ਕਮਿਸ਼ਨਰੇਟ ਪੁਲਸ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ 48 ਕਿਲੋ ਹੈਰੋਇਨ ਬਰਾਮਦ ਕਰਕੇ ਕੌਮਾਂਤਰੀ ਡਰੱਗ ਰੈਕੇਟ ਦਾ ਪਰਦਾਫਾਸ਼ ਕੀਤਾ ਹੈ।




ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਇਸ ਨੂੰ ਸ਼ਹਿਰ ਵਿੱਚ ਕਮਿਸ਼ਨਰੇਟ ਪੁਲਸ ਦੁਆਰਾ ਬਰਾਮਦ ਕੀਤੇ ਗਏ ਨਸ਼ਿਆਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਖੇਪ ਦੱਸਿਆ। ਉਨ੍ਹਾਂ ਦੱਸਿਆ ਕਿ ਕਮਿਸ਼ਨਰੇਟ ਪੁਲਸ ਵੱਲੋਂ ਇੱਕ ਇਤਲਾਹ 'ਤੇ ਸ਼ਹਿਰ ਵਿੱਚ ਵਿਸ਼ੇਸ਼ ਚੈਕਿੰਗ ਕੀਤੀ ਗਈ ਸੀ, ਜਿਸ ਦੌਰਾਨ ਵਾਈ-ਪੁਆਇੰਟ ਭਗਤ ਸਿੰਘ ਕਾਲੋਨੀ ਬਾਈਪਾਸ ਨੇੜੇ ਇੱਕ ਟੋਇਟਾ ਇਨੋਵਾ ਕਾਰ ਨੂੰ ਰੋਕਿਆ ਗਿਆ। ਡਰਾਈਵਰ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਨੇ ਕਾਰ ਨੂੰ ਰੋਕ ਲਿਆ ਅਤੇ ਗੱਡੀ ਦੀ ਤਲਾਸ਼ੀ ਲੈਣ 'ਤੇ ਗੱਡੀ ਦੇ ਅੰਦਰ ਇੱਕ ਥੈਲੇ ਵਿੱਚ 8 ਕਿਲੋ ਹੈਰੋਇਨ ਬਰਾਮਦ ਹੋਈ।

ਪੁਲਸ ਨੇ ਤੁਰੰਤ ਡਰਾਈਵਰ ਸਤਨਾਮ ਸਿੰਘ ਉਰਫ਼ ਬੱਬੀ ਵਾਸੀ ਪਿੰਡ ਢੰਡੀਆਂ ਥਾਣਾ ਬੰਗਾ ਜ਼ਿਲ੍ਹਾ ਨਵਾਂਸ਼ਹਿਰ, ਜੋ ਕਿ ਹੁਣ ਪ੍ਰਤਾਪ ਚੌਕ ਹੁਸ਼ਿਆਰਪੁਰ ਨੇੜੇ ਸੁਭਾਸ਼ ਨਗਰ ਵਿਖੇ ਕਿਰਾਏਦਾਰ ਸੀ, ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ। ਤਫ਼ਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਮੁਲਜ਼ਮ, ਅਮਨ ਰੋਜ਼ੀ ਅਤੇ ਉਸ ਦੇ ਪਤੀ ਹਰਦੀਪ ਸਿੰਘ ਨਾਲ ਨਸ਼ੇ ਦੇ ਨੈੱਟਵਰਕ ਨਾਲ ਜੁੜਿਆ ਹੋਇਆ ਸੀ। ਪੁਲਸ ਨੇ ਨਕੋਦਰ-ਜਲੰਧਰ ਰੋਡ ਤੋਂ ਦੋਨਾਂ ਸ਼ੱਕੀਆਂ ਨੂੰ ਕਾਬੂ ਕਰ ਲਿਆ, ਜਿੱਥੋਂ ਉਨ੍ਹਾਂ ਪਾਸੋਂ 40 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਅਤੇ ਕੁੱਲ 21 ਲੱਖ ਰੁਪਏ ਦੀ ਰਕਮ, ਟੋਇਟਾ ਇਨੋਵਾ ਸਮੇਤ ਤਿੰਨ ਗੱਡੀਆਂ, ਤੇ ਇੱਕ ਕੈਸ਼ ਕਾਊਂਟਿੰਗ ਮਸ਼ੀਨ ਬਰਾਮਦ ਕੀਤੀ ਗਈ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਹੋਰ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਸਤਨਾਮ ਸਿੰਘ ਦੀ 2017 ਵਿੱਚ ਪਹਿਲਾਂ ਵੀ ਨਸ਼ਾ ਤਸਕਰੀ ਦੇ ਇੱਕ ਕੇਸ ਵਿੱਚ ਸ਼ਮੂਲੀਅਤ ਸੀ, ਜਿਸ ਕਾਰਨ ਉਹ ਹੁਸ਼ਿਆਰਪੁਰ ਜੇਲ੍ਹ ਵਿੱਚ ਰਹਿੰਦੇ ਹੋਏ ਨਸ਼ਿਆਂ ਦੇ ਇੱਕ ਵੱਡੇ ਨੈੱਟਵਰਕ ਨਾਲ ਸੰਪਰਕ ਵਿੱਚ ਆਇਆ ਸੀ ਅਤੇ ਜ਼ਮਾਨਤ ਮਿਲਣ ਤੋਂ ਬਾਅਦ ਉਹ ਵੱਡੇ ਡਰੱਗ ਕਿੰਗਪਿਨ ਨਾਲ ਜੁੜਿਆ ਹੋਇਆ ਸੀ। 2023 ਵਿੱਚ ਸਤਨਾਮ ਦੇ ਪੁੱਤਰ ਮਨਜੀਤ ਸਿੰਘ ਨੂੰ ਜੰਮੂ ਵਿੱਚ ਇੱਕ ਡਰੱਗ ਕੇਸ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਕੋਲੋਂ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ, ਪੈਸੇ, ਵਾਹਨ ਅਤੇ ਹੋਰ ਜਾਇਦਾਦਾਂ ਦੀ ਬਰਾਮਦਗੀ ਹੋਈ ਸੀ। ਸਵਪਨ ਸ਼ਰਮਾ ਨੇ ਦੱਸਿਆ ਕਿ ਸਤਨਾਮ ਸਿੰਘ ਦਾ ਜਵਾਈ ਹਰਦੀਪ ਸਿੰਘ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੈਰੋਇਨ ਵੰਡਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ, ਜੋ ਅਕਸਰ ਆਵਾਜਾਈ ਲਈ ਕਈ ਵਾਹਨਾਂ ਦੀ ਵਰਤੋਂ ਕਰਦਾ ਸੀ। ਪੁਲਸ ਕਮਿਸ਼ਨਰ ਨੇ ਕਿਹਾ ਕਿ ਹਰਦੀਪ ਸਿੰਘ ਦੀ ਪਤਨੀ ਅਮਨ ਰੋਜ਼ੀ ਨੇ ਵੀ ਡਰੱਗ ਵੰਡਣ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਵਿੱਤੀ ਰਿਕਾਰਡ ਦਾ ਧਿਆਨ ਰੱਖਿਆ। ਉਨ੍ਹਾਂ ਕਿਹਾ ਕਿ ਪੁਲਸ ਨੇ ਈਰਾਨ, ਅਫਗਾਨਿਸਤਾਨ, ਤੁਰਕੀ, ਪਾਕਿਸਤਾਨ ਅਤੇ ਕੈਨੇਡਾ ਦੇ ਨਾਲ-ਨਾਲ ਜੰਮੂ-ਕਸ਼ਮੀਰ ਅਤੇ ਗੁਜਰਾਤ ਵਿੱਚ ਕਾਰਜਸ਼ੀਲ ਰਹੇ ਇਸ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਸ ਵਿਆਪਕ ਨੈੱਟਵਰਕ ਦੇ ਕਿੰਗਪਿਨ ਨਵਪ੍ਰੀਤ ਸਿੰਘ ਉਰਫ਼ ਨਵ ਨੂੰ ਫੜਨ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ।

## ਦੋ ਹਵਾਈ ਅੱਡਿਆਂ 'ਤੇ ਬੰਬ ਦੀ ਧਮਕੀ

**ਨਵੀਂ ਦਿੱਲੀ** : ਸੋਮਵਾਰ ਦੋ ਵੱਡੇ ਹਵਾਈ ਅੱਡਿਆਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਈ-ਮੇਲ ਰਾਹੀਂ ਦਾਅਵਾ ਕੀਤਾ ਗਿਆ ਕਿ ਜੈਪੁਰ ਅਤੇ ਗੋਆ ਹਵਾਈ ਅੱਡਿਆਂ 'ਤੇ ਬੰਬ ਲਗਾਏ ਗਏ ਸਨ। ਇਸਤੋਂ ਬਾਅਦ ਸੁਰੱਖਿਆ ਬਲਾਂ ਨੂੰ ਚੌਕਸ ਕਰ ਦਿੱਤਾ ਗਿਆ। ਸਾਰੇ ਹਵਾਈ ਅੱਡਿਆਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਜੈਪੁਰ ਹਵਾਈ ਅੱਡੇ 'ਤੇ ਸੁਰੱਖਿਆ ਏਜੰਸੀਆਂ ਨੇ ਸਾਂਝੇ ਤੌਰ 'ਤੇ ਪੂਰੀ ਜਾਂਚ ਕੀਤੀ ਪਰ ਕੁਝ ਵੀ ਸ਼ੱਕੀ ਚੀਜ਼ ਨਹੀਂ ਮਿਲੀ ਉਨ੍ਹਾਂ ਇਸੇ ਤਰ੍ਹਾਂ ਦੀ ਧਮਕੀ 26 ਅਪ੍ਰੈਲ ਨੂੰ ਵੀ ਮਿਲੀ ਸੀ। ਭੇਜਣ ਵਾਲੇ ਦੀ ਪਛਾਣ ਕਰਨ ਅਤੇ ਉਸ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਦੱਖਣੀ ਗੋਆ ਦੇ ਦਾਬੋਲਿਮ ਹਵਾਈ ਅੱਡੇ 'ਤੇ ਬੰਬ ਹੋਣ ਦੀ ਧਮਕੀ ਈਮੇਲ ਨਾਲ ਮਿਲੀ। ਪਰ ਕੋਈ ਸ਼ੱਕੀ ਚੀਜ਼ ਨਹੀਂ ਮਿਲੀ।

## ਨੈੱਟ ਪ੍ਰੀਖਿਆ ਹੁਣ 18 ਜੂਨ ਨੂੰ




**ਨਵੀਂ ਦਿੱਲੀ** : ਯੂ ਪੀ ਐੱਸ ਸੀ ਦੀ ਮੁੱਢਲੀ ਪ੍ਰੀਖਿਆ ਨੂੰ ਧਿਆਨ 'ਚ ਰੱਖਦਿਆਂ ਯੂ ਜੀ ਸੀ ਕੌਮੀ ਯੋਗਤਾ ਪ੍ਰੀਖਿਆ (ਨੈੱਟ) ਦੀ ਤਰੀਕ ਬਦਲ ਦਿੱਤੀ ਗਈ ਹੈ ਤੇ ਇਹ ਹੁਣ 18 ਜੂਨ ਨੂੰ ਹੋਵੇਗੀ।

ਯੂ ਜੀ ਸੀ ਦੇ ਚੇਅਰਮੈਨ ਜਗਦੀਸ਼ ਕੁਮਾਰ ਨੇ ਸੋਮਵਾਰ ਇਸ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਪਹਿਲਾਂ ਪ੍ਰੀਖਿਆ 16 ਜੂਨ ਨੂੰ ਹੋਣੀ ਸੀ। ਨੈਸ਼ਨਲ ਟੈਸਟਿੰਗ ਏਜੰਸੀ ਅਤੇ ਯੂ ਜੀ ਸੀ ਨੇ ਪ੍ਰੀਖਿਆ ਬਾਰੇ ਉਮੀਦਵਾਰਾਂ ਤੋਂ ਪ੍ਰਾਪਤ ਸੁਝਾਅ ਕਾਰਨ ਯੂ ਜੀ ਸੀ-ਨੈੱਟ ਨੂੰ 16 ਜੂਨ (ਐਤਵਾਰ) ਤੋਂ 18 ਜੂਨ 2024 (ਮੰਗਲਵਾਰ) ਲੈਣ ਦਾ ਫੈਸਲਾ ਕੀਤਾ ਹੈ।

## ਰੁਪਈਏ ਦੀ ਤਬੀਅਤ ਵਿਗੜੀ

**ਨਵੀਂ ਦਿੱਲੀ** : ਮਨਮੋਹਨ ਸਿੰਘ ਦੇ ਰਾਜ ਵੇਲੇ ਰੁਪਏ ਦੀ ਡਾਲਰ ਦੇ ਮੁਕਾਬਲੇ ਕਦਰ-ਘਟਾਈ ਦੀ ਨਰਿੰਦਰ ਮੋਦੀ ਤੇ ਹੋਰ ਭਾਜਪਾ ਆਗੂ ਬਹੁਤ ਚਰਚਾ ਕਰਦੇ ਸਨ, ਪਰ ਅੱਜ ਹਾਲਾਤ ਕੀ ਹਨ? ਰੁਪਈਆ ਸੋਮਵਾਰ 10 ਪੈਸੇ ਘਿਸ ਗਿਆ ਤੇ ਅਮਰੀਕੀ ਡਾਲਰ 83 ਰੁਪਏ 48 ਪੈਸੇ ਦਾ ਹੋ ਗਿਆ।

## ਕਸ਼ਮੀਰ ਨਾਲ ਸੜਕੀ ਸੰਪਰਕ ਟੁੱਟਿਆ

**ਜੰਮੂ** : ਜੰਮੂ-ਕਸ਼ਮੀਰ ਦੇ ਕਈ ਹਿੱਸਿਆਂ ਵਿਚ ਐਤਵਾਰ ਸਾਰੀ ਰਾਤ ਹੋਈ ਬਾਰਸ਼ ਤੋਂ ਬਾਅਦ ਢਿੱਗਾਂ ਡਿੱਗਣ ਦੀਆਂ ਕਈ ਘਟਨਾਵਾਂ ਦੇ ਮੱਦੇਨਜ਼ਰ ਸੋਮਵਾਰ ਜੰਮੂ-ਸ੍ਰੀਨਗਰ ਰਾਸ਼ਟਰੀ ਰਾਜਮਾਰਗ ਨੂੰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ। ਰਾਮਬਨ ਜ਼ਿਲ੍ਹੇ ਦੇ ਮੇਹਰ, ਗੰਗਰੂ, ਮੋਮ ਪਾਸੀ ਅਤੇ ਕਿਸ਼ਤਵਾੜੀ ਪਾਥੇਰ 'ਚ ਢਿੱਗਾਂ ਡਿੱਗਣ ਕਾਰਨ ਕਸ਼ਮੀਰ ਦਾ ਬਾਕੀ ਦੇਸ਼ ਨਾਲੋਂ ਸੜਕੀ ਸੰਪਰਕ ਟੁੱਟ ਗਿਆ। ਲਗਾਤਾਰ ਬਰਸਾਤ ਕਾਰਨ ਮੁਰੰਮਤ ਦਾ ਕੰਮ ਨਹੀਂ ਹੋ ਰਿਹਾ। ਅਧਿਕਾਰੀਆਂ ਨੇ ਲੋਕਾਂ ਨੂੰ ਕਿਹਾ ਹੈ ਕਿ ਉਹ ਪ੍ਰੇਸ਼ਾਨੀ ਤੋਂ ਬਚਣ ਲਈ ਇਸ ਰਾਹ ਤੋਂ ਨਾ ਗੁਜ਼ਰਨ।

## ਕਾਂਗਰਸੀ ਬਮ ਫੋਕਾ ਨਿਕਲਿਆ

**ਇੰਦੌਰ** : ਮੱਧ ਪ੍ਰਦੇਸ਼ ਦੀ ਇੰਦੌਰ ਲੋਕ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਅਕਸ਼ੈ ਕਾਂਤੀ ਬਮ ਨੇ ਸੋਮਵਾਰ ਆਪਣੀ ਨਾਮਜ਼ਦਗੀ ਵਾਪਸ ਲੈ ਕੇ ਪਾਰਟੀ ਨੂੰ ਵੱਡਾ ਝਟਕਾ ਦਿੱਤਾ। ਰਾਜ ਦੇ ਕੈਬਨਿਟ ਮੰਤਰੀ ਕੈਲਾਸ਼ ਵਿਜੇਵਰਗੀਆ ਨੇ ਆਪਣੇ ਐਕਸ ਅਕਾਊਂਟ 'ਤੇ ਤਸਵੀਰ ਪੋਸਟ ਕੀਤੀ, ਜਿਸ 'ਚ ਬਮ ਉਨ੍ਹਾ ਨਾਲ ਕਾਰ 'ਚ ਬੈਠੇ ਹਨ। ਭਾਜਪਾ ਦੇ ਗੜ੍ਹ ਇੰਦੌਰ 'ਚ ਕਾਂਗਰਸ ਨੇ ਨਵੇਂ ਆਏ ਬਮ (45) ਨੂੰ ਆਪਣਾ ਉਮੀਦਵਾਰ ਬਣਾਇਆ ਸੀ। ਇਸ ਤੋਂ ਪਹਿਲਾਂ ਉਸ ਨੇ ਕਦੇ ਚੋਣ ਨਹੀਂ ਸੀ ਲੜੀ।

## ਦਹਿਸ਼ਤਗਰਦਾਂ ਦੀ ਵਿਆਪਕ ਭਾਲ

**ਊਧਮਪੁਰ** : ਜੰਮੂ-ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਦੇ ਬਸੰਤਗੜ੍ਹ ਦੇ ਸੰਘਣੇ ਜੰਗਲਾਂ 'ਚ ਦਹਿਸ਼ਤਗਰਦਾਂ ਦੇ ਦੋ ਗਰੁੱਪਾਂ ਨੂੰ ਨੱਪਣ ਲਈ ਵਿਆਪਕ ਤਲਾਸ਼ੀ ਮੁਹਿੰਮ ਸੋਮਵਾਰ ਦੂਜੇ ਦਿਨ ਵੀ ਜਾਰੀ ਰਹੀ। ਐਤਵਾਰ ਤੜਕੇ ਚੋਚਰੂ ਗਾਲਾ ਹਾਈਟਸ ਦੇ ਦੂਰ-ਦੁਰਾਡੇ ਪਿੰਡ ਪਨਾਰਾ 'ਚ ਦਹਿਸ਼ਤਗਰਦਾਂ ਨਾਲ ਮੁਕਾਬਲੇ 'ਚ ਪੇਂਡੂ ਰੱਖਿਆ ਗਾਰਡ ਮਾਰਿਆ ਗਿਆ ਸੀ।

## ਪਤਨੀ ਕੇਜਰੀਵਾਲ ਨੂੰ ਮਿਲੀ

**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਅਤੇ ਕੈਬਨਿਟ ਮੰਤਰੀ ਆਤਿਸ਼ੀ ਨੇ ਸੋਮਵਾਰ ਤਿਹਾੜ ਜੇਲ੍ਹ 'ਚ ਉਨ੍ਹਾ ਨਾਲ ਮੁਲਾਕਾਤ ਕੀਤੀ। ਆਤਿਸ਼ੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੁੱਖ ਮੰਤਰੀ ਨੂੰ ਉਨ੍ਹਾ ਦੀ ਸਿਹਤ ਬਾਰੇ ਪੁੱਛਿਆ ਗਿਆ ਸੀ ਪਰ ਉਨ੍ਹਾ ਇਸ ਸੁਆਲ ਦੀ ਪ੍ਰਵਾਹ ਕੀਤੇ ਬਗੈਰ ਉਲਟਾ ਸਵਾਲ ਕੀਤਾ ਕਿ ਕੀ ਸਕੂਲੀ ਬੱਚਿਆਂ ਨੂੰ ਕਿਤਾਬਾਂ ਮਿਲ ਰਹੀਆਂ ਹਨ ਅਤੇ ਕੀ ਦਵਾਈਆਂ ਮੁਹੱਲਾ ਕਲੀਨਿਕਾਂ ਨੂੰ ਸਪਲਾਈ ਕੀਤੀਆਂ ਜਾ ਰਹੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਮੰਗਲਵਾਰ ਨੂੰ ਕੇਜਰੀਵਾਲ ਨਾਲ ਮੁਲਾਕਾਤ ਕਰਨਗੇ।

## ਕੀਨੀਆ 'ਚ ਡੈਮ ਟੁੱਟਿਆ

**ਨੈਰੋਬੀ** : ਦੱਖਣੀ ਕੀਨੀਆ 'ਚ ਡੈਮ ਟੁੱਟਣ ਕਾਰਨ 40 ਵਿਅਕਤੀਆਂ ਦੀ ਮੌਤ ਹੋ ਗਈ, ਜਦੋਂ ਕਿ ਦਰਜਨਾਂ ਲੋਕ ਲਾਪਤਾ ਹੋ ਗਏ ਹਨ। ਦੇਸ਼ ਹਫਤਿਆਂ ਤੋਂ ਭਾਰੀ ਮੀਂਹ ਅਤੇ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਿਹਾ ਹੈ। ਬਚਾਅ ਟੀਮਾਂ ਕੀਨੀਆ ਦੇ ਨਾਕੁਰੂ ਕਾਉਂਟੀ 'ਚ ਮਾਈ ਮਾਹੀਉ ਦੇ ਨੇੜੇ ਬਚੇ ਹੋਏ ਲੋਕਾਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੀਆਂ ਹਨ।

# ਚੋਣ ਬਾਂਡ ਘਪਲੇ 'ਚ ਸ਼ਾਮਲ ਆਗੂਆਂ ਤੇ ਅਫਸਰਾਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ : ਪ੍ਰਸ਼ਾਂਤ ਭੂਸ਼ਣ

**ਚੰਡੀਗੜ੍ਹ** : ਸੁਪਰੀਮ ਕੋਰਟ ਦੇ ਵਕੀਲ ਅਤੇ ਸਮਾਜੀ ਕਾਰਕੁੰਨ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਹੈ ਕਿ ਸਿਆਸੀ ਪਾਰਟੀਆਂ ਦੇ ਅਹੁਦੇਦਾਰਾਂ ਅਤੇ ਸੀ ਬੀ ਆਈ, ਈ ਡੀ ਤੇ ਆਮਦਨ ਕਰ ਮਹਿਕਮੇ ਦੇ ਅਫਸਰਾਂ ਦੀ ਚੋਣ ਬਾਂਡ ਘਪਲੇ 'ਚ ਸ਼ਾਮਲ ਹੋਣ ਕਰਕੇ, ਉਨ੍ਹਾਂ ਦੀ ਜਵਾਬਦੇਹੀ ਨਿਰਧਾਰਤ ਕੀਤੀ ਜਾਵੇ ਤੇ ਬਣਦੀ ਸਜ਼ਾ ਦਿੱਤੀ ਜਾਵੇ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਕੈਂਪਸ ਵਿੱਚ 'ਚੋਣ ਬਾਂਡ : ਜਮਹੂਰੀਅਤ ਨੂੰ ਵੰਗਾਰ' ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ 'ਚ ਭੂਸ਼ਣ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਜੱਜ ਦੀ ਦੇਖ-ਰੇਖ ਹੇਠ ਇਕ ਸਪੈਸ਼ਲ ਪੜਤਾਲੀਆ ਟੀਮ (ਐੱਸ ਆਈ ਟੀ) ਦਾ ਗਠਨ ਕੀਤਾ ਜਾਵੇ, ਜੋ ਦੁਨੀਆ ਦੇ ਵੱਡੇ ਸਰਕਾਰੀ ਘਪਲੇ 'ਚ ਸ਼ਾਮਲ ਸਰਕਾਰੀ/ਗ਼ੈਰ ਸਰਕਾਰੀ ਵਿਅਕਤੀਆਂ ਦੀ ਸ਼ਮੂਲੀਅਤ ਬਾਰੇ ਜਾਂਚ ਕਰੇ ਅਤੇ ਉਨ੍ਹਾਂ ਦੇ ਨਾਵਾਂ ਦੀ ਲਿਸਟ ਜਾਰੀ ਕਰੇ। ਮਿਸਾਲ ਵਜੋਂ, ਉਨ੍ਹਾ ਕਿਹਾ ਕਿ ਗੁਜਰਾਤ ਦੀ ਇਕ ਦਵਾਈਆਂ ਦੀ ਕੰਪਨੀ ਨੇ ਚੋਣ ਬਾਂਡ ਰਾਹੀਂ ਸਰਕਾਰ ਨੂੰ ਰਿਸ਼ਵਤ ਦੇ ਕੇ, ਕੋਵਿਡ ਮਹਾਮਾਰੀ ਦੀ ਦਵਾਈ ਤਿਆਰ ਕਰਨ ਅਤੇ ਦੇਸ਼ 'ਚ ਸਪਲਾਈ ਕਰਨ ਦੀ ਇਜਾਜ਼ਤ ਲੈ ਲਈ। ਬਾਅਦ 'ਚ ਮਿਲੇ ਸਬੂਤਾਂ ਅਨੁਸਾਰ ਉਸ ਕੰਪਨੀ ਦੀ ਦਵਾਈ ਜਾਅਲੀ ਹੋਣ ਕਰਕੇ, ਕਈ ਮਰੀਜ਼ਾਂ ਦਾ ਨੁਕਸਾਨ ਹੋਇਆ ਅਤੇ ਕਈਆਂ ਦੀ ਮੌਤ ਹੋ ਗਈ। ਉਨ੍ਹਾ ਕਿਹਾ—ਕੀ ਪੈਸੇ ਕਮਾਉਣ ਲਈ, ਮਨੁੱਖੀ ਜਾਨਾਂ ਲੈਣ ਵਾਲੀ ਕੰਪਨੀ ਅਤੇ ਉਸਨੂੰ ਪਰਮਿਟ ਦਿਵਾਉਣ ਵਾਲੇ ਸਰਕਾਰੀ ਅਫਸਰਾਂ/ਸਿਆਸੀ ਲੀਡਰਾਂ ਨੂੰ ਸਜ਼ਾ ਨਹੀਂ ਹੋਣੀ ਚਾਹੀਦੀ?

ਭੂਸ਼ਣ ਨੇ ਕਿਹਾ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੇ ਤਕਰੀਬਨ 1000 ਕਰੋੜ ਰੁਪਏ ਦੇ ਚੋਣ ਬਾਂਡ ਖਰੀਦੇ ਅਤੇ ਘਟੀਆ ਦਵਾਈਆਂ ਕੋਰੋਨਾ ਮਹਾਮਾਰੀ ਸਮੇਂ ਵੇਚੀਆਂ। ਰਿਸ਼ਵਤ ਦੇਣ ਪਿੱਛੋਂ, ਇਨ੍ਹਾਂ ਕੰਪਨੀਆਂ ਨੂੰ ਟੈਕਸ ਚੋਰੀ ਅਤੇ ਹੋਰ ਹੇਰਾਂ-ਫੇਰੀ ਦੀਆਂ ਸ਼ਿਕਾਇਤਾਂ ਤੋਂ ਬਰੀ ਕਰ ਦਿੱਤਾ ਗਿਆ। ਫਿਰ ਇਨ੍ਹਾਂ ਨੇ ਦਵਾਈ ਦੀ ਗੁਣਵੱਤਾ ਅਤੇ ਸੁਰੱਖਿਆਂ ਮਾਪਦੰਡਾਂ ਦੀਆਂ ਧੱਜੀਆਂ ਉਡਾ ਕੇ ਲੋਕਾਂ ਦੀ ਜਾਨਾਂ ਛਿੱਕੇ ਟੰਗ ਦਿੱਤੀਆਂ। ਜ਼ੋਡੀਐਕ ਕੈਡੀਲੈਕ ਅਤੇ ਹੀਟਰ ਡਰੱਗਜ਼ ਵਰਗੀਆਂ ਅਜਿਹੀਆਂ ਕਈ ਦਵਾਈਆਂ ਦੀਆਂ ਕੰਪਨੀਆਂ ਨੇ ਆਪਣੇ ਹੱਥ ਰੰਗ ਲਏ।

'ਕਾਮਨ ਕਾਜ਼' ਗ਼ੈਰ ਸਰਕਾਰੀ ਸੰਸਥਾ ਦੀ ਪ੍ਰਤੀਨਿਧ ਮਿਸ ਅੰਜਲੀ ਭਾਰਦਵਾਜ ਨੇ ਕਿਹਾ, ਕਈ ਘਾਟੇ ਵਾਲੀਆਂ ਕੰਪਨੀਆਂ ਨੇ ਚੋਣ ਬਾਂਡ ਖਰੀਦ ਕੇ 5 ਲੱਖ ਕਰੋੜ ਦੇ ਸਰਕਾਰੀ ਠੇਕੇ ਵੀ ਪ੍ਰਾਪਤ ਕਰ ਲਏ। ਇਕ ਟੈਲੀਕਾਮ ਕੰਪਨੀ ਨੇ ਚੋਣ ਬਾਂਡ ਰਾਹੀਂ ਰਿਸ਼ਵਤ ਦੇ ਕੇ, ਸਪੈਕਟਰਮ ਨੂੰ ਨਿਲਾਮ ਕਰਨ ਦੀਆਂ ਸ਼ਰਤਾਂ ਹੀ ਬਦਲਾ ਲਈਆਂ। ਚੋਣ ਬਾਂਡ ਇਕ ਵੱਡਾ ਸਰਕਾਰੀ ਘਪਲਾ ਸੀ, ਜਿਸ ਰਾਹੀਂ ਕੰਪਨੀਆਂ ਦੀ ਸਰਕਾਰ ਵੱਲੋਂ ਸਿੱਧੀ ਮੱਦਦ ਕੀਤੀ ਗਈ ਅਤੇ ਉਨ੍ਹਾਂ ਕੰਪਨੀਆਂ ਦੇ ਸਰਮਾਏ ਕੁੱਝ ਹੀ ਸਮੇਂ ਵਿੱਚ ਤਿੰਨ-ਚਾਰ ਗੁਣਾ ਵਧ ਗਏ। ਪ੍ਰਸ਼ਾਂਤ ਭੂਸ਼ਣ ਅਤੇ 'ਕਾਮਨ ਕਾਜ਼' ਸੰਸਥਾ ਨੇ ਚੋਣ ਬਾਂਡ ਦਾ ਕੇਸ ਸੁਪਰੀਮ ਕੋਰਟ 'ਚ ਲੜਿਆ। ਸੁਪਰੀਮ ਕੋਰਟ ਨੇ 15 ਫਰਵਰੀ ਨੂੰ ਚੋਣ ਬਾਂਡ ਨੂੰ ਗ਼ੈਰ-ਕਾਨੂੰਨੀ ਤੇ ਲੋਕਾਂ ਨਾਲ ਹੇਰਾ-ਫੇਰੀ ਦੀ ਸਕੀਮ ਦੱਸ ਕੇ ਬੰਦ ਕਰ ਦਿੱਤਾ ਸੀ। ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਰਾਜਿੰਦਰ ਸਿੰਘ ਚੀਮਾ ਨੇ ਕਿਹਾ ਕਿ 1947 'ਚ ਭਾਰਤ ਨੂੰ ਸਿਰਫ ਸਿਆਸੀ ਆਜ਼ਾਦੀ ਮਿਲੀ ਸੀ। ਜਮਹੂਰੀਅਤ ਦਾ ਅਮਲ ਉਸ ਸਮੇਂ ਹੀ ਸ਼ੁਰੂ ਹੋਇਆ, ਜਿਹੜਾ ਅਜੇ ਅਧੂਰਾ ਹੀ ਹੈ। ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ 75 ਸਾਲਾਂ ਬਾਅਦ ਵੀ ਸਾਡਾ ਲੋਕਤੰਤਰ ਅਜੇ ਬੱਚਿਆਂ ਵਾਂਗ ਪੁਲਾਂਘਾਂ ਭਰ ਰਿਹਾ ਹੈ, ਜਿਸ ਕਰਕੇ, ਕਿਸੇ ਡਿਕਟੇਟਰ ਵੱਲੋਂ ਰਾਜ ਭਾਗ ਉੱਤੇ ਕਬਜ਼ਾ ਕਰ ਲੈਣ ਦਾ ਖਤਰਾ ਲਗਾਤਾਰ ਬਣਿਆ ਹੋਇਆ ਹੈ। ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ 1947 'ਚ ਸਿਰਫ ਰਾਜਸੱਤਾ ਦਾ ਪਰਿਵਰਤਨ ਹੀ ਹੋਇਆ ਸੀ, ਜਿਸ ਕਰਕੇ, ਪੈਸੇ, ਜਾਇਦਾਦ ਵਾਲੇ ਵਿਅਕਤੀ ਜਮਹੂਰੀਅਤ ਨੂੰ ਪਰਿਵਾਰਵਾਦ 'ਚ ਬਦਲਣ 'ਚ ਕਾਮਯਾਬ ਹੋ ਗਏ। ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ ਰਣਜੀਤ ਸਿੰਘ ਨੇ ਚੋਣ ਦੇ ਮਹਿੰਗੇ ਹੋਣ ਦੀ ਪ੍ਰਕਿਰਿਆ ਦੀ ਆਲੋਚਨਾ ਕੀਤੀ ਤੇ ਕਿਹਾ ਕਿ ਚੋਣ ਸਰਕਾਰੀ ਖਰਚੇ ਉੱਤੇ ਹੀ ਹੋਣੀ ਚਾਹੀਦੀ ਹੈ।

ਹਾਈ ਕੋਰਟ ਦੇ ਸੀਨੀਅਰ ਵਕੀਲ ਆਰ ਐੱਸ ਬੈਂਸ ਨੇ ਕਿਹਾ ਕਿ ਚੋਣ ਪ੍ਰਕਿਰਿਆ ਪਾਰਦਰਸ਼ਕ ਤੇ ਅਨੁਪਾਤਕ-ਵਿਧੀ ਵਾਲੀ ਹੋਣੀ ਚਾਹੀਦੀ ਹੈ। ਸੈਮੀਨਾਰ 'ਚ ਡਾ. ਪਿਆਰਾ ਲਾਲ ਗਰਗ, ਗੁਰਪ੍ਰੀਤ ਸਿੰਘ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਪ੍ਰੋਫੈਸਰ ਸ਼ਾਮ ਸਿੰਘ ਤੋਂ ਇਲਾਵਾ ਕਈ ਨਾਮਵਰ ਚਿੰਤਕ ਸ਼ਾਮਲ ਹੋਏ। ਸੈਮੀਨਾਰ ਨੂੰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਨਾਲ 'ਸਿਟੀਜ਼ਨ ਅਗੇਨਸਟ ਡੀਵਾਈਡ' ਅਤੇ ਸਿਵਲ ਸੁਸਾਇਟੀ ਚੰਡੀਗੜ੍ਹ ਨੇ ਸਾਂਝੇ ਤੌਰ 'ਤੇ ਆਯੋਜਤ ਕੀਤਾ।

## ਨੀਟ ਦੀ ਤਿਆਰੀ ਕਰ ਰਹੇ ਨੌਜਵਾਨ ਦੀ ਲਾਸ਼ ਮਿਲੀ

**ਕੋਟਾ** : ਸ਼ਹਿਰ ਦੇ ਕੁਨਹਾਰੀ ਇਲਾਕੇ 'ਚ ਲੈਂਡਮਾਰਕ ਸਿਟੀ ਦੇ ਹੋਸਟਲ 'ਚ 20 ਸਾਲਾ ਐੱਨ ਈ ਈ ਟੀ (ਨੀਟ) ਪ੍ਰੀਖਿਆਰਥੀ ਦੀ ਲਾਸ਼ ਛੱਤ ਵਾਲੇ ਪੱਖੇ ਨਾਲ ਲਟਕਦੀ ਮਿਲੀ। ਮਾਪਿਆਂ ਨੂੰ ਸ਼ੱਕ ਹੈ ਕਿ ਉਸ ਦੀ ਹੱਤਿਆ ਕੀਤੀ ਗਈ ਹੈ। ਇਸ ਸਾਲ ਹੁਣ ਤੱਕ ਇਸ ਕੋਚਿੰਗ ਹੱਬ 'ਚ ਨੀਟ ਤੇ ਜੇ ਈ ਈ ਪ੍ਰੀਖਿਆਰਥੀਆਂ ਵੱਲੋਂ ਕਥਿਤ ਖੁਦਕੁਸ਼ੀਆਂ ਦਾ ਇਹ ਸੱਤਵਾਂ ਮਾਮਲਾ ਹੈ। ਪੁਲਸ ਨੇ ਦੱਸਿਆ ਕਿ ਸੁਮਿਤ ਪੰਚਾਲ ਹਰਿਆਣਾ ਦੇ ਰੋਹਤਕ ਦਾ ਰਹਿਣ ਵਾਲਾ ਸੀ ਅਤੇ ਇੱਕ ਸਾਲ ਤੋਂ ਇੱਥੇ ਕੋਚਿੰਗ ਇੰਸਟੀਚਿਊਟ 'ਚ ਨੀਟ ਦੀ ਤਿਆਰੀ ਕਰ ਰਿਹਾ ਸੀ। ਉਸ ਦੇ ਮਾਪਿਆਂ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਕਤਲ ਦਾ ਕੇਸ ਦਰਜ ਕਰਨ ਅਤੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਬੀਤੇ ਸਾਲ ਕੋਟਾ 'ਚ ਰਿਕਾਰਡ 26 ਵਿਦਿਆਰਥੀਆਂ ਨੇ ਖੁਦਕੁਸ਼ੀਆਂ ਕੀਤੀਆਂ ਸਨ।



## ਬੱਚਾ ਬਚਾਅ ਲਿਆ

**ਚੇਨਈ** : ਇੱਥੋਂ ਦੀ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ 'ਚ ਅਵਾੜੀ ਖੇਤਰ 'ਚ ਇੱਕ ਅਪਾਰਟਮੈਂਟ ਕੰਪਲੈਕਸ 'ਚ ਅੱਠ ਮਹੀਨਿਆਂ ਦਾ ਬੱਚਾ ਬਾਲਕੋਨੀ ਤੋਂ ਡਿੱਗਦਾ ਦਿਖਾਈ ਦੇ ਰਿਹਾ ਹੈ। ਅਪਾਰਟਮੈਂਟ ਦੇ ਸਾਰੇ ਵਸਨੀਕਾਂ ਨੇ ਇਕੱਠੇ ਹੋ ਕੇ ਬੱਚੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਅਤੇ ਕਾਫੀ ਕੋਸ਼ਿਸ਼ਾਂ ਤੋਂ ਬਾਅਦ ਬੱਚੇ ਨੂੰ ਬਚਾਇਆ ਗਿਆ। ਵੀਡੀਓ 'ਚ ਤਿੰਨ ਆਦਮੀ ਬੱਚੇ ਨੂੰ ਫੜਨ ਲਈ ਪਹਿਲੀ ਮੰਜ਼ਲ ਦੀ ਖਿੜਕੀ ਵਿੱਚੋਂ ਚੜ੍ਹਨ ਦੀ ਕੋਸ਼ਿਸ਼ ਕਰਦੇ ਹਨ। ਲੋਕਾਂ ਦਾ ਇੱਕ ਸਮੂਹ ਉਸ ਨੂੰ ਫੜਨ ਲਈ ਖਿੜਕੀ ਦੇ ਬਿਲਕੁਲ ਹੇਠਾਂ ਚਾਦਰ ਨਾਲ ਖੜ੍ਹਾ ਹੈ। ਬੱਚੇ ਨੂੰ ਸੱਟ ਲੱਗਣ ਤੋਂ ਬਚਾਉਣ ਲਈ ਸਾਰਿਆਂ ਨੇ ਚਾਦਰ ਦੇ ਹੇਠਾਂ ਗੱਦਾ ਰੱਖਿਆ ਹੋਇਆ ਸੀ।

## ਹਾਦਸੇ 'ਚ ਪਤੀ ਦੀ ਮੌਤ, ਪਤਨੀ ਜ਼ਖ਼ਮੀ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਕੌਮੀ ਮਾਰਗ 'ਤੇ ਸਥਿਤ ਪਿੰਡ ਸੱਦਾ ਚੱਕ ਨਜ਼ਦੀਕ ਨਵਵਿਆਹੇ ਜੋੜੇ ਦੇ ਮੋਟਰਸਾਈਕਲ ਵਿੱਚ ਟਰੱਕ ਵੱਜਣ ਨਾਲ ਪਤੀ ਦੀ ਮੌਕੇ 'ਤੇ ਹੀ ਮੌਤ ਅਤੇ ਪਤਨੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਡੀ ਏ ਵੀ ਯੂਨੀਵਰਸਿਟੀ ਦੇ ਸਾਹਮਣੇ ਸੇਹਰਾ ਪੈਲੇਸ ਵਿੱਚ ਭੁਪਿੰਦਰ ਸਿੰਘ ਪ੍ਰੈਂਟੀ ਪੁੱਤਰ ਡਾਕਟਰ ਪਰਮਪਾਲ ਸਿੰਘ ਵਾਸੀ ਭੋਗਪੁਰ ਪਤਨੀ ਦਿਸ਼ਕਾ ਨਾਲ ਜਨਮ ਦਿਨ ਮਨਾ ਕੇ ਵਾਪਸ ਆਪਣੇ ਘਰ ਵਾਪਸ ਆ ਰਿਹਾ ਸੀ ਕਿ ਟਰੱਕ ਨੇ ਸਾਈਡ ਮਾਰ ਦਿੱਤੀ, ਜਿਸ ਕਰਕੇ ਦਿਸ਼ਕਾ ਤਾਂ ਮੋਟਰਸਾਈਕਲ ਤੋਂ ਡਿਗ ਪਈ ਪਰ ਪ੍ਰੈਂਟੀ ਦੀ ਮੋਟਰਸਾਈਕਲ ਸਮੇਤ ਟਰੱਕ ਹੇਠ ਆਉਣ ਨਾਲ ਮੌਕੇ 'ਤੇ ਹੀ ਮੌਤ ਹੋ ਗਈ। ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਟਰੱਕ ਡਰਾਈਵਰ ਸਤਿੰਦਰ ਫਤਿਹੇ ਭੱਟ ਵਾਸੀ ਵਾਡੀਪੁਰਾ ਜੰਮੂ ਕਸ਼ਮੀਰ ਨੂੰ ਗ੍ਰਿਫਤਾਰ ਕਰ ਲਿਆ ਹੈ।

## ਸਿੱਖ ਭਾਈਚਾਰੇ ਦੀ ਰਾਖੀ ਕਰਾਂਗੇ : ਟਰੂਡੋ

**ਓਟਵਾ (ਕੈਨੇਡਾ)** : ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜਦੋਂ ਟੋਰਾਂਟੋ 'ਚ ਸਿੱਖਾਂ ਨੂੰ ਸੰਬੋਧਨ ਕਰਨ ਲਈ ਪੁੱਜੇ ਤਾਂ ਭੀੜ ਵੱਲੋਂ ਜ਼ੋਰਦਾਰ ਖਾਲਿਸਤਾਨ ਪੱਖੀ ਨਾਅਰੇ ਲਾਏ ਗਏ। ਟਰੂਡੋ ਨੇ ਦੇਸ਼ ਦੇ ਸਿੱਖਾਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਹਰ ਕੀਮਤ 'ਤੇ ਉਨ੍ਹਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਦੀ ਰਾਖੀ ਲਈ ਹਮੇਸ਼ਾ ਮੌਜੂਦ ਹੈ। ਉਨ੍ਹਾ ਕਿਹਾ ਕਿ ਵਿਭਿੰਨਤਾ ਕੈਨੇਡਾ ਦੀ ਸਭ ਤੋਂ ਵੱਡੀ ਤਾਕਤ ਹੈ।



ਪ੍ਰਧਾਨ ਮੰਤਰੀ ਨੇ ਟੋਰਾਂਟੋ 'ਚ ਖਾਲਸਾ ਦਿਵਸ ਸਮਾਰੋਹ ਦੌਰਾਨ ਕਿਹਾ-ਇਸ ਦੇਸ਼ 'ਚ ਸਿੱਖ ਵਿਰਾਸਤ ਦੇ ਲੱਗਭੱਗ 8 ਲੱਖ ਕੈਨੇਡੀਅਨਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਦੀ ਰਾਖੀ ਲਈ ਹਮੇਸ਼ਾ ਮੌਜੂਦ ਰਹਾਂਗੇ ਅਤੇ ਅਸੀਂ ਹਮੇਸ਼ਾ ਨਫਰਤ ਅਤੇ ਵਿਤਕਰੇ ਦੇ ਵਿਰੁੱਧ ਤੁਹਾਡੇ ਭਾਈਚਾਰੇ ਦੀ ਰੱਖਿਆ ਕਰਾਂਗੇ।

## ਅੱਜ-ਨਾਮਾ

ਲਿਸਟ ਕੱਢੀ ਹੈ ਚਹੁੰਆਂ ਦੀ ਕਾਂਗਰਸ ਨੇ,
ਰਾਜਾ ਵੜਿੰਗ ਵੀ ਵਿੱਚੇ ਆ ਦਰਜ ਬੇਲੀ।
ਹਾਈ ਕਮਾਨ ਦਾ ਮੰਨਿਆ ਕਿਹਾ ਉਸ ਨੇ,
ਰਾਜੇ ਕਿਹਾ ਕਿ ਮੇਰਾ ਇਹ ਫਰਜ਼ ਬੇਲੀ।
ਅਗਲਾ ਸੁੱਖੀ ਰੰਧਾਵੇ ਦਾ ਨਾਂਅ ਆਇਆ,
ਉਹ ਵੀ ਆਖਦਾ ਕੁਝ ਨਹੀਂ ਹਰਜ਼ ਬੇਲੀ।
ਟਿਕਟ ਜ਼ੀਰੇ ਕੁਲਬੀਰ ਨੂੰ ਮਿਲੀ ਅਗਲੀ,
ਵੱਖਰੀ ਹੋਰਨਾਂ ਤੋਂ ਜਿਸ ਦੀ ਤਰਜ਼ ਬੇਲੀ।
ਚੋਣ ਲੜਨ ਤੋਂ ਲਾਂਭੇ ਰਿਹਾ ਇੱਕ ਲੀਡਰ,
ਰਹੇ ਜੋ ਉਲਝਣਾਂ ਤੋਂ ਹਟਵਾਂ ਨਿਤ ਬੇਲੀ।
ਹੋਊ ਹਾਰ ਤਾਂ ਦੱਸਾਂਗੇ ਨੁਕਸ ਗਿਣ ਗਿਣ,
ਲੱਗਿਆ ਦਾਅ ਤੇ ਸਾਡੀ ਆ ਜਿੱਤ ਬੇਲੀ।

-ਤੀਸ ਮਾਰ ਖਾਂ

# ਪਾਰਲੀਮੈਂਟ ਚੋਣਾਂ 'ਚ ਸਰਗਰਮ ਰੋਲ ਅਦਾ ਕਰੇਗੀ ਪੰਜਾਬ ਇਸਤਰੀ ਸਭਾ



**ਲੁਧਿਆਣਾ** : ਪੰਜਾਬ ਇਸਤਰੀ ਸਭਾ ਦੀ ਅਤੀ ਜ਼ਰੂਰੀ ਸੂਬਾ ਕੌਂਸਲ ਮੀਟਿੰਗ ਐਤਵਾਰ ਸੂਬਾ ਪ੍ਰਧਾਨ ਰਜਿੰਦਰਪਾਲ ਕੌਰ ਦੀ ਪ੍ਰਧਾਨਗੀ ਹੇਠ ਈਸੜੂ ਭਵਨ ਲੁਧਿਆਣਾ ਵਿਖੇ ਕੀਤੀ ਗਈ।


ਸੂਬਾ ਸਕੱਤਰ ਨਰਿੰਦਰ ਸੋਹਲ ਨੇ ਪਿਛਲੇ ਕੰਮਾਂ ਬਾਰੇ ਜਾਣਕਾਰੀ ਦਿੰਦਿਆਂ ਜੱਥੇਬੰਦੀ ਵੱਲੋਂ ਕੀਤੀ ਸਰਗਰਮੀ ਉਤੇ ਤਸੱਲੀ ਪ੍ਰਗਟ ਕੀਤੀ। ਉਹਨਾਂ ਅੱਗੇ ਕਿਹਾ ਕਿ ਜੱਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਲਈ ਮੈਂਬਰਸ਼ਿਪ ਮੁਹਿੰਮ ਦੀ ਬਹੁਤ ਲੋੜ ਹੈ। ਪਾਰਲੀਮੈਂਟ ਚੋਣਾਂ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਚੋਣਾਂ ਸਾਡੇ ਲਈ ਬਹੁਤ ਅਹਿਮੀਅਤ ਰੱਖਦੀਆਂ ਹਨ। ਇਹ ਸਾਡਾ ਭਵਿੱਖ ਤਹਿ ਕਰਨਗੀਆਂ। ਇਸ ਲਈ ਸਾਨੂੰ ਅੱਖਾਂ ਬੰਦ ਕਰਕੇ ਵੋਟ ਨਹੀਂ ਪਾਉਣੀ ਚਾਹੀਦੀ, ਸਗੋਂ ਆਪ ਜਾਗਰੂਕ ਹੋਣ ਦੇ ਨਾਲ-ਨਾਲ ਹੋਰ ਭੈਣਾਂ ਨੂੰ ਵੀ ਜਾਗਰੂਕ ਕਰੀਏ।

ਇਸ ਦੌਰਾਨ ਸੂਬਾ ਪ੍ਰਧਾਨ ਰਜਿੰਦਰਪਾਲ ਕੌਰ ਅਤੇ ਸੂਬਾ ਚੇਅਰਪਰਸਨ ਕੁਸ਼ਲ ਭੌਰਾ ਨੇ ਕਿਹਾ ਕਿ ਪਾਰਲੀਮੈਂਟ ਚੋਣਾਂ ਵਿੱਚ ਜੱਥੇਬੰਦੀ ਵੱਲੋਂ ਸਰਗਰਮ ਰੋਲ ਅਦਾ ਕਰਨਾ ਚਾਹੀਦਾ ਹੈ। ਉਹਨਾਂ ਉਮੀਦਵਾਰਾਂ ਨੂੰ ਚੁਣ ਕੇ ਪਾਰਲੀਮੈਂਟ ਵਿੱਚ ਭੇਜਿਆ ਜਾਵੇ, ਜੋ ਆਮ ਲੋਕਾਂ ਦੀ ਆਵਾਜ਼ ਉਠਾਉਣ ਵਾਲੇ ਹੋਣ। ਮੌਜੂਦਾ ਕੇਂਦਰ ਸਰਕਾਰ ਦੇ ਕਾਰਜਕਾਲ ਵਿੱਚ ਔਰਤਾਂ, ਦਲਿਤਾਂ ਤੇ ਮੁਸਲਿਮ ਭਾਈਚਾਰੇ ਉਤੇ ਅੱਤਿਆਚਾਰ ਬਹੁਤ ਵਧੇ ਹਨ। ਇਹ ਸਰਕਾਰ ਨਫ਼ਰਤ ਦੀ ਰਾਜਨੀਤੀ ਕਰ ਰਹੀ ਹੈ, ਜਿਸ ਨੂੰ ਸੱਤਾ ਤੋਂ ਲਾਂਭੇ ਕਰਨਾ ਬਹੁਤ ਜ਼ਰੂਰੀ ਹੈ। ਉਹਨਾਂ ਅੱਗੇ ਕਿਹਾ ਕਿ ਖੱਬੀਆਂ ਪਾਰਟੀਆਂ ਵੱਲੋਂ ਸਾਂਝੇ ਤੌਰ 'ਤੇ ਚੋਣ ਲੜ ਰਹੇ ਉਮੀਦਵਾਰਾਂ ਦੀ ਪੰਜਾਬ ਇਸਤਰੀ ਸਭਾ ਪੂਰੀ ਹਮਾਇਤ ਕਰੇਗੀ।

ਮੀਟਿੰਗ ਵਿੱਚ ਫੌਰੀ ਜ਼ਿਲ੍ਹਾ ਕੌਂਸਲ ਮੀਟਿੰਗਾਂ ਕਰਨ ਅਤੇ ਸੂਬਾ ਪੱਧਰੀ ਸਕੂਲ ਲਗਾਉਣ ਦਾ ਫੈਸਲਾ ਕੀਤਾ ਗਿਆ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਪ੍ਰਵੀਨ ਕੌਰ, ਸ਼ਸ਼ੀ ਸ਼ਰਮਾ, ਜੋਗਿੰਦਰ ਕੌਰ, ਨਸੀਬ ਕੌਰ, ਕਿਰਨ ਵਲਟੋਹਾ, ਤ੍ਰਿਪਤ ਕਾਲੀਆ, ਸੁਦੇਸ਼ ਕੁਮਾਰੀ, ਹਰਜੀਤ ਢੰਡੀਆ, ਅਮਰਜੀਤ ਕੌਰ, ਗੁਰਬਖਸ਼ ਰਾਹੋਂ, ਬਲਜੀਤ ਗਦਾਈਆ, ਬਿੰਦਰ ਕੌਰ, ਕੁਲਵੰਤ ਕੌਰ, ਸੁਰਿੰਦਰ ਕੌਰ, ਭਗਵੰਤ ਕੌਰ, ਦਰਸ਼ਨ ਜ਼ੀਰਵੀ, ਰਵਿੰਦਰ ਕੌਰ, ਹਰਜੋਤ ਕੌਰ, ਮਨਜੀਤ ਕੌਰ ਆਦਿ ਹਾਜ਼ਰ ਸਨ।

## ਮਾਰਕਸ ਦੇ ਜਨਮ ਦਿਹਾੜੇ 'ਤੇ ਵਿਚਾਰ-ਚਰਚਾ 5 ਨੂੰ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਕਾਰਲ ਮਾਰਕਸ ਦੇ 206ਵੇਂ (5 ਮਈ 1818- 5 ਮਈ 2024) ਜਨਮ ਦਿਹਾੜੇ 'ਤੇ ਭਾਈ ਸੰਤੋਖ ਸਿੰਘ 'ਕਿਰਤੀ' ਭਾਸ਼ਣ ਲੜੀ ਤਹਿਤ ਹੋਣ ਵਾਲਾ ਵਿਚਾਰ-ਚਰਚਾ ਸਮਾਗਮ 5 ਮਈ ਦਿਨ ਐਤਵਾਰ ਨੂੰ ਸਵੇਰੇ ਠੀਕ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਕੀਤਾ ਜਾਏਗਾ।



ਇਸ ਵਿਚਾਰ-ਚਰਚਾ ਸਮਾਗਮ 'ਚ ਮੁੱਖ ਵਕਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਪਰਮਿੰਦਰ ਹੋਣਗੇ। ਡਾ. ਪਰਮਿੰਦਰ 'ਅਜੋਕੀ ਸਮਾਜਿਕ ਸਥਿਤੀ 'ਚ ਮਾਰਕਸਵਾਦੀ ਪ੍ਰਸੰਗਕਤਾ ਅਤੇ ਦ੍ਰਿਸ਼ਟੀਕੋਨ' ਵਿਸ਼ੇ 'ਤੇ ਆਪਣਾ ਭਾਸ਼ਣ ਕੇਂਦਰਤ ਕਰਨਗੇ। ਦੇਸ਼ ਭਗਤ ਯਾਦਗਾਰ ਕਮੇਟੀ ਦਾ ਵਿਚਾਰ ਹੈ ਕਿ ਮੁਲਕ ਦੀ ਅਜੋਕੀ ਹਾਲਤ ਅੰਦਰ ਜਦੋਂ ਵਿਗਿਆਨਕ ਸੋਚ ਨੂੰ ਦਰ-ਕਿਨਾਰ ਕਰਕੇ ਗੈਰ-ਵਿਗਿਆਨਕ, ਅੰਧ-ਵਿਸ਼ਵਾਸ ਅਤੇ ਕੂੜ ਦੇ ਅਡੰਬਰ ਖੜ੍ਹੇ ਕੀਤੇ ਜਾ ਰਹੇ ਹਨ, ਅਜਿਹੇ ਮੌਕੇ ਕਾਰਲ ਮਾਰਕਸ ਦੇ ਵਿਗਿਆਨਕ ਫਲਸਫ਼ੇ ਉਪਰ ਸੰਵਾਦ ਕਰਨਾ ਜ਼ਰੂਰੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਦੇ ਅਹੁਦੇਦਾਰਾਂ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਮੁੱਚੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਇਸ ਵਿਚਾਰ-ਚਰਚਾ ਵਿੱਚ ਸ਼ਿਰਕਤ ਕਰਨ ਦੀ ਸਮੂਹ ਚਿੰਤਕਾਂ ਅਤੇ ਲੋਕ ਸਰੋਕਾਰਾਂ ਨਾਲ ਜੁੜੀਆਂ ਸੰਸਥਾਵਾਂ, ਸ਼ਖ਼ਸੀਅਤਾਂ ਨੂੰ ਅਪੀਲ ਕੀਤੀ ਹੈ।

## ਲਾਲਾ ਜਗਤ ਨਰਾਇਣ ਐਜੂਕੇਸ਼ਨ ਕਾਲਜ 'ਚ ਸੈਮੀਨਾਰ



**ਜਲਾਲਾਬਾਦ (ਜੀਤ ਕੁਮਾਰ)**-ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਸਥਿਤ ਲਾਲਾ ਜਗਤ ਨਰਾਇਣ ਐਜੂਕੇਸ਼ਨ ਕਾਲਜ ਵਿੱਚ ਮਿਸ਼ਨ ਸਮਰੱਥ ਦੇ ਅਧੀਨ ਦੋ ਰੋਜ਼ਾ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਈ.ਟੀ.ਟੀ. ਵਿਦਿਆਰਥੀਆਂ ਨੇ ਭਾਗ ਲਿਆ। ਸੈਮੀਨਾਰ ਵਿੱਚ ਰਿਸੋਰਸ ਪਰਸਨ ਅਜਿੰਦਰ ਸਿੰਘ ਐੱਸ. ਐੱਸ. ਮਾਸਟਰ, ਸੋਨੀਆ ਬਜਾਜ ਪੰਜਾਬੀ ਮਿਸਟ੍ਰੈੱਸ, ਕੁਲਵਿੰਦਰ ਸਿੰਘ ਮੈਥ ਮਾਸਟਰ, ਨੀਰਜ ਕੁਮਾਰ ਮੈਥ ਮਾਸਟਰ, ਰਾਜੀਵ ਕੁਮਾਰ ਐੱਸ. ਐੱਸ. ਮਾਸਟਰ ਤੇ ਵਰਿੰਦਰ ਪਾਲ ਪੰਜਾਬੀ ਮਾਸਟਰ ਨੇ ਵਿਦਿਆਰਥੀਆਂ ਨੂੰ ਮਿਸ਼ਨ ਸਮਰੱਥ ਦੇ ਤਹਿਤ ਜਾਗਰੂਕ ਕੀਤਾ। ਕਾਲਜ ਪ੍ਰਿੰਸੀਪਲ ਡਾ. ਰੀਤਿਕਾ ਨੇ ਇਨ੍ਹਾਂ ਸਾਰਿਆਂ ਦਾ ਕਾਲਜ ਪਹੁੰਚਣ 'ਤੇ ਸਵਾਗਤ ਕੀਤਾ ਅਤੇ ਕਿਹਾ ਕਿ ਇਹੋ ਜਿਹੇ ਸੈਮੀਨਾਰ ਭਵਿੱਖ ਦੇ ਅਧਿਆਪਕਾਂ ਨੂੰ ਵੱਡਮੁੱਲੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। ਅੰਤ ਵਿੱਚ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਕਾਲਜ ਦਾ ਸਮੁੱਚਾ ਸਟਾਫ ਮੌਜੂਦ ਸੀ।

## ਸਾਥੀਆਂ ਦੀ ਨਿੱਘੀ ਯਾਦ ਨੂੰ ਸਮਰਪਤ ਫੋਟੋਗ੍ਰਾਫਰ ਐਸੋਸੀਏਸ਼ਨ ਵੱਲੋਂ ਖ਼ੂਨਦਾਨ ਕੈਂਪ



**ਮਲੋਟ (ਗੁਰਮੀਤ ਸਿੰਘ ਮੱਕੜ)**-ਫੋਟੋਗ੍ਰਾਫਰ ਐਸੋਸੀਏਸ਼ਨ ਮਲੋਟ ਵੱਲੋਂ ਨਵੀਂ ਪਹਿਲ ਕਰਦੇ ਹੋਏ ਫੋਟੋਗ੍ਰਾਫੀ ਦੇ ਖੇਤਰ ਨਾਲ ਜੁੜੇ ਸਾਥੀਆਂ ਦੀ ਨਿੱਘੀ ਯਾਦ ਨੂੰ ਸਮਰਪਤ ਪਹਿਲਾ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਫੋਟੋਗ੍ਰਾਫੀ ਦੇ ਖੇਤਰ ਨਾਲ ਜੁੜੇ ਮੈਂਬਰਾਂ ਨੇ ਉਤਸ਼ਾਹ ਨਾਲ ਖ਼ੂਨ ਦਾਨ ਕੀਤਾ। ਇਸ ਮੌਕੇ ਫੋਟੋਗ੍ਰਾਫਰ ਐਸੋਸੀਏਸ਼ਨ ਦੇ ਚੇਅਰਮੈਨ ਜਗਦੀਸ਼ ਵਧਵਾ, ਮੁੱਖ ਸੇਵਾਦਾਰ ਅਨਿਲ ਗੋਦਾਰਾ (ਰਾਮ) ਨੇ ਆਏ ਲੋਕਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਸਾਡੇ ਤੋਂ ਜੋ ਸਾਥੀ ਵਿੱਛੜ ਗਏ ਹਨ, ਉਨ੍ਹਾਂ ਦੀ ਯਾਦ ਹਮੇਸ਼ਾ ਸਾਡੇ ਦਿਲਾਂ ਵਿੱਚ ਰਹੇਗੀ। ਖ਼ੂਨਦਾਨ ਕੈਂਪ ਦੌਰਾਨ ਕਰੀਬ 50 ਲੋਕਾਂ ਨੇ ਖ਼ੂਨ ਦਾਨ ਕੀਤਾ। ਕੈਂਪ ਦੌਰਾਨ ਸਰਕਾਰੀ ਹਸਪਤਾਲ ਦੇ ਕਰਮਚਾਰੀਆਂ ਨੇ ਆਪਣੀ ਡਿਊਟੀ ਨਿਭਾਈ। ਇਸ ਦੌਰਾਨ ਜਿਨ੍ਹਾਂ ਸਾਥੀਆਂ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਾਇਆ ਗਿਆ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਫੋਟੋਗ੍ਰਾਫਰ ਐਸੋਸੀਏਸ਼ਨ ਦੇ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।

## ਜ਼ਿਲ੍ਹੇ 'ਚ ਕਣਕ ਦੀ ਖ਼ਰੀਦ ਤੇ ਚੁਕਾਈ ਦਾ ਕੰਮ ਨਿਰਵਿਘਨ ਜਾਰੀ : ਡੀ ਸੀ




**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ)**-ਜ਼ਿਲ੍ਹੇ ਭਰ ਦੀਆਂ ਅਨਾਜ ਮੰਡੀਆਂ ਵਿੱਚੋਂ ਕਿਸਾਨਾਂ ਦੀ ਕਣਕ ਦੀ ਫ਼ਸਲ ਦੀ ਖ਼ਰੀਦ ਵੱਖ-ਵੱਖ ਖ਼ਰੀਦ ਏਜੰਸੀਆਂ ਦੁਆਰਾ ਸਮੇਂ-ਸਿਰ ਕੀਤੀ ਜਾ ਰਹੀ ਹੈ ਤੇ ਖਰੀਦ ਕੀਤੀ ਗਈ ਕਣਕ ਦੀ ਚੁਕਾਈ ਦਾ ਕੰਮ ਵੀ ਨਿਰਵਿਘਨ ਜਾਰੀ ਹੈ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰ. ਜਸਪ੍ਰੀਤ ਸਿੰਘ ਨੇ ਸਾਂਝੀ ਕੀਤੀ।ਇਸ ਦੌਰਾਨ ਡਿਪਟੀ ਕਮਿਸ਼ਨਰ ਸ੍ਰ. ਜਸਪ੍ਰੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਨਾਜ ਮੰਡੀਆਂ ਵਿੱਚ ਹਰ ਤਰ੍ਹਾਂ ਦੇ ਲੋੜੀਂਦੇ ਪ੍ਰਬੰਧ ਮੁਕੰਮਲ ਕੀਤੇ ਹੋਏ ਹਨ, ਜਿਸ ਕਰਕੇ ਮੰਡੀਆਂ ਵਿੱਚ ਆਪਣੀ ਕਣਕ ਦੀ ਫ਼ਸਲ ਵੇਚਣ ਆ ਰਹੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾ ਰਹੀ।ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਖਰੀਦ ਕੀਤੀ ਗਈ ਕਣਕ ਦੀ ਅਦਾਇਗੀ ਵੀ ਨਾਲੋ-ਨਾਲ ਕੀਤੀ ਜਾ ਰਹੀ ਹੈ।ਉਨ੍ਹਾ ਦੱਸਿਆ ਕਿ 27 ਅਪ੍ਰੈਲ 2024 ਤੱਕ ਖਰੀਦ ਕੀਤੀ ਗਈ ਕਣਕ ਦੀ ਅਦਾਇਗੀ 996.02 ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿੱਚ ਕੀਤੀ ਜਾ ਚੁੱਕੀ ਹੈ, ਜੋ ਕਿ 120.79 ਫ਼ੀਸਦੀ ਬਣਦੀ ਹੈ।

## ਆਈ ਐੱਸ ਐੱਫ ਕਾਲਜ 'ਚ ਪਾਦੁਕਾ ਪੂਜਾ ਤੇ ਧਾਰਮਿਕ ਸਮਾਗਮ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐੱਸ.ਐੱਫ. ਕਾਲਜ ਆਫ ਫਾਰਮੇਸੀ ਵਿਖੇ ਜਗਦ ਗੁਰੂ ਸ਼ੰਕਰਾਚਾਰੀਆ ਸ਼੍ਰੀ ਅਵਿਮੁਕਤੇਸ਼ਰਾ ਨੰਦ ਸਰਸਵਤੀ 1008 ਜੀ ਦੀ ਪਾਦੁਕਾ ਪੂਜਾ ਤੇ ਆਸ਼ੀਰਵਾਦ ਪ੍ਰਵਚਨ ਦਾ ਆਯੋਜਨ ਕੀਤਾ ਗਿਆ। ਆਈ.ਐੱਸ.ਐੱਫ. ਕਾਲਜ ਆਫ਼ ਫਾਰਮੇਸੀ ਸਥਿਤ ਦੁਰਗਾ ਮੰਦਿਰ ਵਿਖੇ ਜਗਦ ਗੁਰੂ ਦੇ ਪੁੱਜਣ 'ਤੇ ਚੇਅਰਮੈਨ ਪ੍ਰਵੀਨ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ. ਜੀ. ਡੀ. ਗੁਪਤਾ, ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਤੇ ਵਿਦਿਆਰਥੀਆਂ ਨੇ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ। ਇਸ ਦੌਰਾਨ ਕਾਲਜ ਦੇ ਮੰਦਰ ਵਿੱਚ ਜਗਦ ਗੁਰੂ ਸ਼ੰਕਰਾਚਾਰੀਆ ਜੀ ਦੀ ਪਾਦੁਕਾ ਦੀ ਪੂਰੀ ਰੀਤੀ-ਰਿਵਾਜਾਂ ਨਾਲ ਪੂਜਾ ਕੀਤੀ ਗਈ। ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ ਨੇ ਪਾਦੁਕਾ ਪੂਜਾ ਕੀਤੀ ਗਈ। ਡਾਇਰੈਕਟਰ ਡਾ. ਜੀ. ਡੀ. ਗੁਪਤਾ ਨੇ ਜਗਦ ਗੁਰੂ ਨੂੰ ਸੰਸਥਾ ਸਬੰਧੀ ਚਾਨਣਾ ਪਾਇਆ। ਇਸ ਮੌਕੇ ਜਗਦ ਗੁਰੂ ਸ਼ੰਕਰਾਚਾਰੀਆ ਨੇ ਸੰਸਥਾ ਦੀ ਤਰੱਕੀ ਦੇਖ ਕੇ ਅਥਾਹ ਖ਼ੁਸ਼ੀ ਪ੍ਰਗਟਾਈ ਤੇ ਸਮੂਹ ਵਿਦਿਆਰਥੀਆਂ, ਸਟਾਫ਼ ਤੇ ਪ੍ਰਬੰਧਕਾਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਮੋਗਾ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਵੀ ਸ਼ਾਮਲ ਸਨ।

## ਸਿਹਤ ਸਕੱਤਰ ਨੇ ਸਿਵਲ ਸਰਜਨਾਂ ਨਾਲ ਕੀਤੀ ਵੀਡੀਓ ਕਾਨਫਰੰਸ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਹਤ ਤੇ ਪਰਵਾਰ ਭਲਾਈ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਸ੍ਰੀ ਅਜੋਏ ਸ਼ਰਮਾ ਆਈ.ਏ.ਐੱਸ ਤੇ ਡਾਇਰੈਕਟਰ, ਸਿਹਤ ਤੇ ਪਰਵਾਰ ਭਲਾਈ ਵਿਭਾਗ ਡਾ. ਹਤਿੰਦਰ ਕੌਰ ਵੱਲੋਂ ਸੂਬੇ ਦੇ ਸਮੂਹ ਸਿਵਲ ਸਰਜਨਾਂ ਨਾਲ ਵੀਡੀਓ ਕਾਨਫਰੰਸ ਦੇ ਜ਼ਰੀਏ ਜ਼ਿਲ੍ਹਿਆਂ ਵਿੱਚ ਅਪ੍ਰੈਲ ਮਹੀਨੇ ਦੌਰਾਨ ਹੋਈਆਂ ਮਾਤਰੀ ਮੌਤਾਂ ਦੀ ਸਮੀਖਿਆ ਕੀਤੀ ਗਈ।ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਸਿਹਤ ਸਕੱਤਰ ਨੂੰ ਜਾਣੂ ਕਰਾਇਆ ਕਿ ਉਨ੍ਹਾਂ ਦੇ ਜ਼ਿਲ੍ਹੇ ਵਿੱਚ ਅਪ੍ਰੈਲ ਮਹੀਨੇ ਦੌਰਾਨ ਕੋਈ ਵੀ ਮਟਰਨਲ ਡੈਥ ਨਹੀਂ ਹੋਈ।ਉਨ੍ਹਾਂ ਸਿਹਤ ਸਕੱਤਰ ਨੂੰ ਜਾਣੂ ਕਰਾਇਆ ਕਿ ਜ਼ਿਲ੍ਹੇ ਅੰਦਰ ਸਾਰੇ ਸਿਹਤ ਪ੍ਰੋਗਰਾਮ ਵਧੀਆ ਤਰੀਕੇ ਨਾਲ ਚਲਾਏ ਜਾ ਰਹੇ ਹਨ ਤੇ ਇਨ੍ਹਾਂ ਪ੍ਰੋਗਰਾਮ ਦਾ ਜਾਇਜ਼ਾ ਲੈਣ ਲਈ ਸਮੇਂ-ਸਮੇਂ 'ਤੇ ਸੀਨੀਅਰ ਮੈਡੀਕਲ ਅਫ਼ਸਰਾਂ ਨਾਲ ਮੀਟਿੰਗ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਪ੍ਰੋਗਰਾਮਾਂ ਦੇ ਨਿਰਧਾਰਤ ਟੀਚੇ ਸਮੇਂ ਸਿਰ ਪ੍ਰਾਪਤ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।ਇਸ ਵਰਚੁਅਲ ਮੀਟਿੰਗ ਦੌਰਾਨ ਸਿਹਤ ਸਕੱਤਰ ਨੇ ਸਮੂਹ ਸਿਵਲ ਸਰਜਨਾਂ ਨੂੰ ਹਦਾਇਤ ਕੀਤੀ ਕਿ ਹਰ ਗਰਭਵਤੀ ਔਰਤ ਦਾ ਔਰਤਾਂ ਦੇ ਮਾਹਰ ਡਾਕਟਰ ਤੋ ਮੁਆਇਨਾ ਕਰਾਉਣ ਦੇ ਨਾਲ ਨਾਲ ਮੈਡੀਕਲ ਸਪੈਸ਼ਲਿਸਟ ਡਾਕਟਰ ਨੂੰ ਵੀ ਚੈੱਕ ਕਰਾਇਆ ਜਾਵੇ ।ਉਨ੍ਹਾਂ ਕਿਹਾ ਕਿ ਹਾਈ ਰਿਸਕ ਕੇਸਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤੇ ਸੂਬੇ ਅੰਦਰੋਂ ਮਾਤਰੀ ਮੌਤਾਂ ਨੂੰ ਰੋਕਣ ਲਈ ਹਰ ਸੰਭਵ ਯਤਨ ਕੀਤੇ ਜਾਣੇ ਯਕੀਨੀ ਬਣਾਏ ਜਾਣ।

## ਸਵੀਪ ਅਧੀਨ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸਨ ਬੀਰ ਕਲਾ ਵਿਖੇ ਸਵੀਪ ਗਤੀਵਿਧੀਆਂ ਅਧੀਨ ਚੋਣਾ ਦੇ ਮੱਦੇਨਜਰ ਵਿਦਆਰਥੀਆ ਨੂੰ ਜਾਗਰੁਕ ਕਰਨ ਲਈ ਗਿਧਾ ਅਤੇ ਬੋਲੀਆ ਕਰਵਾਈਆਂ ਗਈਆ।ਇਸ ਮੋਕੇ ਕਾਲਜ ਦੇ ਪ੍ਰਿੰਸੀਪਲ ਡਾ.ਵੀ ਕੇ ਰਾਏ ਨੇ ਵਿਦਿਆਰਥੀਆ ਅਤੇ ਸਮੂਹ ਸਟਾਫ ਨੂੰ ਦੱਸਿਆ ਕਿ ਇਨ੍ਹਾਂ ਬੋਲੀਆ ਰਾਹੀ ਅਸੀ ਸਮਾਜ ਨੂੰ ਇੱਕ ਚੰਗੀ ਸੇਧ ਦੇ ਸਕਦੇ ਹਾ ਤਾ ਕਿ ਸਮਾਜ ਦੇ ਲੋਕ ਅਤੇ ਵਿਦਿਆਰਥੀ ਪੁਰੀ ਤਰਾ ਆਜਾਦ ਹੋ ਕੇ ਆਪਣੀ ਸਰਕਾਰ ਚੁਣ ਸਕਣ ਆਪਣੀ ਵੋਟ ਦੀ ਕੀਮਤ ਸਮਝਦਿਆ ਸਹੀ ਚੁਨਾਵ ਕਰ ਸਕਣ।ਇਸ ਮੋਕੇ ਕਾਲਜ ਦੇ ਚੈਅਰਮੈਨ ਡਾ ਰਵਿੰਦਰ ਬਾਸਲ ਨੇ ਵਿਦਿਆਰਥੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹੋ ਜਿਹੇ ਪ੍ਰੋਗਰਾਮ ਕਰਾਉਣ ਦਾ ਮਕਸਦ ਇਹ ਹੈ ਤਾ ਜੋ ਵਿਦਿਆਰਥੀਆ ਵਿੱਚ ਨਵੀ ਚੇਤਨਾ ਦਾ ਵਿਕਾਸ ਹੋਵੇ।

## ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦ ਪਰਵਾਰਾਂ ਨੂੰ ਪੈਨਸ਼ਨਾਂ ਦੇ ਚੈੱਕ ਵੰਡੇ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਫਿਰੋਜ਼ਪੁਰ ਸ਼ਹਿਰ ਦੇ ਬੱਸ ਸਟੈਂਡ ਅੰਦਰ ਬਣੇ ਕਾਮਰੇਡ ਦਿਆਲ ਸਿੰਘ ਹਾਲ ਵਿੱਚ ਕਰਵਾਏ ਗਏ ਇੱਕ ਸਮਾਗਮ ਦੌਰਾਨ ਫਿਰੋਜ਼ਪੁਰ ਇਲਾਕੇ ਨਾਲ ਸਬੰਧਤ 20 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ।ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਬਲਵਿੰਦਰ ਸ਼ਰਮਾ, ਤਲਵਿੰਦਰ ਕੌਰ ਤੇ ਹੋਰ ਮੈਂਬਰਾਂ ਵੱਲੋਂ ਵੰਡੇ ਗਏ।ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਤਲਵਿੰਦਰ ਕੌਰ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਐੱਸ ਪੀ ਸਿੰਘ ਓਬਰਾਏ ਵੱਲੋਂ ਲੰਮੇ ਸਮੇਂ ਤੋਂ ਲੋੜਵੰਦਾਂ ਦੀ ਭਲਾਈ ਲਈ ਕਿਸੇ ਹੋਰ ਤੋਂ ਮਾਲੀ ਮੱਦਦ ਲਏ ਆਪਣੇ ਕੋਲੋਂ ਹੀ ਲਗਾਤਾਰ ਆਰਥਿਕ ਸਹਾਇਤਾ ਸ਼ੁਰੂ ਕੀਤੀ ਜਾ ਰਹੀ ਹੈ।ਇਸ ਮੌਕੇ ਜਸਪ੍ਰੀਤ ਕੌਰ ਯੂ ਐੱਸ ਏ, ਬਲਵਿੰਦਰ ਪਾਲ ਸ਼ਰਮਾ, ਤਲਵਿੰਦਰ ਕੌਰ, ਰਣਧੀਰ ਜੋਸ਼ੀ ਤੇ ਕੁਲਵੰਤ ਕੌਰ ਸਮੇਤ ਹੋਰ ਪਤਵੰਤੇ ਮੌਜੂਦ ਸਨ।

# ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਜਨਮ ਦਿਨ 'ਤੇ ਸਨਮਾਨ ਸਮਾਰੋਹ

**ਸੰਗਰੂਰ (ਪ੍ਰਵੀਨ ਸਿੰਘ)**-ਬਨਾਸਰ ਬਾਗ਼ ਵਿਖੇ ਸਥਿਤ ਮੁੱਖ ਦਫਤਰ ਵਿਖੇ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਵਿਸ਼ੇਸ਼ ਸਨਮਾਨ ਸਮਾਰੋਹ ਡਾ. ਨਰਵਿੰਦਰ ਸਿੰਘ ਕੌਸ਼ਲ ਪ੍ਰਧਾਨ, ਇੰਜਨੀਅਰ ਪਰਵੀਨ ਬਾਂਸਲ ਦੀ ਅਗਵਾਈ ਅਤੇ ਪ੍ਰੇਮ ਚੰਦ ਗਰਗ, ਅਵਿਨਾਸ਼ ਸ਼ਰਮਾ, ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ, ਬਾਲ ਕ੍ਰਿਸ਼ਨ, ਸੁਰਿੰਦਰ ਸ਼ੋਰੀ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿੱਚ ਬਲਦੇਵ ਸਿੰਘ ਗੋਸਲ ਮੁੱਖ ਸਰਪ੍ਰਸਤ, ਗੁਰਪਾਲ ਸਿੰਘ ਗਿੱਲ, ਦਲਜੀਤ ਸਿੰਘ ਜ਼ਖ਼ਮੀ, ਜਗਨ ਨਾਥ ਗੋਇਲ, ਓ ਪੀ ਕਪਿਲ ਸਰਪ੍ਰਸਤ ਅਤੇ ਪੂਰਨ ਚੰਦ ਜਿੰਦਲ ਸੁਪਰ ਸਿਟੀਜ਼ਨ ਸ਼ਾਮਲ ਹੋਏ।ਜਗਜੀਤ ਸਿੰਘ ਜਨਰਲ ਸਕੱਤਰ ਨੇ ਸੰਸਥਾ ਮੈਂਬਰਾਂ ਦਾ ਸਵਾਗਤ ਕੀਤਾ ਤੇ ਸਟੇਜ ਸੰਚਾਲਨ ਬਾਖ਼ੂਬੀ ਕੀਤਾ।ਵੱਖ-ਵੱਖ ਬੁਲਾਰਿਆਂ ਸੱਤਦੇਵ ਸ਼ਰਮਾ ਨੈਸ਼ਨਲ ਐਵਾਰਡੀ, ਕੁਲਵੰਤ ਰਾਏ ਬਾਂਸਲ, ਰਾਕੇਸ਼ ਸ਼ਰਮਾ, ਸੁਰਜੀਤ ਸਿੰਘ ਕਾਲੜਾ ਸਾਬਕਾ ਈ ਓ, ਗੁਰਮੁਖ ਸਿੰਘ, ਸੁਨੀਤਾ ਕੌਸ਼ਲ ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਮਨੋਵਿਗਿਆਨੀ ਕਵਿਤਾ ਸ਼ਰਮਾ ਨੇ ਪਾਣੀ ਘਾਟ ਦੀ ਆ ਰਹੀ ਗੰਭੀਰ ਸਮੱਸਿਆ, ਵਿਆਹਾਂ 'ਤੇ ਹੋ ਰਹੀ ਫਜ਼ੂਲ ਖਰਚੀ, ਅਜੋਕੀ ਸੰਤਾਨ ਵੱਲੋਂ ਬਜ਼ੁਰਗਾਂ ਦੇ ਸਤਿਕਾਰ ਨਾ ਕਰਨਾ ਦੇ ਵੱਖ ਵਿਸ਼ਿਆਂ 'ਤੇ ਵਿਚਾਰ ਚਰਚਾ ਕੀਤੀ।'ਆਪ' ਨੇ ਬਜ਼ੁਰਗਾਂ ਨੂੰ ਸਹਿਣਸ਼ੀਲਤਾ ਰੱਖ ਕੇ ਖ਼ੁਸ਼ੀ ਭਰਪੂਰ ਜੀਵਨ ਅਤੇ ਸਿਹਤ ਸੰਭਾਲ ਲਈ ਪ੍ਰੇਰਤ ਕੀਤਾ।ਮਾਸਟਰ ਫਕੀਰ ਚੰਦ, ਓਮ ਪ੍ਰਕਾਸ਼ ਛਾਬੜਾ, ਜਗਜੀਤ ਇੰਦਰ ਸਿੰਘ ਅਤੇ ਹੋਰਾਂ ਨੇ ਸੋਜ਼ਮਈ ਆਵਾਜ਼ ਵਿੱਚ ਗੀਤਾਂ ਦੀ ਖ਼ੂਬਸੂਰਤੀ ਨਾਲ ਪੇਸ਼ਕਾਰੀ ਕੀਤੀ। ਸੁਰਿੰਦਰ ਪਾਲ ਸਿੰਘ ਸਿਦਕੀ ਮੀਡੀਆ ਇੰਚਾਰਜ ਨੇ ਦੱਸਿਆ ਕਿ ਇਸ ਮੌਕੇ ਤੇ ਸੰਸਥਾ ਨੂੰ ਪ੍ਰਬੰਧਕੀ ਸੇਵਾਵਾਂ ਵਿੱਚ ਲਗਾਤਾਰ ਦੇ ਰਹੇ [illegible] ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।



## ਸਿੱਖਾਂ ਵੱਲੋਂ ਬੀ ਜੇ ਪੀ-ਆਰ ਐੱਸ ਐੱਸ 'ਚ ਸ਼ਮੂਲੀਅਤ ਕਰਨਾ ਦਿਸ਼ਾਹੀਣ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕੁੱਝ ਦਿਨ ਪਹਿਲੇ ਜੋ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 7 ਮੈਂਬਰਾਂ ਤੇ ਹੋਰਨਾਂ ਸਿੱਖਾਂ ਵੱਲੋਂ ਮੁਤੱਸਵੀ ਪੰਜਾਬ ਤੇ ਸਿੱਖ ਕੌਮ ਵਿਰੋਧੀ ਜਮਾਤ ਬੀਜੇਪੀ-ਆਰ ਐੱਸ ਐੱਸ ਵਿੱਚ ਜੋ ਤਾਕਤ ਦੇ ਪ੍ਰਭਾਵ ਹੇਠ ਆ ਕੇ ਉਨ੍ਹਾਂ ਦੇ ਗੁਮਰਾਹਕੁੰਨ ਪ੍ਰਚਾਰ ਵਿੱਚ ਫਸ ਕੇ ਇਸ ਜਮਾਤ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ ਹੈ, ਉਹ ਪੰਜਾਬ ਸੂਬੇ ਤੇ ਖ਼ਾਲਸਾ ਪੰਥ ਦੀ ਸ਼ਾਨ ਪੁਰਾਤਨ ਮਹਾਨ ਸਿਧਾਂਤ ਰਵਾਇਤਾਂ ਤੇ ਸੋਚ ਨੂੰ ਤਿਲਾਂਜਲੀ ਦੇ ਕੇ ਸਮੁੱਚੀ ਸਿੱਖ ਕੌਮ ਦੇ ਮਨ-ਆਤਮਾਵਾਂ ਨੂੰ ਠੇਸ ਪਹੁੰਚਾਉਣ ਦੀਆਂ ਦਿਸ਼ਾਹੀਣ, ਅਫਸੋਸਨਾਕ ਅਮਲ ਕੀਤੇ ਗਏ ਹਨ। ਜਿਸ ਨੂੰ ਕੋਈ ਵੀ ਗੁਰੂ ਦਾ ਸਿੱਖ ਕਦੀ ਵੀ ਪ੍ਰਵਾਨ ਨਹੀਂ ਕਰ ਸਕਦਾ।ਇਸ ਲਈ ਇਨ੍ਹਾਂ ਗੁਮਰਾਹ ਹੋਏ ਸਿੱਖਾਂ ਵੱਲੋਂ ਜੋ ਉਪਰੋਕਤ ਅਮਲ ਕੀਤਾ ਗਿਆ ਹੈ, ਉਨ੍ਹਾਂ ਦੀਆਂ ਆਪਣੀਆਂ ਖ਼ੁਦ ਦੀਆਂ ਆਤਮਾਵਾਂ ਵੀ ਉਨ੍ਹਾਂ ਨੂੰ ਕੁਝ ਹੀ ਸਮੇਂ ਬਾਅਦ ਦੋਸ਼ੀ ਠਹਿਰਾਉਣਗੀਆਂ, ਕਿਉਂਕਿ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਸਮੇਂ ਦੇ ਹੁਕਮਰਾਨਾਂ ਦੇ ਜਬਰ ਜ਼ੁਲਮਾਂ ਅੱਗੇ ਕਦੀ ਵੀ ਈਨ ਨਾ ਮੰਨਣ ਤੇ ਉਨ੍ਹਾਂ ਵੱਲੋਂ ਭੇਜੀਆਂ ਕੀਮਤੀ ਸੌਗਾਤਾਂ ਨੂੰ ਠੁਕਰਾ ਕੇ ਦ੍ਰਿੜਤਾ ਨਾਲ ਖ਼ਾਲਸਾ ਪੰਥ ਦੀ ਸੋਚ 'ਤੇ ਪਹਿਰਾ ਦੇਣ ਦਾ ਸਾਨੂੰ ਹੁਕਮ ਕੀਤਾ ਹੈ, ਪਰ ਇਨ੍ਹਾਂ ਸਿੱਖਾਂ ਨੇ ਗੁਰੂ ਦੀ ਸੋਚ ਤੇ ਸਮੁੱਚੇ ਖਾਲਸਾ ਪੰਥ ਨੂੰ ਪਿੱਠ ਦੇ ਕੇ ਕੇਵਲ ਆਪਣੇ ਪਰਵਾਰਾਂ ਤੇ ਖਾਨਦਾਨਾਂ ਦੇ ਭਵਿੱਖ ਨੂੰ ਹੀ ਦਾਗੀ ਨਹੀਂ ਕੀਤਾ, ਸਗੋਂ ਗ਼ਲਤ ਸੰਦੇਸ਼ ਦੇਣ ਦੀ ਬਜਰ ਗੁਸਤਾਖੀ ਕੀਤੀ ਹੈ।

# ਵਿਸ਼ਵ ਟੀਕਾਕਰਨ ਹਫ਼ਤੇ ਦੌਰਾਨ ਕੁਇਜ਼ ਮੁਕਾਬਲੇ ਕਰਾਏ



**ਮਾਨਸਾ (ਆਤਮਾ ਸਿੰਘ ਪਮਾਰ)**-ਡਿਪਟੀ ਕਮਿਸ਼ਨਰ ਮਾਨਸਾ ਸ੍ਰੀ ਪਰਮਵੀਰ ਸਿੰਘ ਆਈ.ਏ.ਐੱਸ. ਦੀ ਅਗਵਾਈ ਹੇਠ ਵਿਸ਼ਵ ਟੀਕਾਕਰਣ ਦੀ ਗੋਲਡਨ ਜੁਬਲੀ (50ਵੀਂ ਵਰ੍ਹੇਗੰਢ) ਦੇ ਮੌਕੇ ਸਰਕਾਰੀ ਸੈਕੰਡਰੀ ਸਕੂਲ (ਲੜਕੀਆਂ) ਵਿਖੇ ਵਿਸ਼ਵ ਟੀਕਾਕਰਣ ਹਫ਼ਤੇ ਦੇ ਸਬੰਧ ਵਿੱਚ ਕੁਇਜ਼ ਮੁਕਾਬਲੇ ਕਰਾਏ ਗਏ। ਇਸ ਕੁਇਜ਼ ਮੁਕਾਬਲੇ ਵਿੱਚ ਕੁੱਲ ਪੰਜ ਟੀਮਾਂ ਸਨ ਤੇ ਕਰੀਬ 60 ਦੇ ਬੱਚਿਆਂ ਨੇ ਭਾਗ ਲਿਆ।

ਇਸ ਮੌਕੇ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੀਆਂ ਟੀਮਾਂ ਨੂੰ ਇਨਾਮ ਦੇ ਕੇ ਸਨਮਾਨਤ ਵੀ ਕੀਤਾ ਗਿਆ।ਪਹਿਲਾ ਸਥਾਨ ਟੀਮ ਈ ਦੀਆਂ ਵਿਦਿਆਰਥਣਾਂ ਕੋਮਲਪ੍ਰੀਤ ਕੌਰ, ਜਸਮੀਨ ਕੌਰ ਤੇ ਗਗਨਦੀਪ ਕੌਰ ਨੇ, ਦੂਜਾ ਸਥਾਨ ਟੀਮ ਏ ਵਿਦਿਆਰਥਣਾਂ ਦੀਪਿਕਾ, ਰਿਤਿਕਾ ਤੇ ਰਾਣੀ ਨੇ ਅਤੇ ਤੀਜਾ ਸਥਾਨ ਟੀਮ ਬੀ ਚਾਹਤ, ਸ਼ਿਵਾਨੀ ਤੇ ਜੈਸਮੀਨ ਕੌਰ ਨੇ ਪ੍ਰਾਪਤ ਕੀਤਾ। ਡਾ. ਰਣਜੀਤ ਸਿੰਘ ਰਾਏ ਸਿਵਲ ਸਰਜਨ ਮਾਨਸਾ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲਿਆਂ ਰਾਹੀਂ ਜਿੱਥੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਹੁੰਦੀ ਹੈ, ਉੱਥੇ ਨਾਲ ਹੀ ਬੱਚਿਆਂ ਨੂੰ ਉਤਸ਼ਾਹ ਵੀ ਮਿਲਦਾ ਹੈ। ਨਾਲ ਹੀ ਡਾ. ਰਾਏ ਨੇ ਕਿਹਾ ਕਿ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਨਵਜੰਮੇ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਸਿਹਤ ਵਿਭਾਗ ਵਲੋਂ ਟੀਕਾਕਰਣ ਦੀ 50ਵੀਂ ਵਰ੍ਹੇਗੰਢ ਤੇ ਸਪੈਸ਼ਲ ਕੈਂਪਾਂ ਰਾਹੀਂ 24 ਅਪ੍ਰੈਲ ਤੋ 30 ਅਪ੍ਰੈਲ ਤੱਕ ਸਪੈਸ਼ਲ ਟੀਕਾਕਰਨ ਹਫ਼ਤਾ ਮਨਾਇਆ ਜਾ ਰਿਹਾ ਹੈ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਦੀਆਂ ਦਾਣਾ ਮੰਡੀਆਂ ਦਾ ਦੌਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਣਕ ਦੀ ਖਰੀਦ ਦਾ ਸੀਜ਼ਨ ਪੂਰੇ ਜੋਬਨ ਉੱਤੇ ਹੈ। ਜ਼ਮੀਨੀ ਪੱਧਰ ਉੱਤੇ ਕਈ ਤਰ੍ਹਾਂ ਦੀਆਂ ਅੜਚਨਾਂ ਹੋਣ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਖਰੀਦ ਪ੍ਰਕਿਰਿਆ ਸੁਚਾਰੂ ਤਰੀਕੇ ਨਾਲ ਜਾਰੀ ਰਹੇ ਤੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਮੰਡੀਆਂ ਵਿੱਚ ਪ੍ਰੇਸ਼ਾਨ ਨਾ ਹੋਣਾ ਪਵੇ। ਜ਼ਿਲ੍ਹਾ ਮੋਗਾ ਦੀਆਂ ਮੰਡੀਆਂ ਵਿੱਚ ਇਸ ਵੇਲੇ ਜਿੱਥੇ ਕਣਕ ਦੀ ਆਮਦ ਵਿੱਚ ਤੇਜ਼ੀ ਆਈ ਹੈ, ਉਥੇ ਹੀ ਖਰੀਦ, ਅਦਾਇਗੀ ਤੇ ਲਿਫਟਿੰਗ ਵਿੱਚ ਵੀ ਬਹੁਤ ਤੇਜ਼ੀ ਆ ਗਈ ਹੈ। ਕਿਸਾਨਾਂ ਨੂੰ ਮੰਡੀਆਂ ਵਿੱਚੋਂ ਨਾਲ ਦੀ ਨਾਲ ਹੀ ਵਿਹਲਾ ਕੀਤਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਅੱਜ ਮੋਗਾ ਦੀ ਮੁੱਖ ਦਾਣਾ ਮੰਡੀ ਸਮੇਤ ਕਈ ਮੰਡੀਆਂ ਦਾ ਦੌਰਾ ਕਰਦਿਆਂ ਜਾਣਕਾਰੀ ਦਿੱਤੀ ਕਿ ਹੁਣ ਤੱਕ ਜ਼ਿਲ੍ਹਾ ਦੀਆਂ ਮੰਡੀਆਂ ਵਿੱਚ 409558 ਮੀਟ੍ਰਿਕ ਟਨ ਕਣਕ ਦੀ ਆਮਦ ਦਰਜ ਕੀਤੀ ਜਾ ਚੁੱਕੀ ਹੈ, ਜਿਸ ਵਿੱਚੋਂ 374195 ਮੀਟ੍ਰਿਕ ਟਨ ਦੀ ਖਰੀਦ ਹੋ ਚੁੱਕੀ ਹੈ ਤੇ 161879 ਮੀਟ੍ਰਿਕ ਟਨ ਦੀ ਲਿਫਟਿੰਗ ਵੀ ਹੋ ਚੁੱਕੀ ਹੈ। ਖਰੀਦੀ ਹੋਈ ਕਣਕ ਦੀ ਅਦਾਇਗੀ ਪ੍ਰਸ਼ਾਸਨ ਵੱਲੋਂ 48 ਘੰਟੇ ਵਿੱਚ ਕਰਨੀ ਹੁੰਦੀ ਹੈ, ਪਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਅਦਾਇਗੀ 24 ਘੰਟੇ ਤੋਂ ਵੀ ਘੱਟ ਸਮੇਂ ਵਿੱਚ ਕੀਤੀ ਜਾ ਰਹੀ ਹੈ। ਜ਼ਿਲ੍ਹਾ ਮੋਗਾ ਵਿੱਚ 491.77 ਕਰੋੜ ਦੇ ਮੁਕਾਬਲੇ ਹੁਣ ਤੱਕ 652.68 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ, ਜੋ ਕਿ ਕੁੱਲ ਅਦਾਇਗੀ ਦਾ 132.72 ਫ਼ੀਸਦੀ ਬਣਦੀ ਹੈ। ਲਿਫਟਿੰਗ ਬਾਰੇ ਸਥਿਤੀ ਸਾਫ ਕਰਦਿਆਂ ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਸਾਲ ਸੀਜ਼ਨ ਵਿੱਚ ਇਕੋ ਸਮੇਂ ਤੇਜ਼ੀ ਆਉਣ ਕਾਰਨ ਮੰਡੀਆਂ ਵਿੱਚ ਲਿਫਟਿੰਗ ਦੀ ਸਥਿਤੀ ਪੈਦਾ ਹੋ ਗਈ ਸੀ, ਪਰ ਹੁਣ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ। ਹੁਣ ਰੋਜ਼ਾਨਾ 30 ਹਜ਼ਾਰ ਮੀਟ੍ਰਿਕ ਟਨ ਤੋਂ ਵਧੇਰੇ ਦੀ ਲਿਫਟਿੰਗ ਕੀਤੀ ਜਾ ਰਹੀ ਹੈ, ਜੋ ਕਿ ਪਿਛਲੇ ਸਾਲਾਂ ਦੇ ਰਿਕਾਰਡ 27287 ਮੀਟ੍ਰਿਕ ਟਨ ਤੋਂ ਕਿਤੇ ਜ਼ਿਆਦਾ ਹੈ। ਆੜ੍ਹਤੀ ਭਾਈਚਾਰੇ ਵੱਲੋਂ ਇਸ ਵਾਰ ਅਡਾਨੀ ਸਾਈਲੋ ਵਿੱਚ ਸਿੱਧੇ ਤੌਰ ਉੱਤੇ ਕਣਕ ਨਾ ਭੇਜਣ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਪੂਰੀ ਕੋਸ਼ਿਸ਼ ਕਰਕੇ ਰੋਜ਼ਾਨਾ 4000 ਮੀਟ੍ਰਿਕ ਟਨ ਕਣਕ ਪਹੁੰਚਾਈ ਜਾ ਰਹੀ ਹੈ। ਪਿਛਲੇ ਸੀਜ਼ਨਾਂ ਦੌਰਾਨ ਇਹ ਦਰ 10 ਹਜ਼ਾਰ ਮੀਟ੍ਰਿਕ ਟਨ ਤੋਂ ਵਧੇਰੇ ਹੁੰਦੀ ਸੀ, ਪਰ ਜ਼ਿਲ੍ਹਾ ਪ੍ਰਸ਼ਾਸਨ ਇਸ ਗੈਪ ਨੂੰ ਪੂਰਾ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਦੂਜੇ ਪਾਸੇ ਜ਼ਿਲ੍ਹਾ ਮੋਗਾ ਵਿੱਚ 2 ਹੀ ਰੇਲਵੇ ਸਟੇਸ਼ਨ ਹਨ, ਜਿੱਥੋਂ ਸਪੈਸ਼ਲ ਲਗਾ ਕੇ ਕਣਕ ਭੇਜੀ ਜਾ ਸਕਦੀ ਹੈ। ਇਹ ਸਪੈਸ਼ਲਾਂ ਲਗਾਤਾਰ ਲਗਵਾਈਆਂ ਜਾ ਰਹੀਆਂ ਹਨ। ਇਥੇ ਇਹ ਗੱਲ ਵਿਸ਼ੇਸ਼ ਤੌਰ ਉੱਤੇ ਦੱਸਣਯੋਗ ਹੈ ਕਿ ਅਗਾਮੀ ਝੋਨੇ ਦੀ ਲਵਾਈ ਦੇ ਸੀਜ਼ਨ ਨੂੰ ਧਿਆਨ 'ਚ ਰੱਖਦੇ ਹੋਏ ਕਿਸਾਨਾਂ ਲਈ ਫਰਟੀਲਾਈਜ਼ਰ ਦੀ ਆਮਦ ਵੀ ਸ਼ੁਰੂ ਹੋ ਗਈ ਹੈ। ਇਸ ਦੇ ਨਾਲ ਦਾਣੇ ਦੀ ਕੁਆਲਿਟੀ ਵੀ ਵਧੀਆ ਹੈ। ਇਸ ਮੌਕੇ ਉਨ੍ਹਾਂ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨਾਲ ਵੀ ਗੱਲਬਾਤ ਕੀਤੀ।

# ਨਾੜ ਨੂੰ ਅੱਗ ਲਗਾਉਣ ਨਾਲ ਮਿੱਟੀ ਦੀ ਭੌਤਕੀ, ਰਸਾਇਣਕ ਤੇ ਜੈਵਿਕ ਬਣਤਰ ਪ੍ਰਭਾਵਤ ਹੁੰਦੀ : ਡਾ. ਅਮਰੀਕ ਸਿੰਘ

**ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਨਾੜ ਨੂੰ ਅੱਗ ਨਾ ਲਗਾਉਣ ਦੀ ਅਪੀਲ**

**ਕੋਟਕਪੂਰਾ (ਰਛਪਾਲ ਭੁੱਲਰ)**-ਕਣਕ ਦੇ ਨਾੜ ਨੂੰ ਅੱਗ ਲਗਾਉਣ ਨਾਲ ਨਾਈਟਰੋਜਨ, ਫਾਸਫੋਰਸ ਤੇ ਪੁਟਾਸ਼ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਲਘੂ ਤੱਤ, ਸੂਖਮ ਜੀਵ ਨਸ਼ਟ ਹੋਣ ਦੇ ਨਾਲ ਨਾਲ ਭੌਤਿਕੀ ਗੁਣ ਪ੍ਰਭਾਵਤ ਹੁੰਦੇ ਹਨ ਤੇ ਇਸ ਦੇ ਨਾਲ ਜ਼ਹਿਰੀਲੀਆਂ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ, ਮੀਥੇਨ, ਨਾਈਟਰਸ ਆਕਸਾਈਡ ਆਦਿ ਪੈਦਾ ਹੁੰਦੀਆਂ ਹਨ, ਜਿਸ ਕਾਰਨ ਮਨੁੱਖਾਂ ਵਿੱਚ ਸਾਹ, ਅੱਖਾਂ ਵਿੱਚ ਜਲਣ ਤੇ ਚਮੜੀ ਦੇ ਰੋਗਾਂ ਦਾ ਖਤਰਾ ਪੈਦਾ ਹੋ ਜਾਂਦਾ ਹੈ।ਕਣਕ ਦੇ ਨਾੜ ਨੂੰ ਅੱਗ ਲਗਾ ਕੇ ਸਾੜਨ ਨਾਲ ਹੋਣ ਨੁਕਸਾਨ ਬਾਰੇ ਜਾਣਕਾਰੀ ਦਿੰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਵਿਸ਼ਵ ਪੱਧਰ 'ਤੇ ਆਲਮੀ ਤਪਸ਼ ਵਧਣ ਨਾਲ ਹੋ ਰਹੀਆਂ ਮੌਸਮੀ ਤਬਦੀਲੀਆਂ ਦੇ ਪ੍ਰਤੀਕੂਲ ਪ੍ਰਭਾਵ ਪਿਛਲੇ ਸਾਲਾਂ ਦੌਰਾਨ ਫਸਲਾਂ ਦੀ ਕਾਸ਼ਤ ਉੱਪਰ ਪ੍ਰਤੱਖ ਰੂਪ ਵਿੱਚ ਦੇਖਣ ਨੂੰ ਮਿਲ ਰਹੇ ਹਨ, ਨਤੀਜਤਨ ਬੇਮੌਸਮੀ ਬਰਸਾਤਾਂ ਨਾਲ ਅਚਨਚੇਤ ਹੜ੍ਹ ਆ ਰਹੇ ਹਨ ਤੇ ਦਿਨ ਦਾ ਤਾਪਮਾਨ ਵਧਣ ਕਾਰਨ ਸੋਕੇ ਵਰਗੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾ ਕਿਹਾ ਕਿ ਮੌਸਮੀ ਤਬਦੀਲੀਆਂ ਕਾਰਨ ਫਸਲਾਂ ਨੂੰ ਲੱਗਣ ਵਾਲੇ ਕੀੜਿਆਂ ਮਕੌੜਿਆਂ ਤੇ ਬਿਮਾਰੀਆਂ ਵਿੱਚ ਬਦਲਾਅ ਵੀ ਦੇਖਣ ਨੂੰ ਮਿਲ ਰਿਹਾ ਹੈ।ਉਨ੍ਹਾ ਕਿਹਾ ਕਿ ਭਵਿੱਖ ਵਿੱਚ ਖੇਤੀਬਾੜੀ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵਾਤਾਵਰਣ ਪੱਖੀ ਖੇਤੀ ਤਕਨੀਕਾਂ ਨੂੰ ਤਰਜੀਹ ਦੇਣੀ ਪਵੇਗੀ।ਉਨ੍ਹਾ ਕਿਹਾ ਕਿ ਕਣਕ ਦੇ ਨਾੜ ਦੇ ਸੜਨ ਨਾਲ ਪੈਦਾ ਹੋਏ ਜ਼ਹਿਰੀਲੇ ਧੂੰਏਂ ਕਾਰਨ ਜ਼ਹਿਰੀਲੀਆਂ ਗੈਸਾਂ ਪੈਦਾ ਹੋਣ ਕਾਰਨ ਮੌਸਮੀ ਤਬਦੀਲੀਆਂ ਬਹੁਤ ਜਲਦੀ ਆ ਰਹੀਆਂ ਹਨ।ਉਨ੍ਹਾ ਕਿਹਾ ਕਿ ਨਾੜ ਨੂੰ ਅੱਗ ਲਗਾਉਣ ਨਾਲ ਸੜਕਾਂ ਕਿਨਾਰੇ ਲਗਾਏ ਦਰੱਖਤ ਸੜ ਕੇ ਨਸ਼ਟ ਹੋ ਜਾਂਦੇ ਹਨ।ਉਨ੍ਹਾ ਕਿਹਾ ਕਿ ਬਹੁਤ ਸਾਰੇ ਕਿਸਾਨਾਂ ਦੇ ਮਿੱਤਰ ਪੰਛੀ ਆਪਣੇ ਪਰਿਵਾਰਕ ਵਾਧੇ ਲਈ ਆਂਡੇ ਖੇਤਾਂ ਤੇ ਖੇਤਾਂ ਦੀਆਂ ਵੱਟਾਂ ਉੱਪਰ ਦਿੰਦੇ ਹਨ ਅਤੇ ਇਨ੍ਹਾਂ ਅੰਡਿਆਂ ਤੋਂ ਪੈਦਾ ਹੋਣ ਵਾਲੇ ਬੱਚੇ ਜਨਮ ਤੋਂ ਪਹਿਲਾਂ ਹੀ ਅੱਗ ਨਾਲ ਸੜ ਕੇ ਖਤਮ ਹੋ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਕਈ ਵਾਰ ਤਾਂ ਨਾੜ ਨੂੰ ਅੱਗ ਲਗਾਉਣ ਨਾਲ ਮਨੁੱਖੀ ਜੀਵਨ ਵੀ ਖਤਰੇ ਵਿੱਚ ਪੈ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਕਾਰਨਾਂ ਨੂੰ ਮੁੱਖ ਰੱਖਦਿਆਂ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਬਜਾਏ ਖੇਤ ਵਿੱਚ ਵਾਹ ਕੇ ਜਾਂ ਹਰੀ ਖਾਦ ਕਰਕੇ ਝੋਨੇ ਦੀ ਲਵਾਈ ਕਰਨੀ ਚਾਹੀਦੀ ਹੈ। ਉਨ੍ਹਾ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਣਕ ਦੇ ਨਾੜ ਨੂੰ ਅੱਗ ਨਾ ਲਗਾਈ ਜਾਵੇ ਤਾਂ ਜੋ ਜ਼ਿਲ੍ਹਾ ਫ਼ਰੀਦਕੋਟ ਦਾ ਵਾਤਾਵਰਨ ਸ਼ੁੱਧ ਰੱਖਣ ਦੇ ਨਾਲ ਨਾਲ ਮਿੱਤਰ ਕੀੜਿਆਂ ਤੇ ਪੰਛੀਆਂ ਦੀ ਜਾਨ ਨੂੰ ਬਚਾਇਆ ਜਾ ਸਕੇ।

# ਧੀਰਾ ਖੁੱਡੀਆਂ ਨੇ ਮੁੜ ਸੰਭਾਲੀ ਤਲਵੰਡੀ ਸਾਬੋ ਦੀ ਕਮਾਨ

**ਜਥੇਦਾਰ ਖੁੱਡੀਆਂ ਦੇ ਹੱਕ 'ਚ ਤੇਜ਼ ਕੀਤਾ ਚੋਣ ਪ੍ਰਚਾਰ**



**ਤਲਵੰਡੀ ਸਾਬੋ (ਜਗਦੀਪ ਗਿੱਲ)**

ਬਠਿੰਡਾ ਲੋਕ ਸਭਾ ਹਲਕੇ ਤੋਂ ਆਪ ਦੇ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਦੇ ਭਤੀਜੇ ਰਣਧੀਰ ਸਿੰਘ ਧੀਰਾ ਖੁੱਡੀਆਂ ਨੇ ਮੁੜ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਦੀ ਕਮਾਂਡ ਸੰਭਾਲ ਲਈ ਹੈ।ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਧੀਰਾ ਖੁੱਡੀਆਂ ਦੇ ਭਰਾ ਦਾ ਅਚਾਨਕ ਦੇਹਾਂਤ ਹੋ ਗਿਆ ਸੀ, ਜਿਸ ਕਾਰਨ ਉਹ ਆਪਣੇ ਘਰ ਹੀ ਸਨ।ਹੁਣ ਉਨ੍ਹਾਂ ਤਲਵੰਡੀ ਸਾਬੋ ਤੇ ਮੌੜ ਵਿਧਾਨ ਸਭਾ ਹਲਕੇ ਅੰਦਰ ਜਥੇਦਾਰ ਖੁੱਡੀਆਂ ਦੀ ਚੋਣ ਮੁਹਿੰਮ ਨੂੰ ਤੇਜ਼ ਕਰ ਦਿੱਤਾ ਹੈ। ਉਨ੍ਹਾ ਤਲਵੰਡੀ ਸਾਬੋ ਦੇ ਕਰੀਬ ਇਕ ਦਰਜਨ ਪਿੰਡਾਂ ਅੰਦਰ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤਲਵੰਡੀ ਸਾਬੋ ਵਿੱਚ ਸਿੱਖਾਂ ਦਾ ਸਿਰਮੌਰ ਤਖਤ ਸ੍ਰੀ ਦਮਦਮਾ ਸਾਹਿਬ ਸੁਸ਼ੋਭਿਤ ਹੋਣ ਦੇ ਬਾਵਜੂਦ ਪਿਛਲੀਆਂ ਸਰਕਾਰਾਂ ਨੇ ਇਸ ਦੇ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ।ਆਪਣੇ ਆਪ ਨੂੰ ਪੰਥਕ ਅਖਵਾਉਣ ਵਾਲੀਆਂ ਸਰਕਾਰਾਂ ਨੇ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਮੁੱਢੋਂ ਹੀ ਵਿਸਾਰ ਦਿੱਤਾ।ਉਨ੍ਹਾ ਕਿਹਾ ਕਿ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਕੇਂਦਰ ਵਿੱਚ ਵਜ਼ੀਰ ਰਹੇ, ਪਰ ਉਨ੍ਹਾਂ ਤਖਤ ਸਾਹਿਬ ਨੂੰ ਰੇਲ ਲਿੰਕ ਨਾਲ ਜੋੜਨ ਲਈ ਕੋਈ ਕਦਮ ਨਹੀਂ ਉਠਾਇਆ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦੇਵੇਗੀ।

ਉਨ੍ਹਾ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਥੇਦਾਰ ਖੁੱਡੀਆਂ ਨੂੰ ਪਾਈ ਤੁਹਾਡੀ ਵੋਟ ਅਜਾਈਂ ਨਹੀਂ ਜਾਵੇਗੀ। ਉਨ੍ਹਾ ਕਿਹਾ ਕਿ ਜਥੇਦਾਰ ਨੇ ਹਮੇਸ਼ਾ ਹੀ ਇਮਾਨਦਾਰੀ ਨਾਲ ਲੋਕ ਭਲਾਈ ਦੀ ਸਿਆਸਤ ਕੀਤੀ ਹੈ, ਇਸ ਲਈ ਤੁਹਾਡੀਆਂ ਵੋਟਾਂ ਦੇ ਉਹ ਪੂਰੀ ਤਰ੍ਹਾਂ ਹੱਕਦਾਰ ਹਨ।ਉਨ੍ਹਾ ਕਿਹਾ ਕਿ ਮੈਂਬਰ ਪਾਰਲੀਮੈਂਟ ਬਣ ਕੇ ਗੁਰਮੀਤ ਸਿੰਘ ਖੁੱਡੀਆਂ ਤੁਹਾਨੂੰ ਕਦੇ ਨਿਰਾਸ਼ ਨਹੀਂ ਹੋਣ ਦੇਣਗੇ।ਬਠਿੰਡਾ ਲੋਕ ਸਭਾ ਖੇਤਰ ਦੇ ਮਸਲਿਆਂ ਤੇ ਮੁੱਦਿਆਂ ਨੂੰ ਉਹ ਲੋਕ ਸਭਾ ਵਿੱਚ ਚੁੱਕਦੇ ਰਹਿਣਗੇ।

# ਐਡਵੋਕੇਟ ਗੁਰਵਿੰਦਰ ਸਿੰਘ ਸਰਾਓ 'ਆਪ' ਲੀਗਲ ਵਿੰਗ ਦੇ ਹਲਕਾ ਕੋਆਡੀਨੇਟਰ ਨਿਯੁਕਤ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਆਮ ਆਦਮੀ ਪਾਰਟੀ ਵੱਲੋਂ ਅੱਜ ਜੱਥੇਬੰਦਕ ਢਾਂਚੇ ਦੇ ਕੀਤੇ ਗਏ ਐਲਾਨ ਵਿੱਚ ਸਥਾਨਕ ਐਡਵੋਕੇਟ ਗੁਰਵਿੰਦਰ ਸਿੰਘ ਸਰਾਓ ਨੂੰ ਲੀਗਲ ਵਿੰਗ ਦਾ ਹਲਕਾ ਕੋਆਡੀਨੇਟਰ ਨਿਯੁਕਤ ਕੀਤਾ ਹੈ। ਆਪਣੀ ਨਿਯੁਕਤੀ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਓ.ਐੱਸ.ਡੀ ਸੁਖਵੀਰ ਸਿੰਘ ਸੁੱਖੀ, ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ, ਅਤੇ ਲੀਗਲ ਵਿੰਗ ਦੇ ਜਿਲ੍ਹਾ ਪ੍ਰਧਾਨ ਸਤਵੀਰ ਸਿੰਘ ਮੰਡੇਰ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੌਂਪੀ ਗਈ ਜਿੰਮੇਵਾਰੀ ਨੂੰ ਤਨਦੇਹੀ ਅਤੇ ਮਿਹਨਤ ਨਾਲ ਨਿਭਾਉਣਗੇ ਅਤੇ ਪਾਰਟੀ ਨੂੰ ਹੋਰ ਵੀ ਮਜਬੂਤ ਕਰਨ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਜਿੰਮੇਵਾਰ ਹੋ ਕੇ ਕੰਮ ਕਰਨਗੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ ਭਲਾਈ ਨੀਤੀਆਂ ਦੀ ਅੱਜ ਵਿਸ਼ਵ ਭਰ ਵਿੱਚ ਚਰਚਾ ਹੋ ਰਹੀ ਹੈ, ਜਿਥੇ ਸਰਕਾਰ ਨੇ ਮੁਫ਼ਤ ਬਿਜਲੀ ਦੇ ਕੇ ਲੋਕ ਹਿਤੈਸ਼ੀ ਹੋਣ ਦਾ ਸਬੂਤ ਦਿੱਤਾ ਹੈ, ਉਥੇ ਆਮ ਆਦਮੀ ਕਲੀਨਿਕ ਖੋਲਕੇ ਲੋਕਾਂ ਦੇ ਬੂਹੇ ਤੇ ਤੇ ਸਿਹਤ ਸੇਵਾਵਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਸਿਹਤ ਅਤੇ ਸਿੱਖਿਆ ਦੇ ਵਿਗੜੇ ਢਾਂਚੇ ਨੂੰ ਮੁਰੰਮਤ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸਦੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ।

ਉਨ੍ਹਾਂ 1 ਜੂਨ ਨੂੰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ 'ਆਪ' ਦੀ ਜਿੱਤ ਦਾ ਦਾਅਵਾ ਕਰਦਿਆ ਕਿਹਾ ਕਿ ਪੰਜਾਬ ਦੇ ਲੋਕ 'ਆਪ' ਉਮੀਦਵਾਰਾਂ ਦੇ ਹੱਕ ਵਿੱਚ ਫ਼ਤਵਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ ਭਲਾਈ ਨੀਤੀਆਂ 'ਤੇ ਮੋਹਰ ਲਗਾਉਣਗੇ।

## ਛੁੱਟੀ ਆਏ ਫੌਜੀ ਜਵਾਨ ਦੀ ਸੜਕ ਹਾਦਸੇ 'ਚ ਮੌਤ




**ਗੁਰਦਾਸਪੁਰ (ਜਨਕ ਮਹਾਜਨ)**-ਜੌੜਾ ਛੱਤਰਾਂ ਦੇ ਨਜ਼ਦੀਕੀ ਪਿੰਡ ਹੀਰ ਵਿੱਚ ਛੁੱਟੀ ਆਏ ਫੌਜੀ ਦੀ ਸੜਕ ਦੁਰਘਟਨਾ ਵਿੱਚ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਮ੍ਰਿਤਕ ਫੌਜੀ ਅਰਜੁਨ ਸਿੰਘ ਆਪਣੇ ਕਿਸੇ ਜ਼ਰੂਰੀ ਕੰਮ ਲਈ ਪਿੰਡ ਤੋਂ ਜੌੜਾ ਛਤਰਾਂ ਨੂੰ ਜਾ ਰਿਹਾ ਸੀ ਕਿ ਜੌੜਾ ਛੱਤਰਾਂ ਦੇ ਨਜ਼ਦੀਕ ਕਿਸੇ ਅਣਪਛਾਤੀ ਟਰੈਕਟਰ-ਟਰਾਲੀ ਨੇ ਉਸ ਨੂੰ ਸਾਈਡ ਮਾਰ ਦਿੱਤੀ ਅਤੇ ਉਸ ਦੀ ਘਟਨਾ ਵਾਲੀ ਜਗ੍ਹਾ 'ਤੇ ਹੀ ਮੌਤ ਹੋ ਗਈ ਅਤੇ ਉਸਦੇ ਨਾਲ ਉਸਦੇ ਛੋਟੇ ਬੱਚੇ ਨੂੰ ਵੀ ਸੱਟਾਂ ਲੱਗ ਗਈਆਂ।

# ਕਾਂਗਰਸ ਦਾ ਚੋਣ ਮੈਨੀਫੈਸਟੋ ਆਮ ਲੋਕਾਂ ਦਾ ਮੈਨੀਫੈਸਟੋ : ਸੁਮਿਤ ਮਾਨ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਪੰਜਾਬ ਪ੍ਰੋਫੈਸ਼ਨਲ ਕਾਂਗਰਸ ਦੇ ਸੂਬਾ ਪ੍ਰਧਾਨ ਤੇ ਪੰਜਾਬ ਚੋਣ ਕੋਆਡੀਨੇਸ਼ਨ ਅਤੇ ਕੰਪੇਨ ਕਮੇਟੀ ਦੇ ਅਹਿਮ ਮੈਂਬਰ ਸੁਮਿਤ ਸਿੰਘ ਮਾਨ ਨੇ ਕਿਹਾ ਕਿ ਰੰਗਲਾ ਪੰਜਾਬ ਬਣਾਉਣ ਦਾ ਸੁਫਨਾ ਲੈਣ ਵਾਲੇ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ ਹੈ, ਕਿਉਂਕਿ ਦੋ ਸਾਲਾਂ ਵਿੱਚ ਹੀ 'ਆਪ' ਸਰਕਾਰ ਨੇ 60 ਹਜ਼ਾਰ ਕਰੋੜ ਦਾ ਨਵਾਂ ਕਰਜ਼ਾ ਪੰਜਾਬ ਸਿਰ ਚੜ੍ਹਾ ਦਿੱਤਾ ਹੈ, ਜਿਸ ਦਾ ਇਕੱਲਾ ਵਿਆਜ 31 ਹਜ਼ਾਰ 153 ਕਰੋੜ ਰੁਪਏ ਹਰ ਸਾਲ ਪੰਜਾਬੀਆਂ ਦੇ ਸਿਰ ਵਾਧੂ ਪਵੇਗਾ।ਉਨ੍ਹਾਂ ਕਿਹਾ ਕਿ ਬੀਤੇ ਦਿਨ ਇੱਕ ਅੰਗਰੇਜ਼ੀ ਅਖ਼ਬਾਰ ਨੇ ਆਪਣੀ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ ਆਪ ਸਰਕਾਰ ਨੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ 2500 ਕਰੋੜ ਰੁਪਏ ਹੋਰ ਨਵਾਂ ਕਰਜ਼ਾ ਚੁੱਕਿਆ, ਕਿਉਂਕਿ ਸਰਕਾਰ ਕੋਲ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਜੋਗਾ ਪੈਸਾ ਵੀ ਨਹੀਂ ਹੈ, ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਸਮੇਤ ਮੰਤਰੀਆਂ ਦੀ ਸੁਰੱਖਿਆ 'ਤੇ ਕਰੋੜਾਂ ਰੁਪਏ ਦਾ ਖਰਚ ਹੋ ਰਿਹਾ ਹੈ।ਉਨ੍ਹਾਂ ਲੋਕਾਂ ਨੂੰ ਕੇਂਦਰ ਸਰਕਾਰ ਦੀ ਨਫ਼ਰਤ ਵਧਾਊ ਤੇ ਲੋਕ ਮਾਰੂ ਨੀਤੀਆਂ ਬਾਰੇ ਜਾਣੂ ਕਰਾਉਣਾ ਸਮੇਂ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਤੇ ਹੋਰਨਾਂ ਆਗੂਆਂ ਵੱਲੋਂ ਇਸ ਸਮੇਂ ਦੇਸ਼ 'ਚ ਧਰਮ ਦੇ ਨਾਮ ਉਤੇ ਨਫਰਤ ਦਾ ਪਸਾਰ ਕੀਤਾ ਜਾ ਰਿਹਾ ਹੈ, ਜਦਕਿ ਦੇਸ਼ ਤਾਂ ਹੋਰਨਾਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ।ਉਨ੍ਹਾਂ ਕਿਹਾ ਕਿ ਸਾਨੂੰ ਨਫ਼ਰਤ ਦੀ ਇਸ ਸਿਆਸਤ ਤੋਂ ਬਾਹਰ ਆ ਕੇ ਲੋਕਾਂ ਦੇ ਬੁਨਿਆਦੀ ਮਸਲਿਆਂ ਨੂੰ ਪਹਿਲ ਦੇਣੀ ਪਵੇਗੀ।ਉਨ੍ਹਾਂ ਕਿਹਾ ਕਿ ਕਾਂਗਰਸ ਕੁਝ ਚੋਣਵੇਂ ਲੋਕਾਂ ਨੂੰ ਲਾਭ ਦੇਣ ਵਿੱਚ ਨਹੀਂ, ਸਗੋਂ ਲੋਕ ਭਲਾਈ ਵਿੱਚ ਵਿਸ਼ਵਾਸ ਰੱਖਦੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਦਾ ਚੋਣ ਮੈਨੀਫੈਸਟੋ ਜਿਸਨੂੰ 'ਨਿਆਸ ਪੱਤਰ' ਦਾ ਨਾਂਅ ਦਿੱਤਾ ਗਿਆ ਹੈ, ਅਸਲ ਵਿੱਚ ਦੇਸ਼ ਵਿੱਚ ਆਮ ਲੋਕਾਂ ਨੂੰ ਪੰਜ ਇਨਸਾਫ਼ ਦੇਣ ਵਾਲਾ ਚੋਣ ਮੈਨੀਫੈਸਟੋ ਹੈ।ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਦੌਰਾਨ ਭਾਜਪਾ ਨੇ ਕੁਝ ਖਾਸ ਪੂੰਜੀਪਤੀਆਂ ਦਾ ਇੱਕ ਚੋਣਵਾਂ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਸਮੂਹ ਬਣਾਇਆ ਹੈ, ਜਦੋਂ ਕਿ ਕਾਂਗਰਸ ਨੇ ਨੌਜਵਾਨਾਂ, ਕਿਸਾਨਾਂ, ਔਰਤਾਂ, ਮਜ਼ਦੂਰਾਂ ਦੇ ਨਾਲ-ਨਾਲ ਸਮਾਜਿਕ ਨਿਆਂ ਦੀ ਗਾਰੰਟੀ ਦਿੱਤੀ ਹੈ।ਉਨ੍ਹਾਂ ਕਿਹਾ ਕਿ ਇਸ ਸਮੇਂ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ ਵਿੱਚ ਸਭ ਤੋਂ ਵੱਧ ਹੈ।ਉਨ੍ਹਾਂ ਸਵਾਲ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਦੇ ਹਰ ਸਾਲ 2 ਕਰੋੜ ਨੌਕਰੀਆਂ ਪੈਦਾ ਕਰਨ ਦੇ ਵਾਅਦੇ ਦਾ ਕੀ ਹੋਇਆ ?

ਉਨ੍ਹਾਂ ਦੱਸਿਆ ਕਿ ਇਸ ਹਿਸਾਬ ਨਾਲ ਹੁਣ ਤੱਕ 20 ਕਰੋੜ ਨੌਕਰੀਆਂ ਪੈਦਾ ਹੋ ਜਾਣੀਆਂ ਸਨ। ਜਦੋਂ ਕਿ ਸਰਕਾਰ ਵੱਖ-ਵੱਖ ਵਿਭਾਗਾਂ ਵਿੱਚ ਪਈਆਂ 30 ਲੱਖ ਅਸਾਮੀਆਂ ਨੂੰ ਭਰਨ ਵਿੱਚ ਨਾਕਾਮ ਰਹੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਸਭ ਤੋਂ ਪਹਿਲਾਂ 30 ਲੱਖ ਖਾਲੀ ਨੌਕਰੀਆਂ ਨੂੰ ਤੁਰੰਤ ਭਰੇਗੀ।ਇਸ ਤੋਂ ਇਲਾਵਾ ਸਰਕਾਰ ਅਪ੍ਰੈਂਟਿਸਸ਼ਿਪ ਦੇ ਅਧਿਕਾਰ ਦੇ ਨਾਲ 'ਪਹਿਲੀ ਨੌਕਰੀ ਦੀ ਗਰੰਟੀ' ਵੀ ਪ੍ਰਦਾਨ ਕਰੇਗੀ।ਇਸ ਯੋਜਨਾ ਤਹਿਤ ਦੇਸ਼ ਵਿੱਚ ਹਰ ਨਵੇਂ ਗ੍ਰੈਜੂਏਟ ਜਾਂ ਡਿਪਲੋਮਾ ਧਾਰਕ ਨੂੰ ਪਹਿਲੇ ਸਾਲ ਵਿੱਚ ਉਸ ਮਿਆਦ ਲਈ 1 ਲੱਖ ਰੁਪਏ ਦੀ ਨਿਸ਼ਚਿਤ ਆਮਦਨ ਦੇ ਨਾਲ ਅਪ੍ਰੈਂਟਿਸਸ਼ਿਪ ਮਿਲੇਗੀ।

# ਕਮਿਸ਼ਨ ਏਜੰਟਾਂ ਤੇ ਟਰੱਕ ਚਾਲਕਾਂ ਨੇ ਸ਼ੈਲਰ ਅੱਗੇ ਲਾਇਆ ਧਰਨਾ

**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ-ਕਲਾਨੌਰ ਸਥਿਤ ਸ਼ੈਲਰ ਦੇ ਬਾਹਰ ਟਰੱਕਾਂ ਵਿੱਚੋਂ ਕਣਕ ਦੀ ਅਨਲੋਡਿੰਗ ਨਾ ਕੀਤੇ ਜਾਣ ਦੇ ਰੋਸ 'ਚ ਕਮਿਸ਼ਨ ਏਜੰਟਾਂ ਅਤੇ ਟਰੱਕ ਚਾਲਕਾਂ ਨੇ ਧਰਨਾ ਲਗਾ ਦਿੱਤਾ।ਆੜ੍ਹਤੀਆਂ ਅਤੇ ਟਰੱਕ ਚਾਲਕਾਂ ਦਾ ਦੋਸ਼ ਹੈ ਕਿ ਸ਼ੈਲਰ ਮਾਲਕ ਉਨ੍ਹਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕਰ ਰਿਹਾ ਹੈ। ਉਹ ਆਪਣੇ ਚਹੇਤਿਆਂ ਦੀਆਂ ਗੱਡੀਆਂ ਤਾਂ ਨੂੰ ਅਨਲੋਡ ਕਰਵਾ ਰਿਹਾ ਹੈ, ਜਦਕਿ ਤਿੰਨ ਦਿਨਾਂ ਤੋਂ ਉਨ੍ਹਾਂ ਦੇ ਗਡੀਆਂ ਖਾਲੀ ਨਹੀਂ ਕੀਤੀਆਂ ਜਾ ਰਹੀਆਂ।ਇਸ ਕਾਰਨ ਉਨ੍ਹਾਂ ਦਾ ਨੁਕਸਾਨ ਹੋ ਰਿਹਾ ਹੈ।ਟਰੱਕ ਝਲਕਾਂ ਨੇ ਦੋਸ਼ ਲਗਾਇਆ ਕਿ ਜਦੋਂ ਉਹ ਸ਼ੈਲਰ ਮਾਲਕ ਨਾਲ ਗੱਲ ਕਰਨ ਗਏ ਤਾਂ ਉਨ੍ਹਾਂ ਨਾਲ ਗਾਲੀ ਗਲੋਚ ਵੀ ਕੀਤਾ ਗਿਆ ।ਧਰਨੇ ਦੌਰਾਨ ਜ਼ਿਲਾ ਫੂਡ ਸਪਲਾਈ ਅਫਸਰ ਰਵਨੀਤ ਕੌਰ ਨੇ ਮੌਕੇ 'ਤੇ ਪਹੁੰਚ ਕੇ ਦੋਵਾਂ ਧਿਰਾਂ ਨੂੰ ਸਮਝਾਇਆ ਤੇ ਸਮਝੌਤਾ ਕਰਵਾ ਕੇ ਹੜਤਾਲ ਖਤਮ ਕਰਵਾਈ।ਧਰਨੇ ਵਿੱਚ ਪੁੱਜੇ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਸੂਬਾਈ ਯੂਥ ਪ੍ਰਧਾਨ ਇੰਦਰਪਾਲ ਸਿੰਘ ਨੇ ਦੱਸਿਆ ਕਿ ਕਲਾਨੌਰ ਰੋਡ 'ਤੇ ਸਥਿਤ ਇਸ ਸ਼ੈਲਰ ਵਿੱਚ ਪਿਛਲੇ ਤਿੰਨ ਦਿਨਾਂ ਤੋਂ ਟਰੱਕਾਂ ਵਿੱਚੋਂ ਕਣਕ ਦੀ ਅਨਲੋਡਿੰਗ ਨਹੀਂ ਕੀਤੀ ਜਾ ਰਹੀ ।ਕਮਿਸ਼ਨ ਏਜੰਟ ਤਿੰਨ ਦਿਨਾਂ ਤੋਂ ਫਸਲ ਲੈ ਕੇ ਖੜ੍ਹੇ ਹਨ, ਪਰ ਕੋਈ ਸੁਣਵਾਈ ਨਹੀਂ ਹੋ ਰਹੀ।ਖ਼ਰਾਬ ਮੌਸਮ ਕਾਰਨ ਫ਼ਸਲ ਖ਼ਰਾਬ ਹੋ ਸਕਦੀ ਹੈ ਪਰ ਕਿਸੇ ਨੂੰ ਕੋਈ ਪ੍ਰਵਾਹ ਨਹੀਂ।ਟਰੱਕ ਮਾਲਕਾਂ ਦਾ ਸਮਾਂ ਬਿਨਾਂ ਵਜ੍ਹਾ ਬਰਬਾਦ ਕੀਤਾ ਜਾ ਰਿਹਾ ਹੈ।ਮਾਮਲੇ ਵਿੱਚ ਸ਼ੈਲਰ ਮਾਲਕ ਵੱਲੋਂ ਫੋਨ ਤੇ ਗੱਲ ਤਾਂ ਕੀਤੀ ਗਈ ਪਰ ਆਪਣਾ ਪੱਖ ਰੱਖਣ ਤੋਂ ਇਨਕਾਰ ਕਰ ਦਿੱਤਾ ਗਿਆ।ਫੂਡ ਸਪਲਾਈ ਅਫਸਰ ਰਵਨੀਤ ਕੌਰ ਨੇ ਦੱਸਿਆ ਕਿ ਸ਼ੈਲਰ ਮਾਲਕ ਨੇ ਕੰਡਾ ਬੰਦ ਕਰ ਦਿੱਤਾ ਸੀ, ਜਿਸ ਨੂੰ ਚਾਲੂ ਕਰਵਾ ਦਿੱਤਾ ਗਿਆ ਹੈ। ਗੱਡੀਆਂ ਨੂੰ ਅਨਲੋਡ ਕਰਨ ਦਾ ਕੰਮ ਵੀ ਆਪਣੀ ਵਾਰੀ ਅਨੁਸਾਰ ਸ਼ੁਰੂ ਹੋ ਗਿਆ ਹੈ।ਦੋਵਾਂ ਧਿਰਾਂ ਵਿਚਾਲੇ ਸਮਝੌਤਾ ਹੋਣ ਤੋਂ ਬਾਅਦ ਧਰਨਾ ਖਤਮ ਕਰ ਦਿੱਤਾ ।

# ਭਾਜਪਾ ਦੀਆਂ ਫੁੱਟ ਪਾਊ ਨੀਤੀਆਂ ਨੂੰ ਭਾਂਜ ਦੇਣ ਲਈ ਕਾਂਗਰਸ ਨੂੰ ਵੋਟਾਂ ਪਾਓ : ਔਜਲਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਵੱਲੋਂ ਅਟਾਰੀ ਹਲਕੇ ਦੇ ਪਿੰਡ ਸੋਹੀਆਂ ਖੁਰਦ ਵਿਖੇ ਇੱਕ ਚੋਣ ਰੈਲੀ ਸਰਪੰਚ ਨਿਸ਼ਾਨ ਸਿੰਘ ਦੇ ਗ੍ਰਹਿ ਵਿਖੇ ਕੀਤੀ ਗਈ। ਇਸ ਰੈਲੀ ਦਾ ਸਮੁੱਚਾ ਪ੍ਰਬੰਧ ਪਿੰਡ ਦੇ ਸਰਪੰਚ ਜਗੀਰ ਸਿੰਘ ਵੱਲੋਂ ਕੀਤਾ ਗਿਆ।ਰੈਲੀ ਸਮੇਂ ਬੋਲਦਿਆਂ ਔਜਲਾ ਨੇ ਕਿਹਾ ਕਿ ਭਾਜਪਾ ਸ਼ੁਰੂ ਤੋਂ ਹੀ ਫੁੱਟ ਪਾਊ ਅਤੇ ਵੰਡੀਆਂ ਪਾਉਣ ਦੀ ਸਿਆਸਤ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਬੀਜੇਪੀ ਘੱਟ ਗਿਣਤੀਆਂ ਲਈ ਖਤਰਾ ਹੈ ਅਤੇ ਉਹ ਘੱਟ ਗਿਣਤੀਆਂ ਨਾਲ ਨਫਰਤ ਭਰਿਆ ਵਤੀਰਾ ਕਰ ਰਹੀ ਹੈ, ਖਾਸ ਕਰ ਦੇਸ਼ ਦਾ ਮੁਸਲਿਮ ਭਾਈਚਾਰਾ ਆਪਣੇ ਆਪ ਨੂੰ ਅਸੁਰੱਖਿਤ ਮਹਿਸੂਸ ਕਰ ਰਿਹਾ ਹੈ।ਭਾਰਤ ਦੇ ਲੋਕ ਬੀਜੇਪੀ ਵੱਲੋਂ ਚੱਲੀਆਂ ਜਾ ਰਹੀਆਂ ਕੋਝੀਆਂ ਚਾਲਾਂ ਨੂੰ ਭਲੀ ਪ੍ਰਕਾਰ ਸਮਝ ਚੁੱਕੇ ਹਨ ਅਤੇ ਉਹ ਉਸ ਨੂੰ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਸਬਕ ਸਿਖਾਉਣ ਦਾ ਮਨ ਬਣਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਬੇਸ਼ੱਕ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 400 ਪਾਰ ਦਾ ਦਾਅਵਾ ਕਰ ਰਹੇ ਹਨ, ਪਰ ਮੈਂ ਕਹਿੰਦਾ ਉਹ ਇਸ ਵਾਰੀ 200 ਸੀਟਾਂ ਤੋਂ ਵੱਧ ਨਹੀਂ ਲਿਜਾ ਸਕਦੇ।ਸੁਖਰਾਜ ਰੰਧਾਵਾ ਨੇ ਇਸ ਸਮੇਂ ਔਜਲਾ ਦੀ ਤਾਰੀਫ ਕਰਦਿਆਂ ਕਿਹਾ ਕਿ ਉਹ ਬਹੁਤ ਹੀ ਮਿਲਾਪੜੇ ਸੁਭਾਅ ਦੇ ਵਿਅਕਤੀ ਹਨ ਅਤੇ ਲੋੜ ਪੈਣ 'ਤੇ ਹਰ ਕਿਸੇ ਦੇ ਕੰਮ ਆਉਣ ਵਾਲੇ ਹਨ। ਇਸ ਲਈ ਸਾਨੂੰ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਇਨ੍ਹਾਂ ਨੂੰ ਜਿਤਾਉਣਾ ਚਾਹੀਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਰਾਜ ਸਿੰਘ ਰੰਧਾਵਾ, ਕੀਰਤਨ ਬੀਰ ਸਿੰਘ ਖਡੂਰ ਸਾਹਿਬ, ਬਾਬਰ ਔਜਲਾ, ਜਗਤਾਰ ਸਿੰਘ, ਨਿਸ਼ਾਨ ਸਿੰਘ ਸਰਪੰਚ, ਜੋਬਨਜੀਤ ਸਿੰਘ, ਨਿਰਮਲ ਸਿੰਘ ਜੇਠੂਵਾਲ, ਸੰਤੋਖ ਸਿੰਘ ਸਾਬਕਾ ਸਰਪੰਚ, ਗੁਰਮੇਜ ਸਿੰਘ, ਚੇਤਾ ਸਿੰਘ, ਨਰਿੰਦਰ ਕੌਰ, ਮੁਖਤਿਆਰ ਸਿੰਘ, ਕਾਬਲ ਸਿੰਘ, ਸਵਿੰਦਰ ਸਿੰਘ, ਕੁੰਦਨ ਸਿੰਘ ਬਾਜੀਗਰ, ਲਖਵਿੰਦਰ ਸਿੰਘ, ਬੀਰ ਸਿੰਘ, ਹਿੰਮਤ ਸਿੰਘ (ਸਾਰੇ ਮੈਂਬਰ ਪੰਚਾਇਤ) ਹਰਪਾਲ ਸਿੰਘ ਸਰਪੰਚ ਮੱਲੂਵਾਲ, ਕਿਰਪਾਲ ਸਿੰਘ, ਅਰਸ਼ਦੀਪ ਸਿੰਘ ਯੂਥ ਪ੍ਰਧਾਨ, ਗੁਰਪ੍ਰੀਤ ਸਿੰਘ ਬਜਾਜ, ਸਤਨਾਮ ਭਭ ਸਿੰਘ ਮੁਧਲ, ਅਮਰਜੋਤ ਸਿੰਘ ਭੰਗੂ, ਅਮਰੀਕ ਸਿੰਘ ਸਰਪੰਚ ਜਹਾਂਗੀਰ, ਪ੍ਰਗਟ ਸਿੰਘ, ਬੂਟਾ ਸਿੰਘ ਅਤੇ ਰਸ਼ਪਾਲ ਸਿੰਘ ਬਲ ਬਾਬਾ ਆਗੂ ਅਤੇ ਪਾਰਟੀ ਵਰਕਰ ਹਾਜ਼ਰ ਸਨ।

# ਫਰਟੀਲਾਈਜ਼ਰ ਨਾਲ ਭਰੀ ਟਰੇਨ ਦਾ ਡੱਬਾ ਲਾਈਨ ਤੋਂ ਉਤਰਿਆ



**ਮਾਨਸਾ (ਰੀਤਵਾਲ)**-ਸਥਾਨਕ ਰੇਲਵੇ ਅੰਡਰ ਬ੍ਰਿਜ ਨਜ਼ਦੀਕ ਅੱਜ ਸਵੇਰ ਸਮੇ ਫਰਟੀਲਾਈਜ਼ਰ ਨਾਲ ਭਰੀ ਮਾਲ ਗੱਡੀ ਦੀ ਸੱਟਿੰਗ ਕਰਦੇ ਮੌਕੇ ਗੱਡੀ ਦਾ ਇੱਕ ਡੱਬਾ ਰੋਕ ਨੂੰ ਤੋੜਦੇ ਹੋਏ ਲਾਈਨ ਤੋਂ ਉਤਰ ਗਿਆ।ਜਿੱਥੇ ਜਾਨੀ ਨੁਕਸਾਨ ਤੋ ਬਚਾਅ ਰਿਹਾ। ਰੇਲਵੇ ਦੇ ਸੀਨੀਅਰ ਅਧਿਕਾਰੀ ਦਿੱਲੀ ਤੋਂ ਪੂਰੇ ਘਟਨਾ ਕ੍ਰਮ ਦਾ ਜਾਇਜ਼ਾ ਲੈਣ ਲਈ ਪੁੱਜੇ । ਜਦੋਂ ਕਿ ਮਜ਼ਦੂਰਾਂ ਵੱਲੋਂ ਟ੍ਰੇਨ ਵਿੱਚ ਲੋਡ ਕੀਤੀ ਫਰਟੀਲਾਈਜ਼ਰ ਉਤਾਰੀ ਜਾ ਰਹੀ ਹੈ।ਮੌਕੇ ਤੇ ਮੌਜੂਦ ਮਜ਼ਦੂਰ ਨੇ ਦੱਸਿਆ ਕਿ ਅੱਜ ਸਵੇਰੇ 9 ਵਜੇ ਦੇ ਕਰੀਬ ਪਲੇਟੀ ਤੇ ਲਗਾਉਣ ਲਈ ਫਰਟੀਲਾਈਜ਼ਰ ਨਾਲ ਭਰੀ ਟ੍ਰੇਨ ਦੀ ਸੱਟਿੰਗ ਕੀਤੀ ਜਾ ਰਹੀ ਸੀ ਕਿਉਂਕਿ ਜਦੋਂ ਤੱਕ ਸਾਰੇ ਡੱਬੇ ਪਲੇਟੀ ਤੇ ਨਹੀਂ ਲੱਗਦੇ ਤਾਂ ਸੱਟਿੰਗ ਕਰਕੇ ਡੱਬਿਆਂ ਨੂੰ ਪਲੇਟੀ ਤੇ ਲਗਾਇਆ ਜਾਂਦਾ ਹੈ।ਉਹਨਾਂ ਦੱਸਿਆ ਕਿ ਸੱਟਿੰਗ ਦੌਰਾਨ ਟਰੇਨ ਨੂੰ ਬੈਕ ਕਰਦਿਆਂ ਫਰਟੀਲਾਈਜ਼ਰ ਨਾਲ ਭਰਿਆ ਇੱਕ ਡੱਬਾ ਰੋਕ ਨੂੰ ਤੋੜਦੇ ਹੋਏ ਲਾਈਨ ਤੋਂ ਉਤਰ ਗਿਆ ਹੈ।ਜਿਸ ਨੂੰ ਖਾਲੀ ਕੀਤਾ ਜਾ ਰਿਹਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

CMYK

30-APR-PAGE-3.qxd 4/29/2024 10:46 PM Page 1



# ਦੇਸ਼ ਤੇ ਸੰਵਿਧਾਨ ਨੂੰ ਬਚਾਉਣ ਖਾਤਰ ਮੋਦੀ ਨੂੰ ਰਾਜ ਸੱਤਾ ਤੋਂ ਲਾਂਭੇ ਕਰਨਾ ਬਹੁਤ ਜ਼ਰੂਰੀ : ਦੇਵੀ ਕੁਮਾਰੀ



**ਤਰਨ ਤਾਰਨ (ਨਜ਼ਸ)**-ਪੰਜਾਬ ਖੇਤ ਮਜ਼ਦੂਰ ਸਭਾ ਦੀ ਮੀਟਿੰਗ ਬਾਕੀਪੁਰ ਵਿਖੇ ਕਾਮਰੇਡ ਜਸਪਾਲ ਸਿੰਘ ਅਤੇ ਕਾਮਰੇਡ ਸੁਖਦੇਵ ਸਿੰਘ ਬਾਕੀਪੁਰ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਬਲਾਕ ਸਕੱਤਰ ਰੁਪਿੰਦਰ ਕੌਰ ਨੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਸਰਮਾਏਦਾਰ ਨੀਤੀਆਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਆਰਐੱਸਐੱਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਭਾਰਤੀ ਸੰਵਿਧਾਨ ਦੀ ਥਾਂ ਮਨੂੰ ਸਮਿਰਤੀ ਨੂੰ ਆਪਣੇ ਸਰਮਾਏਦਾਰ ਮਿੱਤਰਾਂ ਅੰਬਾਨੀ, ਅਡਾਨੀ ਨੂੰ ਪਬਲਿਕ ਸੈਕਟਰ ਦੇ ਅਦਾਰੇ ਕੌਡੀਆਂ ਦੇ ਭਾਅ ਵੇਚ ਰਹੀ ਹੈ।ਉਨ੍ਹਾਂ ਦੇ ਵੱਡੇ ਕਰਜ਼ੇ ਮੁਆਫ ਕਰਕੇ ਵੱਟੇ ਖਾਤੇ ਪਾਈ ਜਾ ਰਹੀ ਹੈ।ਦੂਜੇ ਪਾਸੇ 2005 ਦੇ ਬਣੇ ਮਨਰੇਗਾ ਕਾਨੂੰਨ ਨੂੰ ਖਤਮ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ।ਉਨ੍ਹਾਂ ਕਿਹਾ ਕਿ ਮਨਰੇਗਾ ਕਾਮਿਆਂ ਨੂੰ ਕੰਮ ਮੰਗਣ 'ਤੇ ਕੰਮ ਨਹੀਂ ਦਿੱਤਾ ਜਾ ਰਿਹਾ ਅਤੇ ਨਾ ਹੀ ਕੀਤੇ ਹੋਏ ਕੰਮ ਦੇ ਪੈਸੇ ਸਮੇਂ ਸਿਰ ਦਿੱਤੇ ਜਾ ਰਹੇ ਹਨ ਜਿਸ ਦੀ ਤਾਜ਼ਾ ਮਿਸਾਲ ਪਿੰਡ ਬਾਕੀਪੁਰ ਤੋਂ ਮਿਲਦੀ ਹੈ।ਬਾਕੀਪੁਰ ਦੇ ਮਜ਼ਦੂਰਾਂ ਨੇ ਦੱਸਿਆ ਕਿ 2023 ਵਿੱਚ ਮਨਰੇਗਾ ਦਾ ਕੰਮ ਕੀਤਾ ਸੀ ਪਰ ਅਜੇ ਤੱਕ ਕੰਮ ਦੇ ਪੈਸੇ ਨਹੀਂ ਦਿੱਤੇ ਗਏ। ਦੂਜੇ ਪਾਸੇ ਖਾਣ ਪੀਣ ਲਈ ਵਾਲੀਆਂ ਵਸਤਾਂ ਵਿੱਚ ਅਥਾਹ ਵਾਧਾ ਕਰਕੇ ਗਰੀਬ ਲੋਕਾਂ ਦਾ ਖੂਨ ਚੂਸਿਆ ਜਾ ਰਿਹਾ ਹੈ।ਭ੍ਰਿਸ਼ਟਾਚਾਰ ਆਪਣੀਆਂ ਸਭ ਹੱਦਾਂ ਪਾਰ ਕਰ ਗਿਆ ਹੈ।ਘੱਟ-ਗਿਣਤੀਆਂ, ਔਰਤਾਂ ਅਤੇ ਦਲਿਤਾਂ ਦੇ ਕਤਲ ਲਗਾਤਾਰ ਕੀਤੇ ਜਾ ਰਹੇ ਹਨ।ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਨਾਅਰਾ ਦੇਣ ਵਾਲੀ ਮੋਦੀ ਸਰਕਾਰ ਗੂੜ੍ਹੀ ਨੀਂਦੇ ਸੁੱਤੀ ਪਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਖੇਤ ਮਜ਼ਦੂਰ ਸਭਾ ਕੇਂਦਰ ਦੀ ਮੋਦੀ ਸਰਕਾਰ ਦੀਆਂ ਨਾਕਾਮੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ। ਲੋਕਾਂ ਨੂੰ ਅਪੀਲ ਕਰਦੀ ਹੈ ਕਿ ਦੇਸ਼ ਅਤੇ ਸੰਵਿਧਾਨ ਨੂੰ ਬਚਾਉਣ ਖਾਤਰ ਮੋਦੀ ਨੂੰ ਰਾਜ ਸੱਤਾ ਤੋਂ ਲਾਂਭੇ ਕਰਨਾ ਬਹੁਤ ਜ਼ਰੂਰੀ ਹੈ।ਉਨ੍ਹਾਂ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਪੰਜਾਬ ਸਰਕਾਰ ਆਪਣੀਆਂ ਕੀਤੀਆਂ ਗਰੰਟੀਆਂ ਪੂਰੀਆਂ ਕਰੇ।ਮਜ਼ਦੂਰ ਲੋਕਾਂ ਦੇ ਕੱਟੇ ਹੋਏ ਰਾਸ਼ਨ ਕਾਰਡ ਤੁਰੰਤ ਬਹਾਲ ਕੀਤੇ ਜਾਣ, ਵਿਧਵਾ ਤੇ ਬੁਢਾਪਾ ਪੈਨਸ਼ਨ 5 ਹਜ਼ਾਰ, ਮਜ਼ਦੂਰ ਲੋਕਾਂ ਨੂੰ ਦਸ-ਦਸ ਮਰਲਿਆਂ ਦੇ ਪਲਾਟ, ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ ਮਾਈਕਰੋ ਫਾਈਨਾਂਸ ਕੰਪਨੀਆਂ ਸਮੇਤ ਮੁਆਫ, ਔਰਤਾਂ ਦੇ ਖਾਤਿਆਂ ਵਿੱਚ ਇੱਕ-ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਤੁਰੰਤ ਪਾਏ ਜਾਣ।ਇਸ ਮੌਕੇ ਗੁਰਜੰਟ ਸਿੰਘ, ਜਸਬੀਰ ਕੌਰ, ਰਣਜੀਤ ਕੌਰ, ਸ਼ਿੰਦਰ ਕੌਰ, ਗੁਰਵਿੰਦਰ ਸਿੰਘ, ਸੁਖਪਾਲ ਸਿੰਘ ਆਦਿ ਹਾਜ਼ਰ ਸਨ।

# ਰੂੜੀਵਾਦੀ ਰੀਤੀ-ਰਿਵਾਜ ਲੋਟੂ ਪੁਜਾਰੀ ਵਰਗ ਤੇ ਪੂੰਜੀਵਾਦੀ ਪ੍ਰਬੰਧ ਦੀ ਦੇਣ : ਤਰਕਸ਼ੀਲ ਸੁਸਾਇਟੀ

## ਤਰਕਸ਼ੀਲ ਪਰਿਵਾਰਕ ਮਿਲਣੀ 'ਚ ਲੋਕ-ਪੱਖੀ ਸੱਭਿਆਚਾਰ ਉਸਾਰਨ ਦੀ ਲੋੜ 'ਤੇ ਦਿੱਤਾ ਜ਼ੋਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਵੱਲੋਂ ਸਮਾਜ ਵਿੱਚੋਂ ਅੰਧ ਵਿਸ਼ਵਾਸਾਂ, ਰੂੜੀਵਾਦੀ ਰੀਤੀ ਰਿਵਾਜਾਂ, ਫ਼ਜ਼ੂਲ ਖਰਚੀ ਦੀਆਂ ਰਸਮਾਂ ਤੇ ਸਮਾਜਿਕ ਬੁਰਾਈਆਂ ਖ਼ਤਮ ਕਰਨ ਅਤੇ ਇਸਦੇ ਬਦਲ ਵਿਚ ਵਿਗਿਆਨਕ ਸੋਚ ਆਧਾਰਿਤ ਲੋਕ ਪੱਖੀ ਸਿਹਤਮੰਦ ਸੱਭਿਆਚਾਰ ਉਸਾਰਨ ਦੇ ਮਕਸਦ ਵਜੋਂ ਤਰਕਸ਼ੀਲ ਪਰਿਵਾਰਕ ਮਿਲਣੀ ਤਹਿਤ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਇਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ ਜਿਸ ਵਿੱਚ ਸਮੂਹ ਤਰਕਸ਼ੀਲ ਮੈਂਬਰਾਂ ਦੇ ਪਰਿਵਾਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ।ਇਸ ਮੌਕੇ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਨੇ ਭਾਰਤੀ ਸੱਭਿਆਚਾਰ ਨੂੰ ਕਿਰਤ, ਇਖਲਾਕ, ਫਲਸਫਾ, ਵਿਗਿਆਨ, ਭਾਸ਼ਾ, ਧਰਮ, ਤਕਨੀਕ, ਜਾਤ-ਪਾਤ, ਸਾਹਿਤ, ਕਲਾ, ਸੰਗੀਤ, ਖਾਣ-ਪੀਣ, ਪਹਿਰਾਵਾ, ਤਿਉਹਾਰ ਆਦਿ ਦੇ ਪ੍ਰਸੰਗ ਵਿਚ ਪਰਿਭਾਸ਼ਤ ਕਰਦਿਆਂ ਲੁਟੇਰੇ ਪੂੰਜੀਵਾਦੀ ਪ੍ਰਬੰਧ ਅਤੇ ਪੁਜਾਰੀ ਵਰਗ ਦੀ ਸਰਪ੍ਰਸਤੀ ਅਤੇ ਛਤਰ ਛਾਇਆ ਹੇਠ ਸਦੀਆਂ ਤੋਂ ਚਲਦੇ ਰੂੜੀਵਾਦੀ ਰੀਤੀ ਰਿਵਾਜਾਂ, ਫ਼ਜ਼ੂਲ ਖਰਚੀ ਦੀਆਂ ਬੇਲੋੜੀਆਂ ਰਸਮਾਂ ਨੂੰ ਆਪਣੇ ਪਰਿਵਾਰ ਅਤੇ ਸਮਾਜਿਕ ਸਮਾਗਮਾਂ 'ਚੋਂ ਪੂਰੀ ਤਰਾਂ ਖਤਮ ਕਰਨ ਅਤੇ ਤਰਕਸ਼ੀਲ ਕਦਰਾਂ-ਕੀਮਤਾਂ ਤੇ ਅਧਾਰਤ ਇਕ ਲੋਕ-ਪੱਖੀ ਸਿਹਤਮੰਦ ਸੱਭਿਆਚਾਰ ਉਸਾਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਲੋਕ-ਪੱਖੀ ਸੱਭਿਆਚਾਰਕ ਤਬਦੀਲੀ ਲਿਆਉਣ ਲਈ ਸਮਾਜ ਦੇ ਚੇਤਨ ਵਰਗ ਵੱਲੋਂ ਮੌਜੂਦਾ ਸਮਾਜਿਕ ਪੱਖੀ ਲੋਕ, ਫ਼ਜ਼ੂਲ ਖਰਚੀ ਅਤੇ ਰੂੜ੍ਹੀਵਾਦੀ ਸੱਭਿਆਚਾਰ ਦਾ ਡਟਵਾਂ ਵਿਰੋਧ ਕੀਤਾ ਜਾਣਾ ਜ਼ਰੂਰੀ ਹੈ। ਇਸ ਤੋਂ ਪਹਿਲਾਂ ਇਕਾਈ ਦੇ ਮੁੱਖ ਬੁਲਾਰੇ ਸੁਖਵਿੰਦਰ ਬਾਗਪੁਰ ਅਤੇ ਤਰਕਸ਼ੀਲ ਆਗੂ ਪ੍ਰਿੰ. ਮੇਲਾ ਰਾਮ ਨੇ ਤਰਕਸ਼ੀਲ ਸਾਥੀਆਂ ਦੀ ਸਮਰਪਿਤ ਭਾਵਨਾ ਦੀ ਪ੍ਰਸ਼ੰਸਾ ਕਰਦਿਆਂ ਅਜਿਹੀਆਂ ਤਰਕਸ਼ੀਲ ਪਰਿਵਾਰਕ ਮਿਲਣੀਆਂ ਕਰਵਾਉਣ ਅਤੇ ਸਿਹਤਮੰਦ ਸੱਭਿਆਚਾਰ ਦੇ ਆਦਾਨ-ਪ੍ਰਦਾਨ ਨੂੰ ਮੌਜੂਦਾ ਸਮਿਆਂ ਦੀ ਅਹਿਮ ਲੋੜ ਦੱਸਿਆ ਅਤੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ।ਇਸ ਮੌਕੇ ਤਰਕਸ਼ੀਲ ਆਗੂਆਂ ਕਾ. ਬਲਵਿੰਦਰ ਦੁਧਾਲਾ, ਮਾਸਟਰ ਬਲਦੇਵ ਰਾਜ ਵੇਰਕਾ, ਰਾਜ ਕੁਮਾਰ ਵੇਰਕਾ ਅਤੇ ਸੁਖਮੀਤ ਸਿੰਘ ਨੇ ਕਿਹਾ ਕਿ ਕੰਪਿਊਟਰ ਵਿਗਿਆਨ ਦੇ ਯੁੱਗ ਵਿੱਚ ਵੀ ਵੇਲਾ ਵਿਹਾ ਚੁੱਕੀਆਂ ਰੂੜੀਵਾਦੀ ਰਸਮਾਂ, ਰਿਵਾਜ ਅਤੇ ਸਮਾਜਿਕ ਬੁਰਾਈਆਂ ਜਿੱਥੇ ਲੋਕਾਂ ਦੀ ਹੱਕ ਹਲਾਲ ਦੀ ਕਮਾਈ ਨੂੰ ਲੁੱਟਣ ਵਾਲੇ ਇਕ ਵਿਹਲੜ ਪੁਜਾਰੀ ਵਰਗ ਅਤੇ ਪੂੰਜੀਵਾਦੀ ਪੱਖੀ ਸੱਭਿਆਚਾਰ ਦੀ ਦੇਣ ਹਨ ਪਰ ਤਰਕਸ਼ੀਲ ਸੁਸਾਇਟੀ ਦੇ ਪਿਛਲੇ ਦੋ ਦਹਾਕਿਆਂ ਤੋਂ ਡਾਕਟਰੀ ਖੋਜ ਕਾਰਜਾਂ ਲਈ ਮਰਨ ਉਪਰੰਤ ਸਰੀਰ ਦਾਨ ਅਤੇ ਲੋੜਵੰਦਾਂ ਲਈ ਅੱਖ ਅਤੇ ਅੰਗ ਪ੍ਰਦਾਨ ਕਰਨ ਦੇ ਇਲਾਵਾ ਦਾਜ ਦਹੇਜ ਦੀਆਂ ਰੂੜ੍ਹੀਵਾਦੀ ਰਸਮਾਂ ਛੱਡਣ ਦੀ ਲੋਕ ਲਹਿਰ ਸਥਾਪਤ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।ਇਸ ਮੌਕੇ ਤਰਕਸ਼ੀਲ ਪਰਿਵਾਰਾਂ ਦੇ ਮੈਂਬਰਾਂ ਕੰਤਰੀਰ, ਰਾਜਵੀਰ, ਦਮਨਜੀਤ ਕੌਰ ਅਤੇ ਬਲਜੀਤ ਕੌਰ ਨੇ ਕਿਹਾ ਕਿ ਤਰਕਸ਼ੀਲ ਸਾਹਿਤ ਅਤੇ ਤਰਕਸ਼ੀਲ ਪਰਿਵਾਰਾਂ ਨਾਲ ਜੁੜ ਕੇ ਹਾਸਿਲ ਕੀਤੀ ਵਿਗਿਆਨਕ ਚੇਤਨਾ ਦੇ ਨਤੀਜੇ ਵਜੋਂ ਉਹ ਆਪਣੀ ਜ਼ਿੰਦਗੀ ਵਿੱਚੋਂ ਪਾਠ-ਪੂਜਾ, ਆਤਮਾ-ਪ੍ਰਮਾਤਮਾ, ਅਖੌਤੀ ਭੂਤਾਂ-ਪ੍ਰੇਤਾਂ, ਜਾਦੂ-ਟੂਣਿਆਂ, ਧਾਗੇ ਤਵੀਤਾਂ, ਗ੍ਰਹਿ ਚੱਕਰਾਂ, ਰਾਸ਼ੀਫਲ, ਜਨਮ ਟੇਵਿਆਂ, ਵਾਸਤੂ ਸ਼ਾਸਤਰ, ਮੰਤਰ, ਕਾਲੇ ਇਲਮ, ਪੁਨਰ ਜਨਮ, ਸਵਰਗ-ਨਰਕ, ਕਿਸਮਤ ਆਦਿ ਦੇ ਅੰਧ-ਵਿਸ਼ਵਾਸਾਂ ਅਤੇ ਰੂੜ੍ਹੀਵਾਦੀ ਰਸਮਾਂ ਰਿਵਾਜਾਂ ਨੂੰ ਤਿਆਗ ਦੇਣ ਵਿਚ ਸਫ਼ਲ ਹੋਏ ਹਨ।ਇਸ ਮੌਕੇ ਆਤਮ ਪਬਲਿਕ ਸਕੂਲ ਦੇ ਮੁੱਖ ਨਿਰਦੇਸ਼ਕ ਪ੍ਰਤੀਕ ਸਹਿਦੇਵ ਨੇ ਤਰਕਸ਼ੀਲ ਸੁਸਾਇਟੀ ਵਲੋਂ ਸਮਾਜ ਨੂੰ ਉਸਾਰੂ ਤਰਕਸ਼ੀਲ ਸੱਭਿਆਚਾਰਕ ਬਦਲ ਦੇਣ ਦੇ ਉਦਮਾਂ ਦੀ ਪ੍ਰਸ਼ੰਸਾ ਕੀਤੀ।ਇਸ ਮੌਕੇ ਤਰਕਸ਼ੀਲ ਆਗੂ ਅਮਲਿਕ ਸਿੰਘ ਦੀ ਲਿਖੀ ਇੱਕ ਇਨਕਲਾਬੀ ਕਵਿਤਾ 'ਚਾਨਣ ਦੇ ਤਰਕਸ਼ੀਲ ਵਣਜਾਰੇ' ਪੇਸ਼ ਕੀਤੀ ਗਈ।ਸਮਾਗਮ ਦੇ ਅੰਤ ਵਿੱਚ ਤਰਕਸ਼ੀਲ ਆਗੂ ਬਨਾਰਸੀ ਦਾਸ ਨੇ ਸਮੂਹ ਤਰਕਸ਼ੀਲ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕਰਦਿਆਂ ਵੱਧ ਤੋਂ ਵੱਧ ਲੋਕਾਂ ਨੂੰ ਤਰਕਸ਼ੀਲ ਸੁਸਾਇਟੀ ਅਤੇ ਤਰਕਸ਼ੀਲ ਸਾਹਿਤ ਨਾਲ ਜੁੜਨ ਦਾ ਸੱਦਾ ਦਿੱਤਾ।ਇਸ ਮੌਕੇ ਤਰਕਸ਼ੀਲ ਹਰਜਿੰਦਰ ਜਲਾਲਪੁਰ, ਅਨਮੋਲ ਸਿੰਘ, ਪ੍ਰੋ. ਹੇਮੰਤ ਕੁਮਾਰ, ਬੀ.ਐਮ. ਸਿੰਘ, ਨਵਨੀਤ, ਮਨਜੀਤ ਸਿੰਘ, ਮਨੋਜ ਕੁਮਾਰ, ਨਵਜੀਤ, ਆਸ਼ਾ ਰਾਣੀ, ਹਰਜੀਤ ਕੌਰ, ਖੁਸ਼ਕਲਾ, ਵੀਨਾ ਕੁਮਾਰੀ ਆਦਿ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰ. ਮੈਡਮ ਅੰਕਿਤਾ ਸਹਿਦੇਵ, ਮੋਹਿਤ ਸਹਿਦੇਵ, ਕੋਮਲ ਸਹਿਦੇਵ, ਮੈਡਮ ਪਰਮਜੀਤ ਕੌਰ, ਮੈਡਮ ਤ੍ਰਿਪਤਾ ਆਦਿ ਹਾਜ਼ਰ ਸਨ।

# ਗੁੱਜਰਾਂ ਦੇ ਕੁੱਲ ਨੂੰ ਅੱਗ ਲੱਗਣ ਨਾਲ ਲੱਖਾਂ ਦਾ ਨੁਕਸਾਨ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਪੰਡੋਰੀ ਰੋਡ 'ਤੇ ਪੈਂਦੇ ਕੁਲਦੀਪ ਰਾਈਸ ਮਿਲਜ਼ ਦੇ ਬਿਲਕੁਲ ਨੇੜੇ ਗੁੱਜਰਾਂ ਦੇ ਕੁੱਲ ਨੂੰ ਅੱਗ ਲੱਗਣ ਨਾਲ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੀੜਤ ਗੁੱਜਰ ਬੱਚੂ ਪੁੱਤਰ ਸਪਾਹੀਆ ਪਿੰਡ ਭੱਟੀਆਂ ਨੇ ਦੱਸਿਆ ਕਿ ਉਹ ਆਪਣੇ ਕੁੱਲ ਤੋਂ ਕੁੱਝ ਦੂਰੀ 'ਤੇ ਪਸ਼ੂਆਂ ਨੂੰ ਚਰਾਉਣ ਵਾਸਤੇ ਗਏ ਹੋਏ ਸਨ ਅਤੇ ਇਹ ਘਟਨਾ ਸ਼ਾਮ 6 ਵਜੇ ਦੇ ਕਰੀਬ ਵਾਪਰੀ ਜਿਸ ਕਾਰਨ ਕੁੱਲ ਵਿਚ ਪਏ ਟਰੰਕ, ਪੇਟੀ, ਕੱਪੜੇ ਤੇ ਹੋਰ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ। ਇਸ ਘਟਨਾ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਗੱਡੀ ਨੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਉਨ੍ਹਾਂ ਦੱਸਿਆ ਕਿ ਕੁੱਲ ਵਿਚ ਪਏ ਕੱਪੜੇ, ਨਕਦੀ, ਸੋਨੇ/ਚਾਂਦੀ ਤੇ ਗਹਿਣਿਆਂ ਤੋਂ ਇਲਾਵਾ 1 ਲੱਖ 20 ਹਜ਼ਾਰ ਰੁਪਏ ਦੀ ਨਕਦੀ ਸੜ ਕੇ ਸੁਆਹ ਹੋ ਗਈ। ਪਿੰਡ ਦੇ ਸਰਪੰਚ ਸੁਭਾਸ਼ ਨੇ ਦੱਸਿਆ ਕਿ ਗੁੱਜਰ ਬੱਚੂ ਕਾਫ਼ੀ ਮਿਹਨਤੀ ਹੈ ਅਤੇ ਉਸ ਦੇ ਹੋਏ ਨੁਕਸਾਨ ਕਾਰਨ ਪਿੰਡ ਵਾਸੀਆਂ ਨੂੰ ਕਾਫ਼ੀ ਦੁੱਖ ਹੋਇਆ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤਾਂ ਕਰਕੇ ਉਸ ਨੂੰ ਢੁੱਕਵਾਂ ਮੁਆਵਜ਼ਾ ਦਿਵਾਉਣ ਦੀ ਹਦਾਇਤ ਕੀਤੀ ਜਾਵੇ।



# ਡਾ. ਚੀਮਾ ਦੇ ਹੱਕ 'ਚ ਸਰਕਲ ਪਨਿਆੜ ਦੇ ਵੱਡੇ ਮੱਟਮ 'ਚ ਹੋਈ ਚੋਣ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ



**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)** -ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਹੱਕ ਵਿਚ ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਸਰਕਲ ਪਨਿਆੜ ਦੇ ਪਿੰਡ ਵੱਡੇ ਮੱਟਮ ਵਿਖੇ ਸੂਬਾ ਸਿੰਘ ਸਰਕਲ ਪ੍ਰਧਾਨ ਦੇ ਘਰ ਭਰਵੀਂ ਚੋਣ ਮੀਟਿੰਗ ਹੋਈ, ਜਿਸ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਪੰਜਾਬ ਦੇ ਲੋਕ ਪਿੰਡਾਂ ਵਿਚ ਨਹੀਂ ਵੜਨ ਦੇ ਰਹੇ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਨਤਾ ਦੇ ਸਵਾਲਾਂ ਤੋਂ ਡਰਦੇ ਲੁਕ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਅਜੇ ਤੱਕ ਗੁਰਦਾਸਪੁਰ ਤੋਂ ਚੋਣ ਲੜਾਉਣ ਲਈ ਕੋਈ ਉਮੀਦਵਾਰ ਹੀ ਨਹੀਂ ਲੱਭ ਰਿਹਾ ਕਿਉਂਕਿ ਕਾਂਗਰਸ ਨੂੰ ਇੱਥੋਂ ਆਪਣੀ ਹਾਰ ਸਾਫ ਦਿਖਾਈ ਦੇ ਰਹੀ ਹੈ। ਡਾ. ਚੀਮਾ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਸਰਬਪੱਖੀ ਹਿਤਾਂ ਦੀ ਪਹਿਰੇਦਾਰੀ ਸਿਰਫ ਸ਼੍ਰੋਮਣੀ ਅਕਾਲੀ ਦਲ ਹੀ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਨੇ ਦੇਸ਼ ਦੇ ਵਪਾਰ, ਕਾਰੋਬਾਰ, ਖੇਤੀਬਾੜੀ ਅਤੇ ਰੁਜ਼ਗਾਰ ਦਾ ਬੇੜਾ ਗਰਕ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਕਿਹਾ ਕਿ ਵਪਾਰੀ ਵਰਗ ਜੀ.ਐਸ.ਟੀ.ਅਤੇ ਨੋਟਬੰਦੀ ਨੂੰ ਕਿਵੇਂ ਭੁੱਲ ਸਕਦਾ ਹੈ, ਜਿਸ ਕਾਰਨ ਲੋਕਾਂ ਦੇ ਚੰਗੇ-ਭਲੇ ਵਪਾਰ ਖਤਮ ਹੋਣ ਦੀ ਕਗਾਰ 'ਤੇ ਪੁੱਜ ਗਏ। ਆਪਣੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਮੰਗ ਰਹੇ ਕਿਸਾਨਾਂ 'ਤੇ ਕੇਂਦਰ ਸਰਕਾਰ ਦੇ ਜਬਰ ਨੂੰ ਵੀ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਦੀਆਂ ਲੋਕ ਵਿਰੋਧੀ ਤੇ ਪੰਜਾਬ ਵਿਰੋਧੀ ਨੀਤੀਆਂ ਕਾਰਨ ਹੀ ਉਸ ਨਾਲ ਆਪਣਾ 23 ਸਾਲ ਪੁਰਾਣਾ ਸਿਆਸੀ ਗਠਜੋੜ ਤੋੜਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੇ ਬਹੁਮਤ ਨਾਲ ਜਿਤਾ ਕੇ ਲੋਕ ਸਭਾ ਵਿਚ ਭੇਜਣਾ ਜ਼ਰੂਰੀ ਹੈ ਤਾਂ ਜੋ ਕੇਂਦਰ ਸਰਕਾਰ ਵਿਚ ਪੰਜਾਬ ਦੇ ਹਿਤਾਂ ਦੀ ਸਹੀ ਨੁਮਾਇੰਦਗੀ ਕੀਤੀ ਜਾ ਸਕੇ। ਇਸ ਮੌਕੇ ਦੀਨਾਨਗਰ ਦੇ ਹਲਕਾ ਇੰਚਾਰਜ ਕਮਲਜੀਤ ਚਾਵਲਾ ਨੇ ਆਖਿਆ ਕਿ ਗੁਰਦਾਸਪੁਰ ਦੇ ਲੋਕਾਂ ਦੀ ਹੁਣ ਤੱਕ ਇਹ ਬਦਕਿਸਮਤੀ ਰਹੀ ਹੈ ਕਿ ਇੱਥੋਂ ਲੋਕ ਸਭਾ ਮੈਂਬਰ ਬਣਨ ਵਾਲਿਆਂ ਨੇ ਚੋਣਾਂ ਤੋਂ ਬਗੈਰ ਕਦੇ ਵੀ ਹਲਕੇ ਵਿਚ ਗੇੜਾ ਤੱਕ ਨਹੀਂ ਮਾਰਿਆ, ਲੋਕਾਂ ਦੀ ਸਾਰ ਲੈਣੀ ਤਾਂ ਦੂਰ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਡਾ. ਦਲਜੀਤ ਸਿੰਘ ਚੀਮਾ ਗੁਰਦਾਸਪੁਰ ਦੇ ਜੰਮਪਲ ਪੜ੍ਹੇ-ਲਿਖੇ ਉਮੀਦਵਾਰ ਹਨ ਅਤੇ ਇਹ ਜਿੱਤ ਕੇ ਦਿਨ-ਰਾਤ ਹਲਕੇ ਦੇ ਲੋਕਾਂ ਦੀ ਸੇਵਾ ਕਰਨਗੇ। ਇਸ ਮੌਕੇ ਪਨਿਆੜ ਸਰਕਲ ਦੇ ਪ੍ਰਧਾਨ ਸੂਬਾ ਸਿੰਘ ਨੇ ਕਿਹਾ ਕਿ ਡਾ. ਚੀਮਾ ਨੂੰ ਜਿਤਾਉਣ ਲਈ ਪਾਰਟੀ ਵਰਕਰਾਂ ਵਿਚ ਪੂਰਾ ਉਤਸ਼ਾਹ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪੀ.ਏ.ਸੀ. ਮੈਂਬਰ ਦਲਬੀਰ ਸਿੰਘ ਬਿੱਲਾ, ਹਰਮਨਦੀਪ ਸਿੰਘ, ਪਰਮਜੀਤ ਸਿੰਘ, ਕੁਲਵਿੰਦਰ ਸਿੰਘ, ਜੋਗਾ ਸਿੰਘ, ਦਿਲਬਾਗ ਸਿੰਘ, ਅਵਤਾਰ ਸਿੰਘ, ਲਖਵਿੰਦਰ ਸਿੰਘ, ਸਰਬਜੀਤ ਸਿੰਘ ਲਾਲੀ, ਹਰਪ੍ਰੀਤ ਸਿੰਘ, ਸਾਬਕਾ ਸਰਪੰਚ ਦਲਵੀਰ ਸਿੰਘ ਚੰਦਾ, ਭੁਪਿੰਦਰ ਸਿੰਘ, ਗੁਰਦੀਪ ਸਿੰਘ ਨੰਗਲ ਡਾਲਾ, ਕੁਲਵੰਤ ਸਿੰਘ ਡੁਗਰੀ, ਸਰਦੂਲ ਸਿੰਘ ਇਉਂਦਪੁਰ ਚਿੱਟਾ, ਕ੍ਰਿਸ਼ਨ ਕੁਮਾਰ, ਬਲਵਿੰਦਰ ਸਿੰਘ ਸੰਜੂ, ਸੁਰਿੰਦਰ ਕੁਮਾਰ, ਬੀਬੀ ਮਨਪ੍ਰੀਤ ਕੌਰ, ਬੀਬੀ ਬਲਜੀਤ ਕੌਰ, ਬੀਬੀ ਬਲਵਿੰਦਰ ਸਿੰਘ, ਬੀਬੀ ਤਜਿੰਦਰ ਕੌਰ, ਸੁਰਿੰਦਰ ਪਾਲ, ਜਗਪਾਲ ਸਿੰਘ, ਰੋਹਿਤ ਅਤੇ ਗੁਰਪ੍ਰੀਤ ਸਿੰਘ ਦੈਂਤਪੁਰਾ ਆਦਿ ਹਾਜ਼ਰ ਸਨ।

## ਸੜਕ 'ਤੇ ਖੜ੍ਹੀਆਂ ਕਣਕ ਨਾਲ ਲੱਦੀਆਂ ਟਰੈਕਟਰ-ਟਰਾਲੀਆਂ ਬਣ ਰਹੀਆਂ ਪ੍ਰੇਸ਼ਾਨੀ ਦਾ ਸਬੱਬ



**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਤਿੱਬੜੀ ਬਾਈਪਾਸ ਤੋਂ ਥੋੜ੍ਹੀ ਅੱਗੇ ਸੜਕ 'ਤੇ ਕਣਕ ਨਾਲ ਲੱਦੀਆਂ ਟਰੈਕਟਰ, ਟਰਾਲੀਆਂ ਅਤੇ ਟਰੱਕਾਂ ਦੀਆਂ ਲੰਬੀਆਂ ਲੰਬੀਆਂ ਲਾਈਨਾਂ ਲੱਗਣ ਕਾਰਨ ਟਰੈਫ਼ਿਕ ਵਿਚ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ ਕਿਉਂਕਿ ਸੜਕ ਦੀ ਚੌੜਾਈ ਘੱਟ ਹੋਣ ਕਾਰਨ ਵਾਹਨ ਦਾ ਆਹਮਣੇ-ਸਾਹਮਣੇ ਤੋਂ ਗੁਜ਼ਰਨਾ ਬੇਹੱਦ ਮੁਸ਼ਕਿਲ ਹੋਇਆ ਪਿਆ ਹੈ। ਇਸ ਪਾਸੇ ਪੁਲਸ ਪ੍ਰਸ਼ਾਸਨ ਦਾ ਧਿਆਨ ਨਾ ਹੋਣ ਕਾਰਨ ਰਾਹਗੀਰਾਂ ਦਾ ਪ੍ਰਸ਼ਾਸਨ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਕਣਕ ਨਾਲ ਲੱਦੀਆਂ ਟਰਾਲੀਆਂ ਦੀ ਅਨਲੋਡਿੰਗ ਦਾ ਕੰਮ ਢਿੱਲਾ ਹੋਣ ਕਾਰਨ ਟਰਾਲੀਆਂ ਅਤੇ ਟਰੱਕਾਂ ਨੂੰ ਸੜਕਾਂ 'ਤੇ ਖੜ੍ਹਾ ਰਹਿਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸੜਕ ਦੀ ਚੌੜਾਈ ਘੱਟ ਹੋਣ ਕਾਰਨ ਇਥੋਂ ਲੰਘਣ ਸਮੇਂ ਕਾਫ਼ੀ ਸਮੱਸਿਆਵਾਂ ਪੇਸ਼ ਆਉਂਦੀਆਂ ਹਨ। ਲੋਕਾਂ ਨੇ ਮੰਗ ਕੀਤੀ ਕਿ ਕਣਕ ਦੀਆਂ ਲੱਦੀਆਂ ਗੱਡੀਆਂ ਦੀ ਅਨਲੋਡਿੰਗ ਛੇਤੀ ਤੋਂ ਛੇਤੀ ਕਰਵਾਉਣ ਦੇ ਪ੍ਰਬੰਧ ਕੀਤੇ ਜਾਣ ਤਾਂ ਜੋ ਕਿਸੇ ਵੇਲੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

29ਜੀਡੀਪੀ01

## ਨਾਜਾਇਜ਼ ਸ਼ਰਾਬ ਸਮੇਤ ਦੋ ਵਿਅਕਤੀ ਕਾਬੂ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਕਾਹਨੂੰਵਾਨ ਦੇ ਏਐੱਸਆਈ ਪਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਪੁਲਸ ਪਾਰਟੀ ਸਮੇਤ ਟਾਂਗਿਆਂ ਵਾਲਾ ਅੱਡਾ ਪੰਡੋਰੀ ਰੋਡ ਤੁਗਲਵਾਲ ਤੋਂ ਜਰਨੈਲ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਤੁਗਲਵਾਲ ਨੂੰ 7500 ਐੱਮਐੱਲ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਇਸੇ ਤਰ੍ਹਾਂ ਥਾਣਾ ਘੁੰਮਣ ਕਲਾਂ ਦੇ ਏਐੱਸਆਈ ਕੁਲਵਿੰਦਰ ਸਿੰਘ ਨੇ ਪੁਲਸ ਪਾਰਟੀ ਸਮੇਤ ਮੁੱਖਬਰ ਦੀ ਇਤਲਾਹ 'ਤੇ ਹਰਪਾਲ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਵੜੈਚ ਦੇ ਘਰ ਰੇਡ ਕਰਕੇ ਕਥਿਤ ਦੋਸ਼ੀ ਨੂੰ 20 ਕਿੱਲੋ ਲਾਹਣ ਸਮੇਤ ਕਾਬੂ ਕੀਤਾ ਹੈ। ਪੁਲਸ ਇਨ੍ਹਾਂ ਦੋਵਾਂ ਕਥਿਤ ਦੋਸ਼ੀਆਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਸ਼ਕਤੀ ਹੈਲਪ ਡੈਸਕ ਵੱਲੋਂ ਜਾਗਰੂਕਤਾ ਸੈਮੀਨਾਰ ਆਯੋਜਿਤ

**ਬਟਾਲਾ (ਡਾ. ਮਲਵਿੰਦਰ ਸਿੰਘ)**-ਐੱਸਐੱਸਪੀ ਬਟਾਲਾ ਮੈਡਮ ਅਸ਼ਵਨੀ ਗੋਟਿਆਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਦੇ ਸ਼ਕਤੀ ਹੈਲਪ ਡੈਸਕ ਅਤੇ ਪੀਪੀਐੱਮਐੱਮ ਵੱਲੋਂ ਸਾਂਝ ਕੇਂਦਰ ਸਬ-ਡਵੀਜ਼ਨ ਸਿਟੀ ਬਟਾਲਾ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਔਰਤਾਂ ਦੇ ਅਧਿਕਾਰਾਂ, ਸਾਈਬਰ ਕਰਾਈਮ ਅਤੇ ਨਸ਼ਾਖੋਰੀ ਦੇ ਦੁਰਪ੍ਰਭਾਵਾਂ ਆਦਿ ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਜਾਗਰੂਕਤਾ ਸੈਮੀਨਾਰ ਦੌਰਾਨ ਨਸ਼ਿਆਂ ਵਿਰੁੱਧ ਜਾਗਰੂਕ ਕਰਦਿਆਂ ਨਸ਼ਿਆਂ ਦੇ ਦੁਰਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਨਸ਼ਿਆਂ ਤੋਂ ਪੀੜਤ ਵਿਅਕਤੀ ਨਾਲ ਹਮਦਰਦੀ ਦਾ ਵਤੀਰਾ ਅਪਣਾਇਆ ਜਾਵੇ ਅਤੇ ਉਸਦੇ ਇਲਾਜ ਲਈ ਪੀੜਤ ਨੂੰ ਮੁੜ ਵਸੇਬੇ ਕੇਂਦਰ ਵਿੱਚ ਭਰਤੀ ਕਰਵਾਇਆ ਜਾਵੇ।ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਦੁਰਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਲਈ ਵੱਧ ਤੋਂ ਵੱਧ ਜਾਗਰੂਕਤਾ ਸੈਮੀਨਾਰ ਲਗਾਏ ਜਾ ਰਹੇ ਹਨ ਤਾਂ ਜੋ ਬੱਚਿਆਂ ਦੇ ਨਾਲ-ਨਾਲ ਨੌਜਵਾਨ ਵਰਗ ਇਸ ਤੋਂ ਦੂਰ ਰਹੇ। ਉਨ੍ਹਾਂ ਹੈਲਪਲਾਈਨ ਨੰਬਰ 112 ਬਾਰੇ ਵੀ ਜਾਗਰੂਕ ਕੀਤਾ ਅਤੇ ਕਿਹਾ ਕਿ ਸਹਾਇਤਾ ਲੈਣ ਲਈ ਇਸੇ ਨੰਬਰ 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

# ਆਈਲੈੱਟਸ ਸੈਂਟਰਾਂ 'ਚ ਵੀ ਵੋਟਰ ਜਾਗਰੂਕਤਾ ਮੁਹਿੰਮ ਜ਼ੋਰਾਂ 'ਤੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਘਨਸ਼ਾਮ ਥੋਰੀ ਦੀ ਯੋਗ ਅਗਵਾਈ ਹੇਠ ਚੇਅਰਪਰਸਨ ਅੰਮ੍ਰਿਤਸਰ ਪੱਛਮੀ ਵਿਧਾਨ ਸਭਾ ਹਲਕੇ ਦੇ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਐੱਸਡੀਐੱਮ-2 ਮਨਕੰਵਲ ਸਿੰਘ ਚਾਹਲ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕ ਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਜੋਂ ਅੰਮ੍ਰਿਤਸਰ ਪੱਛਮੀ ਵਿਧਾਨ ਸਭਾ ਹਲਕਿਆਂ ਵਿੱਚ ਪੈਂਦੇ ਕਈ ਆਈਲੈੱਟਸ ਸੈਂਟਰਾਂ ਵਿਖੇ ਵੋਟਰ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤੇ ਜਾ ਰਹੇ ਹਨ।ਇਨ੍ਹਾਂ ਸੈਮੀਨਾਰਾਂ ਬਾਰੇ ਜਾਣਕਾਰੀ ਦਿੰਦੇ ਹੋਏ ਅੰਮ੍ਰਿਤਸਰ ਪੱਛਮੀ ਵਿਧਾਨਸਭਾ ਹਲਕੇ ਦੇ ਨੋਡਲ ਅਫ਼ਸਰ ਸਵੀਪ ਪ੍ਰਿੰ. ਸੁਨੀਲ ਗੁਪਤਾ ਨੇ ਦੱਸਿਆ ਕਿ ਇਨ੍ਹਾਂ ਸੈਮੀਨਾਰਾਂ ਦਾ ਨੌਜਵਾਨ ਵੋਟਰਾਂ ਨੂੰ ਵੋਟਾਂ ਵਿੱਚ ਭਾਗ ਲੈਣ ਕਈ ਪ੍ਰੇਰਿਤ ਕਰਨਾ ਹੈ।ਉਨ੍ਹਾਂ ਦੱਸਿਆ ਕਿ ਹੁਣ ਤੱਕ ਅੰਮ੍ਰਿਤਸਰ ਪੱਛਮੀ ਦੇ 10 ਆਈਲੈੱਟਸ ਸੈਂਟਰਾਂ ਵਿੱਚ ਅਜਿਹੇ ਵੋਟਰ ਜਾਗਰੂਕਤਾ ਸੈਮੀਨਾਰ ਕਰਵਾਏ ਜਾ ਚੁੱਕੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਸਾਰੇ ਆਈਲੈੱਟਸ ਸੈਂਟਰਾਂ ਵਿੱਚ ਅਜਿਹੇ ਹੋਰ ਸੈਮੀਨਾਰ ਆਯੋਜਿਤ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਸੈਮੀਨਾਰਾਂ ਦੌਰਾਨ ਵਿਦਿਆਰਥੀਆਂ ਨੂੰ ਚੋਣ ਪ੍ਰਕਿਰਿਆ ਸਬੰਧੀ ਮੋਬਾਈਲ ਐਪ ਵੀ ਡਾਊਨਲੋਡ ਕਰਵਾਏ ਗਏ।ਉਨ੍ਹਾਂ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਕਿ 1 ਜੂਨ ਵਾਲੇ ਦਿਨ ਆਪਣੇ ਵੋਟ ਪਾਉਣ ਦੇ ਲੋਕਤੰਤਰਿਕ ਹੱਕ ਦੀ ਵਰਤੋਂ ਜ਼ਰੂਰ ਕਰਨ।ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਇਸ ਵਾਰ 'ਅਬ ਕੀ ਬਾਰ ਸੱਤਰ ਪ੍ਰਤੀਸ਼ਤ ਪਾਰ' ਦਾ ਨਾਅਰਾ ਦਿੱਤਾ ਗਿਆ ਹੈ, ਇਸ ਲਈ ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਵਿੱਚ ਭਾਗ ਲੈਣਾ ਚਾਹੀਦਾ ਹੈ ਤਾਂ ਜੋ ਜ਼ਿਲ੍ਹਾ ਅੰਮ੍ਰਿਤਸਰ ਵਿੱਚ 70 ਪ੍ਰਤੀਸ਼ਤ ਵੋਟਿੰਗ ਦੇ ਅੰਕੜੇ ਨੂੰ ਪਾਰ ਕੀਤਾ ਜਾ ਸਕੇ।ਇਸ ਮੌਕੇ ਜ਼ਿਲ੍ਹਾ ਪੱਧਰੀ ਸਵੀਪ ਟੀਮ ਮੈਂਬਰ ਮੁਨੀਸ਼ ਕੁਮਾਰ, ਆਸ਼ੂ ਧਵਨ ਅਤੇ ਪੰਕਜ ਕੁਮਾਰ ਵੀ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਨੂੰ ਝਟਕਾ, ਯਾਦਵਿੰਦਰ ਸਿੰਘ ਯਾਦ ਤਰਸਿੱਕਾ ਭਾਜਪਾ 'ਚ ਸ਼ਾਮਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵਕਤ ਹਲਕਾ ਜੰਡਿਆਲਾ ਵਿੱਚ ਭਾਰੀ ਝਟਕਾ ਲੱਗਾ ਜਦੋਂ ਆਈਟੀ ਵਿੰਗ ਦੇ ਪ੍ਰਧਾਨ ਯਾਦਵਿੰਦਰ ਸਿੰਘ ਯਾਦ ਤਰਸਿੱਕਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਭਾਜਪਾ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ ਗਿਆ ਜਿਨ੍ਹਾਂ ਦਾ ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਉਮੀਦਵਾਰ ਮਨਜੀਤ ਸਿੰਘ ਮੰਨਾ ਵੱਲੋਂ ਸਵਾਗਤ ਕਰਦਿਆਂ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਪਾਰਟੀ ਪ੍ਰਤੀ ਸ਼ਿਕਾਇਤ ਨਹੀਂ ਆਉਣ ਦਿੱਤੀ ਜਾਵੇਗੀ ਤੇ ਹਰ ਵਕਤ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਜ਼ਿਆਦਾਤਰ ਲੋਕਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਰਕਰਾਂ ਦੀ ਕੋਈ ਕਦਰ ਨਹੀਂ ਕੀਤੀ ਜਾ ਰਹੀ ਜਿਸ ਕਾਰਨ ਵਰਕਰ ਤੰਗ ਹਨ ਅਤੇ ਹੁਣ ਉਹ ਆਪਣਾ ਬਦਲ ਭਾਰਤੀ ਜਨਤਾ ਪਾਰਟੀ ਵਜੋਂ ਵੇਖ ਰਹੇ ਹਨ ਤੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਇਸ ਮੌਕੇ ਮਨਜੀਤ ਸਿੰਘ ਮੰਨਾ ਵੱਲੋਂ ਯਾਦਵਿੰਦਰ ਸਿੰਘ ਯਾਦ ਤਰਸਿੱਕਾ ਨੂੰ ਕਨਵੀਨਰ ਲੋਕ ਸਭਾ ਹਲਕਾ ਖਡੂਰ ਸਾਹਿਬ ਭਾਰਤੀ ਜਨਤਾ ਪਾਰਟੀ ਵਜੋਂ ਨਿਯੁਕਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜਪਾਲ ਸਿੰਘ ਮਹਿਤਾ ਚੌਂਕ, ਗੁਲਜਿੰਦਰ ਸਿੰਘ ਲਾਡੀ, ਹਰਦੀਪ ਸਿੰਘ ਹਲਕਾ ਇੰਚਾਰਜ ਜੰਡਿਆਲਾ ਗੁਰੂ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਪੰਜਾਬ ਦੀਆਂ 13 ਸੀਟਾਂ ਜਿੱਤ ਕੇ 'ਆਪ' ਦੇ ਉਮੀਦਵਾਰ ਇਤਿਹਾਸ ਰਚਣਗੇ : ਚੈਨਪੁਰੀਆ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਆਮ ਆਦਮੀ ਪਾਰਟੀ ਸ਼ਹਿਰੀ ਅਜਨਾਲਾ ਦੇ ਪ੍ਰਧਾਨ ਤੇ ਸੀਨੀਅਰ ਆਗੂ ਦੀਪਕ ਕੁਮਾਰ ਚੈਨਪੁਰੀਆ ਨੇ ਆਪਣੇ ਦਫਤਰ ਅਜਨਾਲਾ ਵਿਖੇ ਕੁੱਝ ਚੋਣਵੇਂ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੀ ਜਨਤਾ ਜਾਣ ਚੁੱਕੀ ਹੈ ਕਿ ਪਿਛਲਿਆਂ ਰਹਿ ਚੁੱਕੀਆਂ ਸਰਕਾਰਾਂ ਨੇ ਸਿਰਫ ਪੰਜਾਬ 'ਤੇ ਰਾਜ ਕੀਤਾ, ਵਿਕਾਸ ਨਹੀਂ ਕੀਤਾ। ਪੰਜਾਬ ਵਿੱਚ ਨਵੀਂ ਬਣੀ ਆਮ ਆਦਮੀ ਪਾਰਟੀ ਨੇ ਆਪਣੇ ਦੋ ਸਾਲਾਂ ਦੇ ਕਾਰਜਕਾਲ ਵਿੱਚ ਪੰਜਾਬ ਅੰਦਰ ਹਰ ਪੱਖੋਂ ਵਿਕਾਸ ਕਾਰਜਾਂ ਦੇ ਕੰਮ ਬਿਨਾਂ ਮੱਤਭੇਦ ਤੋਂ ਕੀਤੇ ਹਨ।ਇਸ ਲੜੀ ਤੇ ਚਲਦਿਆਂ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਬਹੁਤ ਭਾਰੀ ਵੋਟਾਂ ਨਾਲ ਜਿੱਤ ਪ੍ਰਾਪਤ ਕਰਨਗੇ।ਉਨ੍ਹਾਂ ਕਿਹਾ ਕਿ ਅਜਨਾਲਾ ਹਲਕੇ ਦੀਆਂ ਨਵੀਂ ਸੜਕਾਂ ਬਣਾਇਆ ਗਈਆ।ਅਜਨਾਲਾ ਸ਼ਹਿਰ ਦਾ ਬਿਜਲੀ ਘਰ ਅਪਗਰੇਡ ਕੀਤਾ ਗਿਆ।ਸ਼ਹਿਰ ਵਿਚ ਗਲੀਆਂ/ਨਾਲੀਆਂ ਤੇ ਬਾਜ਼ਾਰਾਂ ਵਿੱਚ ਨਵੇਂ ਬਾਥਰੂਮ ਬਣਾਏ ਗਏ ਤੇ ਮੁਹੱਲਾ ਕਲੀਨਿਕ ਖੋਲ੍ਹੇ ਗਏ।ਸ਼ਹਿਰ ਦੇ ਹੋਰ ਸੁੰਦਰੀਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਸਭ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਕਰਕੇ ਹੀ ਹੋਇਆ ਹੈ।ਪਹਿਲਾਂ ਕਿੰਨੀਆਂ ਸਰਕਾਰਾਂ ਆਈਆਂ ਤੇ ਗਈਆ ਪਰ ਅਜਨਾਲਾ ਹਲਕੇ ਦੀ ਕਿਸੇ ਨੇ ਵੀ ਸਾਰ ਨਹੀਂ ਲਈ।ਦੀਪਕ ਚੈਨਪੁਰੀਆ ਨੇ ਕਿਹਾ ਕਿ ਪੰਜਾਬ ਦੇ ਅੰਦਰ ਆਮ ਆਦਮੀ ਪਾਰਟੀ ਦੇ ਲੋਕ ਸਭਾ ਚੋਣਾਂ ਦੇ ਉਮੀਦਵਾਰ 13 ਦੀਆਂ 13 ਸੀਟਾਂ 'ਤੇ ਜਿੱਤ ਕੇ ਬਹੁਤ ਵੱਡਾ ਇਤਿਹਾਸ ਰਚਣਗੇ।ਇਸ ਮੌਕੇ ਉਨ੍ਹਾਂ ਦੇ ਨਾਲ ਅਜਨਾਲਾ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਮੀਡੀਆ ਇੰਚਾਰਜ ਜਸਪਿੰਦਰ ਸਿੰਘ ਛੀਨਾ, ਵਾਰਡ ਨੰਬਰ 7 ਦੇ ਇੰਚਾਰਜ ਰਛਪਾਲ ਸਿੰਘ ਅਜਨਾਲਾ, ਅਮਰਦੀਪ ਸਿੰਘ ਰਿੰਕੂ, ਰਮਨਜੀਤ ਸਿੰਘ, ਵਿੱਕੀ ਸ਼ਰਾਫ ਆਦਿ ਹਾਜ਼ਰ ਸਨ।

# ਵਿਰਸਾ ਸਿੰਘ ਵਲਟੋਹਾ ਨੂੰ ਉਮੀਦਵਾਰ ਬਣਾਏ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੂੰ ਉਮੀਦਵਾਰ ਬਣਾਏ ਜਾਣ ਦੇ ਨਾਲ ਹਲਕੇ ਦੇ ਲੋਕਾਂ ਵਿੱਚ ਅਤੇ ਅਕਾਲੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਹੈ ਵਿਰਸਾ ਸਿੰਘ ਵਲਟੋਹਾ ਨੂੰ ਵਧਾਈ ਦੇਣ ਵਾਲਿਆਂ ਦਾ ਤਾਤਾ ਲੱਗਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਸਰਕਲ ਤਰਸਿਕਾ ਦੇ ਪ੍ਰਧਾਨ ਮਨਜੀਤ ਸਿੰਘ ਤਰਸਿਕਾ ਨੇ ਵਿਰਸਾ ਸਿੰਘ ਵਲਟੋਹਾ ਨੂੰ ਉਮੀਦਵਾਰ ਬਣਾਇਆ ਜਾਣ ਦੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕਾਂ ਦੀ ਨਬਜ ਨੂੰ ਪਛਾਣਦਿਆਂ ਨਿਧੜਕ ਜਰਨੈਲ ਵਿਰਸਾ ਸਿੰਘ ਵਲਟੋਹਾ ਨੂੰ ਉਮੀਦਵਾਰ ਬਣਾ ਕੇ ਹਲਕੇ ਦੇ ਲੋਕਾਂ ਦੇ ਨਬਜ਼ ਨੂੰ ਪਛਾਣਿਆ ਹੈ ਜਿਸ ਸਦਕਾ ਵਿਰਸਾ ਸਿੰਘ ਵਲਟੋਹਾ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਹਲਕੇ ਦੀ ਨੁਹਾਰ ਬਦਲਣਗੇ ਇਸੇ ਹੀ ਤਰ੍ਹਾਂ ਨਵ ਨਿਯੁਕਤ ਯੂਥ ਅਕਾਲੀ ਦਲ ਸਰਕਲ ਤਰਸਿੱਕਾ ਦੇ ਪ੍ਰਧਾਨ ਯੋਧਾ ਖਜਾਲਾ ਨੇ ਕਿਹਾ ਕਿ ਉਹ ਦਿਨ ਰਾਤ ਮਿਹਨਤ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਦੀ ਜਿੱਤ ਨੂੰ ਯਕੀਨੀ ਬਣਾਉਣਗੇ ਇਸੇ ਹੀ ਤਰ੍ਹਾਂ ਸੀਨੀਅਰ ਅਕਾਲੀ ਆਗੂ ਹਰਜਿੰਦਰ ਸਿੰਘ ਨੰਗਲੀ ਅਤੇ ਕਵਰਦੀਪ ਸਿੰਘ ਮਾਨ ਨੇ ਕਿਹਾ ਕਿ ਸ਼ਰੋਮਣੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਮਾਝੇ ਦੀ ਜਰਨੈਲ ਬਿਕਰਮ ਸਿੰਘ ਮਜੀਠੀਆ ਵੱਲੋਂ ਇੱਕ ਯੋਗ ਉਮੀਦ ਵਾਰ ਹਲਕੇ ਵਾਲਿਆਂ ਨੂੰ ਦਿੱਤਾ ਹੈ ਹੁਣ ਹਲਕੇ ਦੇ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਜਿਤਾ ਕੇ ਵਿਰਸਾ ਸਿੰਘ ਦੀ ਝੋਲੀ ਵਿੱਚ ਜਿੱਤ ਪਾਉਣ ਅਤੇ ਅਸੀਂ ਆਸ ਕਰਦੇ ਹਾਂ ਕਿ ਜਿੱਤਣ ਤੋਂ ਬਾਅਦ ਵਿਰਸਾ ਸਿੰਘ ਵਲਟੋਹਾ ਹਲਕਾ ਖਡੂਰ ਸਾਹਿਬ ਦੀ ਹਰ ਪਿੰਡ ਹਰ ਗਲੀ ਮਹੱਲੇ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਉਹਨਾਂ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ ਤਨ ਦੇਹੀ ਨਾਲ ਵਿਰਸਾ ਸਿੰਘ ਵਲਟੋਹਾ ਦੀ ਜਿੱਤ ਲਈ ਦਿਨ ਰਾਤ ਮਿਹਨਤ ਕਰਨ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਜੋੜਨ ਦਾ ਮੌਕਾ ਮਿਲ ਸਕੇ ਮਨਜੀਤ ਸਿੰਘ ਤਰਸਿੱਕਾ ਕਵਰਦੀਪ ਸਿੰਘ ਮਾਨ ਹਰਜਿੰਦਰ ਸਿੰਘ ਨੰਗਲੀ ਵੱਲੋਂ ਵਿਰਸਾ ਸਿੰਘ ਵਲਟੋਹਾ ਨੂੰ ਮਿਲ ਕੇ ਉਹਨਾਂ ਨੂੰ ਮੁਬਾਰਕਬਾਦ ਵੀ ਦਿੱਤੀ ਤੇ ਉਹਨਾਂ ਦੀ ਜਿੱਤ ਲਈ ਦਿਨ ਰਾਤ ਮਿਹਨਤ ਕਰਨ ਦਾ ਭਰੋਸਾ ਦਵਾਇਆ

## ਸੰਧੂ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਇਸਾਈ ਭਾਈਚਾਰੇ ਵੱਲੋਂ ਕਮਰਕੱਸੇ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਦੀ ਜਿੱਤ ਯਕੀਨੀ ਬਣਾਉਣ ਲਈ ਇਸਾਈ ਭਾਈਚਾਰੇ ਵੱਲੋਂ ਵੀ ਕਮਰਕੱਸੇ ਕਰ ਲਏ ਗਏ ਹਨ।ਮਸੀਹੀ ਭਾਈਚਾਰੇ ਦੇ ਆਗੂ ਅਤੇ ਭਾਜਪਾ ਘਟ ਗਿਣਤੀ ਮੋਰਚਾ ਦੇ ਕੌਮੀ ਪ੍ਰਭਾਰੀ ਡਾ. ਅਸਲਮ, ਮੋਰਚੇ ਦੇ ਪੰਜਾਬ ਪ੍ਰਧਾਨ ਥਾਮਸ ਮਸੀਹ ਦੀ ਅਗਵਾਈ 'ਚ ਇਕ ਸਮਾਗਮ ਕਰਾਇਆ ਗਿਆ ਜਿਸ ਨੂੰ ਭਾਜਪਾ ਸੂਬਾ ਬੁਲਾਰੇ ਪ੍ਰੋ. ਸਰਚਾਂਦ ਸਿੰਘ , ਗੁਰਕੀਰਤ ਸਿੰਘ ਢਿੱਲੋਂ, ਚੰਦ ਜਾਫ਼ਰ ਪੰਜਾਬ ਮੀਤ ਪ੍ਰਧਾਨ, ਬਿਸ਼ਪ ਜੌਹਲ, ਪਾਸਟਰ ਅੰਦਰਿਆਸ ਅਤੇ ਦੈਨਿਅਲ ਨੇ ਸੰਬੋਧਨ ਕੀਤਾ। ਪ੍ਰੋ. ਸਰਚਾਂਦ ਸਿੰਘ ਨੇ ਮਸੀਹੀ ਸਮਾਜ ਵੱਲੋਂ ਵਿਸ਼ੇਸ਼ ਸਮਾਗਮ ਕਰਦਿਆਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਦੀ ਚੋਣ ਮੁਹਿੰਮ ਨੂੰ ਸਮਰਥਨ ਦੇਣ ਲਈ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਤਰਨਜੀਤ ਸਿੰਘ ਸੰਧੂ ਹੀ ਅੰਮ੍ਰਿਤਸਰ ਅਤੇ ਪੰਜਾਬ ਦੀ ਲੋਕ ਸਭਾ ਵਿਚ ਢੁੱਕਵੀਂ ਨੁਮਾਇੰਦਗੀ ਕਰਨ ਦੇ ਯੋਗ ਹਨ।ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਪਿਛਲੇ 7 ਸਾਲਾਂ ਤੋਂ ਅੰਮ੍ਰਿਤਸਰ ਦੀ ਨੁਮਾਇੰਦਗੀ ਕੀਤੀ ਹੈ ਉਨ੍ਹਾਂ ਨੇ ਸ਼ਹਿਰ ਦਾ ਕੋਈ ਵਿਕਾਸ ਨਹੀਂ ਕਰਾਇਆ।ਇਸ ਵਾਰ ਗੁਰੂ ਨਗਰੀ ਦੇ ਲੋਕ ਤਰਨਜੀਤ ਸਿੰਘ ਸੰਧੂ ਨੂੰ ਜਿਤਾ ਕੇ ਭਾਜਪਾ ਨੂੰ ਮੌਕਾ ਦੇਣਗੇ।ਉਨ੍ਹਾਂ ਕਿਹਾ ਕਿ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਗੁਰੂ ਨਗਰੀ ਦੇ ਵਿਕਾਸ ਅਤੇ ਲੋਕਾਂ ਦੀ ਖ਼ੁਸ਼ਹਾਲੀ ਦੇ ਏਜੰਡੇ ਨੂੰ ਲੈ ਕੇ ਚੋਣ ਮੈਦਾਨ ਵਿਚ ਨਰਿੰਦਰ ਮੋਦੀ ਵੱਲੋਂ ਉਤਾਰੇ ਗਏ ਹਨ।ਉਨ੍ਹਾਂ ਕਿਹਾ ਕਿ ਸੰਧੂ ਸਰਬਪੱਖੀ ਵਿਕਾਸ ਲਈ ਕ੍ਰਾਂਤੀਕਾਰੀ ਤਬਦੀਲੀ ਲਿਆ ਸਕਦਾ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਭਾਜਪਾ ਸਭ ਕਾ ਸਾਥ ਸਭ ਕਾ ਵਿਕਾਸ ਦੇ ਏਜੰਡੇ 'ਤੇ ਅੱਗੇ ਵੱਧ ਰਹੀ ਹੈ।ਉਨ੍ਹਾਂ ਕਿਹਾ ਕਿ ਮੋਦੀ ਦੀ ਗਰੰਟੀ ਹੈ ਕਿ 5 ਸਾਲ ਮੁਫ਼ਤ ਰਾਸ਼ਨ ਸਕੀਮ ਜਾਰੀ ਰਹੇਗੀ।5 ਲੱਖ ਤਕ ਆਯੂਸ਼ਮਾਨ ਸਿਹਤ ਬੀਮਾ ਯੋਜਨਾ ਗ਼ਰੀਬਾਂ ਨੂੰ ਮਿਲਦਾ ਰਹੇਗਾ। ਪੀ. ਐੱਮ. ਆਵਾਸ ਯੋਜਨਾ ਤਹਿਤ ਸਾਰੇ ਮਕਾਨ ਪੱਕੇ ਕੀਤੇ ਜਾਣਗੇ।ਹਰ ਘਰ ਵਿਚ ਪਾਣੀ ਲਈ ਨਲਕਾ ਲਗਾਇਆ ਜਾਵੇਗਾ। ਹਰ ਮਹੀਨੇ ਫ਼ਰੀ ਬਿਜਲੀ ਦਿੱਤੀ ਜਾਵੇਗੀ।


Reg. off.: 410-412,18/12, 4th Floor, W.E.A, Arya Samaj Road, Karol Bagh, New Delhi-110005,
Corp off.: 716-717, 7th Floor, Tower B, World Trade Tower, Sector 16, Noida, 201301, U.P., Ph.: +91 120 4290650/52/53/54/55, Email: info@cslfinance.in Legal@cslfinance.in., Web.: www.cslfinance.in, CIN: L74899DL1992PLC051462

CSL Finance Limted

**ਅਚੱਲ ਜਾਇਦਾਦ ਵਾਸਤੇ ਕਬਜ਼ਾ ਨੋਟਿਸ**
**[(ਅੰਤਿਕਾ IV)] ਰੂਲ 8 (1)**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਤਹਿਤ ਸੀ ਐੱਸ ਐੱਲ ਫਾਇਨਾਂਸ ਲਿਮ: (ਇਸ ਤੋਂ ਬਾਅਦ ਕੰਪਨੀ ਵਜੋਂ ਹਵਾਲਾ) ਦੇ ਅਧਿਕਾਰਤ ਅਫਸਰ ਵਜੋਂ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (2) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਇੱਕ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਮੰਗੀ ਗਈ ਰਕਮ ਮੁੜ ਅਦਾ ਕਰਨ 'ਚ ਅਸਫਲ ਰਹੇ ਹਨ, ਇਸ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਬਕਾਇਦਾ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਕੰਪਨੀ ਦੀ ਤਰਫੋਂ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਰੂਲ਼ਜ਼ ਦੇ ਰੂਲ 8 (1) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਹੇਠਾਂ ਦਰਸਾਈ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠਾਂ ਦਰਸਾਈ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਸਮੇਤ ਕੰਪਨੀ ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ/ਸਕਿਉਰਿਟੀ ਪ੍ਰੋਵਾਈਡਰ ਕਰਜ਼ਾ ਨੰ: | ਡਿਮਾਂਡ ਨੋਟਿਸ ਮਿਤੀ ਅਤੇ ਰਕਮ (ਰੁਪਏ 'ਚ) | ਕਬਜ਼ੇ ਦੀ ਮਿਤੀ |
|---|---|---|
| **ਐੱਲ ਏ ਐੱਨ : ਐੱਸ ਐੱਮ ਈ ਐੱਲ ਯੂ ਡੀ ਐੱਸ ਐੱਚ ਏ ਕੇ ਐੱਲ ਓ** 000005002340 ਕਰਜ਼ਦਾਰ-ਜਗਦੀਪ ਸਿੰਘ ਇੱਛਪੁਨਾਨੀ ਸਹਿ-ਕਰਜ਼ਦਾਰ/ਸਕਿਉਰਿਟੀ ਪ੍ਰੋਵਾਈਡਰ :- ਗੁਰਕਵਲਪ੍ਰੀਤ ਕੌਰ ਅਤੇ ਮਨਮੋਹਨ ਕੌਰ ਸਾਰੇ ਵਾਸੀ ਮਕਾਨ ਨੰ. 2037/6, ਗਲੀ ਨੰ. 8 ਸਾਹਮਣੇ ਆਈ ਸੀ ਆਈ ਸੀ ਆਈ ਬੈਂਕ ਨੇੜੇ ਅਰੋੜਾ ਨਰਸਿੰਗ ਹੋਮ ਲੁਧਿਆਣਾ, ਪੰਜਾਬ-141008 | **ਰੁਪਏ** 20,25,739/- (ਵੀਹ ਲੱਖ ਪੰਝੀ ਹਜ਼ਾਰ ਸੱਤ ਸੌ ਉਨਤਾਲੀ ਕੇਵਲ) 15/02/2024 ਨੂੰ ਜਮ੍ਹਾਂ ਵਿਆਜ, ਜੁਰਮਾਨਾ ਵਿਆਜ, ਲਾਗਤਾਂ ਅਤੇ ਚਾਰਜਿਜ਼ | 27.04.2024 |

**ਜਾਇਦਾਦ ਦਾ ਵੇਰਵਾ** : ਮਕਾਨ ਐੱਮ ਸੀ ਆਈ ਨੰ. ਬੀ-11-2037/6 ਰਕਬਾ 48.75 ਵਰਗ ਗਜ਼+16.25 ਵਰਗ ਗਜ਼ ਕੁੱਲ 65 ਵਰਗ ਗਜ਼, ਪਿੰਡ ਹਰਫ ਸੈਦਾਂ ਗਹਿਲੇਵਾਲ, 'ਅੰਬੇਡਕਰ ਨਗਰ' ਵਜੋਂ ਜਾਣਿਆ ਜਾਂਦਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ।
**ਦਸਤਾਵੇਜ਼ ਅਨੁਸਾਰ ਜਾਇਦਾਦ ਦੀਆਂ ਚਾਰ ਹੱਦਾਂ** : ਪੂਰਬ-19 ਫੁੱਟ 6 ਇੰਚ ਸ੍ਰੀ ਗੁਰਬਚਨ ਸਿੰਘ, ਪੱਛਮ-19 ਫੁੱਟ 6 ਇੰਚ ਸ੍ਰੀ ਗੁਰਦਿੱਤਾ ਮੱਲ, ਉੱਤਰ-30 ਫੁੱਟ ਗਲੀ, ਦੱਖਣ-30 ਫੁੱਟ ਅਰੋੜਾ ਨਰਸਿੰਗ ਹੋਮ।
**ਜਾਇਦਾਦ ਦੀ ਅਸਲ ਸਾਈਟ ਦੀਆਂ ਚਾਰ ਹੱਦਾਂ** : ਪੂਰਬ-30 ਫੁੱਟ ਸ੍ਰੀ ਡੀ ਪੀ ਸਿੰਘ ਦਾ ਮਕਾਨ, ਪੱਛਮ -30 ਫੁੱਟ ਗਲੀ 11' ਚੌੜੀ, ਉੱਤਰ-20 ਫੁੱਟ ਰਿੰਕੂ ਵਾਲੀਆ ਦਾ ਮਕਾਨ, ਦੱਖਣ-20 ਫੁੱਟ ਗੁਰਦਿੱਤਾ ਮੱਲ ਦਾ ਮਕਾਨ।

ਮਿਤੀ : 29.04.2024 ਸਹੀ/- ਅਧਿਕਾਰਤ ਅਫਸਰ
ਸਥਾਨ : ਲੁਧਿਆਣਾ (ਪੰਜਾਬ) ਸੀ ਐੱਸ ਐੱਲ ਫਾਇਨਾਂਸ ਲਿਮਟਿਡ


# ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਦਸਤਾਰ ਮਾਰਚ ਕੱਢਿਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਸਾਡੀ ਦਸਤਾਰ ਸਾਡਾ ਤਾਜ, ਪਤਿਤਪੁਣੇ, ਮਨਮਤਿ, ਨਸ਼ੇ ਅਤੇ ਪੱਛਮ ਪ੍ਰਭਾਵ ਅਧੀਨ ਸਿੱਖੀ ਦੀ ਮੁੱਖ ਧਾਰਾ ਤੋਂ ਪਾਸੇ ਹੁੰਦੇ ਜਾ ਰਹੇ ਨੌਜਵਾਨਾਂ ਵਿੱਚ ਗੁਰਬਾਣੀ ਅਤੇ ਬਾਣੇ ਪ੍ਰਤੀ ਪਿਆਰ ਸਤਿਕਾਰ ਅਤੇ ਜਾਗਰੂਕਤਾ ਪੈਦਾ ਕਰਨ ਸਬੰਧੀ ਸ਼ਹਿਰ ਧਾਰੀਵਾਲ ਵਿਖ਼ੇ ਦਸਤਾਰ ਮਾਰਚ ਕੱਢਿਆ ਗਿਆ ਅਤੇ ਦਸਤਾਰ ਦੀ ਪ੍ਰਾਪਤੀ ਲਈ ਕੁਰਬਾਨੀਆਂ ਭਰੇ ਇਤਿਹਾਸ ਬਾਰੇ ਜਾਣੂ ਕਰਵਾਇਆ। ਇਸ ਦਸਤਾਰ ਮਾਰਚ ਵਿੱਚ ਫੈਡਰੇਸ਼ਨ ਦੇ ਮੁਖੀ ਭਾਈ ਸਾਹਿਬ ਭਾਈ ਕੰਵਰ ਚੜ੍ਹਤ ਸਿੰਘ ਖਾਲਸਾ, ਜ਼ਿਲ੍ਹਾ ਪ੍ਰਧਾਨ ਭਾਈ ਗੁਰਪ੍ਰੀਤ ਸਿੰਘ ਅਤੇ ਸਮਾਜਸੇਵੀ ਸ਼ਮਸ਼ੇਰ ਸਿੰਘ ਚੀਮਾ ਬਟਾਲਾ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਇਹ ਦਸਤਾਰ ਮਾਰਚ ਸ਼ਹਿਰ ਦੇ ਬਟਾਲਾ ਰੋਡ ਤੇ ਸਥਿਤ ਸ਼ਾਹ ਪੈਟਰੋਲ ਪੰਪ ਧਾਰੀਵਾਲ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਨਾਨਕਪੁਰੀ ਨਵੀਂ ਅਬਾਦੀ ਧਾਰੀਵਾਲ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਸ਼ਹਿਰ ਧਾਰੀਵਾਲ ਦੇ ਮੁੱਖ ਬਜ਼ਾਰ ਵਿੱਚੋਂ ਹੁੰਦਾ ਹੋਇਆ ਪਿੰਡ ਕਲਿਆਣਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਚੜ੍ਹਦੀ ਕਲਾ ਦੀ ਅਰਦਾਸ ਕਰਕੇ ਸਮਾਪਤ ਹੋਇਆ। ਇਸ ਮੌਕੇ ਬੁਲਾਰਿਆਂ ਨੇ ਕਿਹਾ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੌਂਪੀ ਦਸਤਾਰ ਸਿੱਖ ਕੌਮ ਦੀ ਵਿਲੱਖਣਤਾ ਦਰਸਾਉਂਦੀ ਹੈ। ਉਨ੍ਹਾਂ ਨੇ ਦਸਤਾਰ ਦੀ ਮਹੱਤਤਾ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਗੁਰੂ ਜੀ ਦੇ ਦਰਸਾਏ ਮਾਰਗ ਅਨੁਸਾਰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਗੁਰਸਿੱਖੀ ਜੀਵਨ ਬਤੀਤ ਕਰਨਾ ਚਾਹੀਦੀ ਹੈ। ਇਸ ਦਸਤਾਰ ਮਾਰਚ ਵਿੱਚ ਫੈਡਰੇਸ਼ਨ ਮੁਖੀ ਭਾਈ ਕੰਵਰ ਚੜ੍ਹਤ ਸਿੰਘ ਖਾਲਸਾ, ਜ਼ਿਲ੍ਹਾ ਪ੍ਰਧਾਨ ਭਾਈ ਗੁਰਪ੍ਰੀਤ ਸਿੰਘ, ਸ਼ਮਸ਼ੇਰ ਸਿੰਘ ਚੀਮਾ ਬਟਾਲਾ, ਬੇਅੰਤ ਸਿੰਘ, ਤੇਜਿੰਦਰ ਸਿੰਘ, ਰਸਾਲ ਸਿੰਘ, ਰਾਜਦੀਪ ਸੱਭਰਵਾਲ, ਗੁਰਦਿੱਤ ਸਿੰਘ, ਜਸ਼ਨਪ੍ਰੀਤ ਸਿੰਘ, ਗੁਰਮੀਤ ਸਿੰਘ ਸੋਨੂੰ, ਸਤਿੰਦਰਪਾਲ ਸਿੰਘ, ਰਣਜੋਧ ਸਿੰਘ, ਸਿਮਰਜੀਤ ਸਿੰਘ, ਹਰਜਿੰਦਰ ਸਿੰਘ, ਚਰਨਜੀਤ ਸਿੰਘ, ਗਗਨਦੀਪ ਸਿੰਘ, ਮੇਜਰ ਸਿੰਘ ਬੁੱਟਰ, ਜਸਵਿੰਦਰ ਸਿੰਘ ਬੁੱਟਰ, ਜੋਬਨ ਸਿੰਘ ਆਦਿ ਸਮੇਤ ਹੋਰ ਵੀ ਨੌਜਵਾਨ ਸ਼ਾਮਲ ਸਨ।

# ਦਿੱਲੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਬਣਾਈ ਵੋਟਰ ਜਾਗਰੂਕਤਾ ਹਿਊਮਨ ਚੇਨ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਐੱਸ.ਡੀ.ਐੱਮ.-2 ਲਾਲ ਵਿਸਵਾਸ ਬੈਂਸ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਅਟਾਰੀ ਵਿਧਾਨ ਸਭਾ ਅਧੀਨ ਆਉਂਦੇ ਦਿੱਲੀ ਪਬਲਿਕ ਸਕੂਲ ਵਿਖੇ ਵੋਟਰ ਜਾਗਰੂਕਤਾ ਹਿਊਮਨ ਚੇਨ ਬਣਾਈ ਗਈ। ਸਕੂਲ ਦੇ ਇਲੈਕਟ੍ਰੋਲ ਲਿਟਰੇਸੀ ਕਲੱਬ ਵਲੋਂ ਇਹ ਹਿਊਮਨ ਚੇਨ 'ਵੋਟ ਫ਼ਾਰ ਸ਼ੋਅਰ' ਅਧਾਰਿਤ ਥੀਮ 'ਤੇ ਬਣਾਈ ਗਈ।ਇਸ ਹਿਊਮਨ ਚੇਨ ਨੂੰ ਬਣਾਉਣ ਦਾ ਮੁੱਖ ਮਕਸਦ ਆਮ ਜਨਤਾ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨਾ ਹੈ।ਇਸ ਮੌਕੇ ਆਪਣੇ ਸੰਬੋਧਨ ਵਿੱਚ ਅਟਾਰੀ ਵਿਧਾਨ ਸਭਾ ਹਲਕੇ ਦੇ ਨੋਡਲ ਅਫ਼ਸਰ ਸਵੀਪ ਪ੍ਰਿੰਸੀਪਲ ਕਰਮਜੀਤ ਸਿੰਘ ਨੇ ਕਿਹਾ ਕਿ ਭਾਰਤ ਇੱਕ ਲੋਕਤਾਂਤ੍ਰਿਕ ਦੇਸ਼ ਹੈ ਅਤੇ ਚੋਣਾਂ ਇਸਦਾ ਅਹਿਮ ਹਿੱਸਾ ਹਨ।ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰਾਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਸਵੀਪ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਅਜਿਹੀਆਂ ਗਤੀਵਿਧੀਆਂ ਭੱਵਿਖ ਵਿੱਚ ਵੀ ਜਾਰੀ ਰਹਿਣਗੀਆਂ।ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਇਸ ਵਾਰ 'ਅਬ ਕੀ ਬਾਰ ਸੱਤਰ ਪਾਰ' ਦਾ ਨਾਅਰਾ ਦਿੱਤਾ ਗਿਆ ਹੈ, ਇਸ ਲਈ ਲੋਕਾਂ ਨੂੰ ਵੱਧ-ਚੜ੍ਹ ਕੇ ਵੋਟਾਂ ਵਿੱਚ ਭਾਗ ਲੈਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰਾਂ ਦੀ ਸਹੂਲਤ ਲਈ ਕਈ ਮੋਬਾਈਲ ਐਪਾਂ ਤਿਆਰ ਕੀਤਾਆਂ ਗਈਆਂ ਹਨ, ਜਿਨ੍ਹਾਂ ਦਾ ਉਪਯੋਗ ਕਰਕੇ ਵੋਟਰ ਘਰ ਬੈਠੇ ਹੀ ਚੋਣਾਂ ਸਬੰਧੀ ਸਾਰੀ ਲੋੜੀਂਦੀ ਜਾਣਕਾਰੀ ਹਾਸਿਲ ਕਰ ਸਕਦੇ ਹਨ।ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਪ੍ਰਣ ਲਿਆ ਕਿ ਉਹ ਆਪਣੇ ਦੇਸ਼ ਦੀਆਂ ਲੋਕਤੰਤਰਿਕ ਪਰੰਪਰਾਵਾਂ ਨੂੰ ਬਣਾਏ ਰੱਖਦੇ ਹੋਏ ਵੋਟ ਬਣਵਾਉਣ ਅਤੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰਨਗੇ।ਇਸ ਮੌਕੇ ਚੋਣ ਕਾਨੂੰਗੋ ਹਰਜੀਤ ਕੌਰ, ਪ੍ਰਿੰ. ਅਮਰੀਕ ਸਿੰਘ, ਪ੍ਰਿੰ. ਅਵਤਾਰ ਸਿੰਘ. ਪ੍ਰਿੰ. ਮੋਨਿਕਾ ਮੈਣੀ ਅਤੇ ਰਵਿੰਦਰ ਸਿੰਘ ਹਾਜ਼ਰ ਸਨ।

ਨਵਾਂ ਜ਼ਮਾਨਾ
ਮੰਗਲਵਾਰ, 30 ਅਪ੍ਰੈਲ 2024



# ਸੰਘ ਨੂੰ ਵੀ ਟੈਨਸ਼ਨ

*400 ਪਾਰ ਦੇ ਨਾਅਰੇ ਨਾਲ ਦਲਿਤਾਂ ਤੇ ਪਛੜੇ ਵਰਗਾਂ ਵਿਚ ਪੈਦਾ ਹੋਏ ਇਸ ਡਰ ਕਿ ਭਾਜਪਾ ਏਨੇ ਜ਼ਬਰਦਸਤ ਬਹੁਮਤ ਨੂੰ ਸੰਵਿਧਾਨ ਬਦਲਣ ਲਈ ਵਰਤੇਗੀ, ਨੇ ਭਾਜਪਾ ਦੇ ਨਾਲ-ਨਾਲ ਆਰ ਐੱਸ ਐੱਸ ਨੂੰ ਸਫਾਈਆਂ ਦੇਣ ਲਈ ਮਜਬੂਰ ਕਰ ਦਿੱਤਾ ਹੈ। ਲੋਕ ਸਭਾ ਚੋਣਾਂ ਲਈ ਪਹਿਲੇ ਗੇੜ ਵਿਚ ਘਟੀ ਪੋਲਿੰਗ ਨਾਲ ਭਾਜਪਾ ਨੇ ਇਹ ਮਹਿਸੂਸ ਕੀਤਾ ਕਿ ਦਲਿਤ ਤੇ ਪਛੜੇ ਲੋਕ ਉਸ ਦੇ ਹੱਕ ਵਿਚ ਨਹੀਂ ਭੁਗਤੇ। ਆਪੋਜ਼ੀਸ਼ਨ ਵੱਲੋਂ 'ਲੋਕਤੰਤਰ ਬਚਾਓ, ਸੰਵਿਧਾਨ ਬਚਾਓ ਤੇ ਦੇਸ਼ ਬਚਾਓ' ਦੇ ਨਾਅਰੇ ਨਾਲ ਕਾਫੀ ਚਿਰ ਤੋਂ ਚਲਾਈ ਜਾ ਰਹੀ ਮੁਹਿੰਮ ਤੇ ਰਾਹੁਲ ਗਾਂਧੀ ਦੀ ਭਾਰਤ ਯਾਤਰਾ ਦਾ ਦਲਿਤਾਂ ਤੇ ਪਛੜਿਆਂ 'ਤੇ ਅਸਰ ਸਾਫ ਨਜ਼ਰ ਆ ਰਿਹਾ ਹੈ। ਉਨ੍ਹਾਂ ਦੇ ਮਨਾਂ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਪੰਜ ਕਿੱਲੋ ਰਾਸ਼ਨ ਨਾਲ ਉਹ ਜਿਊਂਦੇ ਨਹੀਂ ਰਹਿ ਸਕਦੇ, ਜੇ ਰਿਜ਼ਰਵੇਸ਼ਨ ਹੀ ਖਤਮ ਹੋ ਗਈ ਤਾਂ ਉਨ੍ਹਾਂ ਲਈ ਕੁਝ ਨਹੀਂ ਬਚਣਾ। ਇਸ ਮੁੱਦੇ ਨੂੰ ਲੈ ਕੇ ਦੇਸ਼-ਭਰ ਵਿਚ ਬਣੇ ਮਾਹੌਲ ਨੂੰ ਦੇਖ ਕੇ ਭਾਜਪਾ ਘਬਰਾ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਆਪਣੇ ਚੋਣ ਭਾਸ਼ਣਾਂ ਵਿਚ ਬਹੁਤਾ ਸਮਾਂ ਖੁਦ ਨੂੰ ਰਿਜ਼ਰਵੇਸ਼ਨ ਦੇ ਵੱਡੇ ਵਕੀਲ ਸਾਬਤ ਕਰਨ 'ਤੇ ਲੱਗੇ ਹੋਏ ਹਨ। ਸ਼ਾਹ ਤਾਂ ਆਪਣੇ ਭਾਸ਼ਣਾਂ ਵਿਚ ਤਵਾ ਹੀ ਇਸ ਗੱਲ 'ਤੇ ਲਾ ਰਹੇ ਹਨ ਕਿ ਕਾਂਗਰਸ ਤੇ ਰਾਹੁਲ ਗਾਂਧੀ ਰਿਜ਼ਰਵੇਸ਼ਨ ਬਾਰੇ ਗੁੰਮਰਾਹ ਕਰ ਰਹੇ ਹਨ। ਕਾਂਗਰਸ ਨੇ ਘੱਟਗਿਣਤੀਆਂ ਨੂੰ ਖੁਸ਼ ਕਰਨ ਲਈ ਕਰਨਾਟਕ ਤੇ ਆਂਧਰਾ ਵਿਚ ਐੱਸ ਸੀ ਤੇ ਐੱਸ ਟੀ ਕੋਟੇ ਵਿੱਚੋਂ ਘੱਟਗਿਣਤੀਆਂ ਨੂੰ ਰਿਜ਼ਰਵੇਸ਼ਨ ਦਿੱਤੀ। ਸ਼ਾਹ ਦਾ ਇਹ ਦੋਸ਼ ਵੀ ਕਾਟ ਨਹੀਂ ਕਰ ਰਿਹਾ ਕਿਉਂਕਿ ਅਜਿਹਾ ਹੋਇਆ ਨਹੀਂ। ਡਾਵਾਂਡੋਲ ਸਥਿਤੀ ਨੂੰ ਦੇਖਦਿਆਂ ਹੁਣ ਭਾਜਪਾ ਦਾ ਪਿਓ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਵੀ ਇਸ ਮੁੱਦੇ 'ਤੇ ਖੁੱਲ੍ਹ ਕੇ ਮੈਦਾਨ ਵਿਚ ਆ ਗਿਆ ਹੈ। ਸੰਘ ਦੇ ਮੁਖੀ ਮੋਹਨ ਭਾਗਵਤ ਨੇ ਹੈਦਰਾਬਾਦ ਦੇ ਇਕ ਸਕੂਲ ਵਿਚ ਰੱਖੇ ਪ੍ਰੋਗਰਾਮ 'ਚ ਕਿਹਾ ਕਿ ਸੰਘ ਸ਼ੁਰੂ ਤੋਂ ਹੀ ਰਿਜ਼ਰਵੇਸ਼ਨ ਦਾ ਹਾਮੀ ਰਿਹਾ ਹੈ ਤੇ ਉਦੋਂ ਤੱਕ ਰਿਜ਼ਰਵੇਸ਼ਨ ਜਾਰੀ ਰੱਖਣ ਦਾ ਹਮਾਇਤੀ ਹੈ, ਜਦੋਂ ਤੱਕ ਇਹ ਜ਼ਰੂਰੀ ਹੈ। ਭਾਗਵਤ ਦੀ ਸਫਾਈ ਇਸ ਕਰਕੇ ਅਹਿਮ ਹੈ ਕਿ ਉਸ ਨੇ 2015 ਵਿਚ ਬਿਹਾਰ ਅਸੰਬਲੀ ਚੋਣਾਂ ਦੌਰਾਨ ਕਿਹਾ ਸੀ ਕਿ ਰਿਜ਼ਰਵੇਸ਼ਨ ਨੀਤੀ 'ਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ ਕਿਉਂਕਿ ਇਸ ਨੂੰ ਚੋਣ ਮੰਤਵਾਂ ਲਈ ਵਰਤਿਆ ਜਾਂਦਾ ਹੈ। ਇਸ ਦਾ ਚੋਣਾਂ ਵਿਚ ਭਾਜਪਾ ਨੂੰ ਨੁਕਸਾਨ ਵੀ ਹੋਇਆ ਸੀ। ਭਾਗਵਤ ਨੇ ਕਿਹਾ ਕਿ ਅੱਜਕੱਲ੍ਹ ਇਕ ਵੀਡੀਓ ਘੁਮਾਈ ਜਾ ਰਹੀ ਹੈ ਕਿ ਸੰਘ ਰਿਜ਼ਰਵੇਸ਼ਨ ਦੇ ਵਿਰੁੱਧ ਹੈ। ਇਹ ਗਲਤ ਤੇ ਝੂਠੀ ਹੈ। ਭਾਗਵਤ ਨੇ ਸਪੱਸ਼ਟ ਨਹੀਂ ਕੀਤਾ ਕਿ ਉਹ ਕਿਹੜੀ ਵੀਡੀਓ ਦੀ ਗੱਲ ਕਰ ਰਹੇ ਹਨ, ਪਰ ਇਹ ਤਿਲੰਗਾਨਾ ਦੇ ਕਾਂਗਰਸੀ ਮੁੱਖ ਮੰਤਰੀ ਰੇਵੰਤ ਰੈੱਡੀ ਦਾ ਜਵਾਬ ਸੀ, ਜਿਨ੍ਹਾ ਦੋਸ਼ ਲਾਇਆ ਸੀ ਕਿ ਭਾਜਪਾ 2025 ਤੱਕ ਸੰਵਿਧਾਨ ਬਦਲ ਕੇ ਇਸ ਨੂੰ ਆਰ ਐੱਸ ਐੱਸ ਦੀ ਇੱਛਾ ਵਾਲਾ ਸੰਵਿਧਾਨ ਬਣਾਉਣ ਦੀ ਯੋਜਨਾ ਬਣਾਈ ਬੈਠੀ ਹੈ। ਭਾਗਵਤ ਨੇ ਸਫਾਈ ਤਿਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਵਿਚ ਹੀ ਦਿੱਤੀ ਹੈ।*

# ਗਰੀਬੀ-ਅਮੀਰੀ ਦਾ ਵਧਦਾ ਪਾੜਾ ਤੇ ਭਾਰਤ ਦਾ ਸਥਾਨ

ਸੰਤੋਸ਼ ਮਹਿਰੋਤਰਾ, ਰਾਕੇਸ਼ ਰੰਜਨ ਕੁਮਾਰ
ਅਨੁਵਾਦ : ਪੁਸ਼ਪਿੰਦਰ

ਮਾਰਚ ਮਹੀਨੇ ਇਕ ਆਲਮੀ ਖੋਜ ਕੇਂਦਰ, ਵਰਲਡ ਇਕਵੇਲੇਟੀ ਲੈਬ, ਨੇ ਇੱਕ ਖੋਜ ਪੱਤਰ ਜਾਰੀ ਕੀਤਾ ਸੀ, ਸਿਰਲੇਖ ਸੀ 1922 ਤੋਂ 2023 ਦੇ ਦਰਮਿਆਨ ਭਾਰਤ ਵਿਚ ਆਮਦਨ ਤੇ ਦੌਲਤ ਦੀ ਨਾਬਰਾਬਰੀ ਵਿਚ ਕਰੋੜਪਤੀਆਂ ਦੇ ਰਾਜ ਦਾ ਦੌਰ। ਲੇਖਕ ਸਨ ਨਿਤਿਨ ਭਾਰਤੀ, ਲੁਕਾਸ ਚੈਂਸਲ, ਥਾਮਸ ਪਿਕਟੀ ਅਤੇ ਅਨਮੋਲ ਸੋਮਾਂਚੀ ਵਰਗੇ ਅਰਥਸ਼ਾਸ਼ਤਰੀ, ਜਿਨ੍ਹਾ ਬਹੁਤ ਸਾਰੇ ਅੰਕੜਿਆਂ, ਸਰਵੇਖਣਾਂ ਦਾ ਜਾਇਜ਼ਾ ਲਿਆ ਤੇ ਇਸ ਨਤੀਜੇ 'ਤੇ ਪੁਹੰਚੇ।

ਆਮਦਨ ਅਤੇ ਦੌਲਤ ਦੀ ਨਾ-ਬਰਾਬਰੀ ਪਹਿਲਾਂ ਆਪਾਂ ਲੋਕਾਂ ਦੀ ਆਮਦਨ ਦੀ ਨਾ-ਬਰਾਬਰੀ ਦੀ ਗੱਲ ਕਰਦੇ ਹਾਂ। ਇਸ ਖੋਜ ਪੱਤਰ ਦੇ ਅਨੁਸਾਰ 2022-23 ਦੇ ਦੌਰਾਨ ਦੇਸ਼ ਦੀ ਕੁੱਲ ਆਮਦਨ ਦਾ 22.6 ਉਪਰਲੇ ਕੇਵਲ 1 ਫੀਸਦੀ ਲੋਕਾਂ ਕੋਲ ਚਲੀ ਗਈ ਸੀ। ਇਹ ਦਰ ਗੁਜ਼ਰੇ 100 ਸਾਲਾਂ ਵਿਚ ਸਭ ਤੋਂ ਜ਼ਿਆਦਾ ਹੈ ਅਤੇ ਉਪਰਲੇ ਕੇਵਲ 0.1 ਫੀਸਦੀ ਲੋਕ ਕੁੱਲ ਆਮਦਨ ਦੇ 10 ਫੀਸਦੀ 'ਤੇ ਕਾਬਜ਼ ਹੋ ਗਏ ਸਨ। ਕੌਮੀ ਆਮਦਨ ਵਿਚ ਉਪਰਲੇ 1 ਫੀਸਦੀ ਦੀ ਇਹ ਹਿੱਸੇਦਾਰੀ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਹੈ। 2022-23 ਦੇ ਦੌਰਾਨ ਇਸ 1 ਫੀਸਦੀ ਦੀ ਦੌਲਤ ਦੀ ਹਿੱਸੇਦਾਰੀ 40.1 ਫੀਸਦੀ ਸੀ। 1961 ਤੋਂ ਬਾਅਦ ਦੀ ਇਹ ਸਭ ਤੋਂ ਜ਼ਿਆਦਾ ਦਰ ਹੈ। ਉਪਰਲੇ 10 ਫੀਸਦੀ ਦੀ ਦੌਲਤ ਵਿੱਚ ਹਿੱਸੇਦਾਰੀ ਦਾ ਪ੍ਰਤੀਸ਼ਤ 1961 ਦੇ 44 ਫੀਸਦੀ ਤੋਂ ਵਧ ਕੇ 2022-23 ਵਿਚ 64 ਫੀਸਦੀ ਹੋ ਗਿਆ ਸੀ। ਇਸ ਦੇ ਉਲਟ ਹੇਠਲੇ ਅੱਧ ਅਤੇ ਵਿਚਕਾਰਲੇ 40 ਫੀਸਦੀ ਦੀ ਦੌਲਤ ਵਿਚ ਕਮੀ ਆ ਗਈ। ਸੰਖੇਪ ਵਿਚ ਅਮੀਰ ਹੋਰ ਅਮੀਰ ਹੋ ਗਿਆ ਤੇ ਗਰੀਬ ਹੋਰ ਗਰੀਬ। ਰਿਪੋਰਟ ਦੇ ਮੁਤਾਬਕ, 920 ਲੱਖ ਭਾਰਤੀ ਵਢੇਰੀ ਉਮਰ ਦੇ, ਬਾਲਗ, ਲੋਕਾਂ ਵਿੱਚੋਂ 10000 ਵਿਅਕਤੀਆਂ ਵਿੱਚੋਂ ਹਰ ਇੱਕ ਕੋਲ ਔਸਤਨ 22.6 ਅਰਬ ਰੁਪਏ ਦੀ ਸੰਪਤੀ ਹੈ ਅਤੇ ਇਹ ਭਾਰਤ ਦੇ ਇੱਕ ਵਿਅਕਤੀ ਦੀ ਔਸਤ ਦਾ 16,763 ਗੁਣਾਂ ਬਣਦਾ ਹੈ।" ਭਾਰਤ ਵਿੱਚ ਦੌਲਤ ਜਾਂ ਸੰਪਤੀ ਦੀ ਮਾਲਕੀ ਵਿਚਲੀ ਨਾ-ਬਰਾਬਰੀ ਬਰਾਜ਼ੀਲ ਅਤੇ ਦੱਖਣੀ ਅਫਰੀਕਾ ਨਾਲੋਂ ਘੱਟ ਹੈ ਜਿੱਥੇ ਵਸੋਂ ਦੇ ਉਪਰਲੇ 10 ਫੀਸਦੀ ਕੋਲ ਕੌਮੀ ਸੰਪਤੀ ਦਾ ਕਰਮਵਾਰ 84.6 ਫੀਸਦੀ ਤੇ 79.7 ਫੀਸਦੀ ਹਿੱਸਾ ਹੈ, ਪਰ ਭਾਰਤ ਵਿਚ ਦੌਲਤ ਦਾ ਕੇਂਦਰੀਕਰਨ ਸਾਲ 1961 ਤੇ 2023 ਦਰਮਿਆਨ ਤਿੰਨ ਗੁਣਾ ਵਧਿਆ ਹੈ। ਦੂਸਰੀ ਗੱਲ ਇਹ ਹੈ ਕਿ ਜਦ ਭਾਰਤ ਵਿੱਚ ਆਮਦਨ ਦੀ ਨਾ-ਬਰਾਬਰੀ ਦੁਨੀਆ ਵਿਚ ਸਭ ਤੋਂ ਜ਼ਿਆਦਾ ਹੈ, ਇਸ ਕਾਰਨ ਸੰਪਤੀ ਵਿਚ ਨਾ-ਬਰਾਬਰੀ ਆਪਣੇ ਆਪ ਵਧਣ ਲਗਦੀ ਹੈ।

ਇਸ ਰਿਪੋਰਟ ਦਾ ਕਹਿਣਾ ਹੈ ਕਿ 2014 ਤੇ 2023 ਦੇ ਦਰਮਿਆਨ ਸਿਖਰਲੇ ਪੱਧਰ ਦੀ ਨਾ-ਬਰਾਬਰੀ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋਇਆ ਹੈ। ਇਸ ਦਾ ਕਹਿਣਾ ਹੈ ਕਿ ਆਧੁਨਿਕ ਅਫਸਰਸ਼ਾਹੀ ਦੀ ਅਗਵਾਈ ਵਾਲੇ ਅਰਬ-ਪਤੀਆਂ ਦੇ ਰਾਜ ਵਿਚ ਨਾ-ਬਰਾਬਰੀ ਬਸਤੀਵਾਦੀ ਤਾਕਤਾਂ ਦੀ ਅਗਵਾਈ ਵਾਲੇ ਬਰਤਾਨਵੀ ਰਾਜ ਨਾਲੋਂ ਜ਼ਿਆਦਾ ਹੈ। ਨਾ-ਬਰਾਬਰੀ ਕਾਰਨ ਵਿਕਾਸ ਅਤੇ ਗਰੀਬੀ ਹਟਾਉਣ ਦੇ ਕਾਰਜਾਂ ਵਿਚ ਕਮੀ ਆਉਂਦੀ ਹੈ। 1960 ਤੋਂ 1980 ਦੇ ਦਰਮਿਆਨ ਨਾ-ਬਰਾਬਰੀ ਘੱਟ ਰਹੀ ਸੀ। ਵਿਕਾਸ ਦੇ ਉਦੇਸ਼ਾਂ ਅਤੇ ਆਰਥਿਕ ਨੀਤੀਆਂ ਦੇ ਕਾਰਨ ਇਹ ਸੰਭਵ ਹੋਇਆ ਸੀ, ਪਰ 1980ਵਿਆਂ ਤੋਂ ਸ਼ੁਰੂ ਹੋਏ ਆਰਥਿਕ-ਉਦਾਰਵਾਦ ਦੇ ਕਾਰਨ ਨਾ-ਬਰਾਬਰੀ ਵਧਣੀ ਸ਼ੁਰੂ ਹੋ ਗਈ ਅਤੇ 1991 ਦੇ ਆਰਥਿਕ ਸੁਧਾਰਾਂ ਨੇ ਇਸ ਦੀ ਗਤੀ ਨੂੰ ਹੋਰ ਤੇਜ਼ ਕਰ ਦਿੱਤਾ। ਆਮਦਨ ਅਤੇ ਸੰਪਤੀ ਵਿਚਲੀ ਨਾ-ਬਰਾਬਰੀ ਦਾ ਆਰਥਿਕ ਪ੍ਰਗਤੀ ਅਤੇ ਮਾਨਵੀ ਵਿਕਾਸ ਦੀਆਂ ਕਿਰਿਆਵਾਂ ਨਾਲ ਗੂੜ੍ਹਾ ਸਬੰਧ ਹੈ। 1976 ਦੇ ਸਾਲ ਤੱਕ ਭਾਰਤ ਦੀ ਔਸਤ ਕੌਮੀ ਆਮਦਨ (ਮੁਦਰਾ ਸਫਿਤੀ ਤੇ ਮੁਦਰਾ ਖਰੀਦ ਸ਼ਕਤੀ ਦੇ ਮਾਪ-ਦੰਡਾਂ ਨੂੰ ਸੰਤੁਲਤ ਕਰਨ ਬਾਅਦ) ਚੀਨ ਅਤੇ ਵੀਅਤਨਾਮ ਦੀ ਆਮਦਨ ਦੇ ਲੱਗਭੱਗ ਬਰਾਬਰ ਸੀ। ਅਗਲੀ ਚੌਥਾਈ ਸਦੀ ਦੇ ਦੌਰਾਨ ਇਨ੍ਹਾਂ ਦੇਸ਼ਾਂ ਵਿਚ ਆਮਦਨ ਦਾ ਵਾਧਾ ਭਾਰਤ ਦੀ ਬਨਿਸਬਤ ਪੈਂਤੀ ਤੋਂ ਪੰਜਾਹ ਫੀਸਦੀ ਜ਼ਿਆਦਾ ਸੀ। ਸਾਲ 2000 ਤੋਂ ਬਾਅਦ ਤਾਂ ਚੀਨ ਦੀ ਕੌਮੀ ਆਮਦਨ ਵਿੱਚ ਹੈਰਾਨੀਜਨਕ ਵਾਧਾ ਹੁੰਦਾ ਹੈ ਅਤੇ ਇਸ ਦੀ ਆਮਦਨ ਭਾਰਤ ਦੀ ਆਮਦਨ ਤੋਂ ਢਾਈ ਗੁਣਾ ਹੋ ਜਾਂਦੀ ਹੈ, ਪਰ ਇੱਕ ਨੁਕਤਾ ਇਹ ਵੀ ਹੈ ਕਿ ਚੀਨ ਦੇ ਆਰਥਿਕ ਵਿਕਾਸ ਦਾ ਦਾਇਰਾ ਭਾਰਤ ਦੇ ਮੁਕਾਬਲੇ ਬਹੁਤ ਵਿਸ਼ਾਲ ਸੀ। ਉਦਾਹਰਣ ਦੇ ਲਈ ਸਾਲ 2022 ਵਿਚ ਭਾਰਤ ਦੇ ਉਪਰਲੇ 1 ਫੀਸਦੀ ਲੋਕਾਂ ਦੇ ਕੋਲ ਚੀਨ ਦੇ ਇਸ ਦੇ ਬਰਾਬਰ ਲੋਕਾਂ ਦੇ ਮੁਕਾਬਲੇ ਤਕਰੀਬਨ ਪੰਜਾਹ ਫੀਸਦੀ ਜ਼ਿਆਦਾ ਦੌਲਤ ਸੀ। ਚੀਨ ਦੀ ਆਰਥਿਕਤਾ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਤੇਜ਼ੀ ਨਾਲ ਵਾਧਾ ਕਰਦੀ ਰਹੀ ਹੈ, ਪਰ ਨਾਲ ਹੀ ਲੋਕਾਂ ਵਿਚ ਆਮਦਨ ਨਾ-ਬਰਾਬਰੀ ਦੀ ਦਰ ਦਾ ਵਾਧਾ ਦਰਮਿਆਨਾ ਰਿਹਾ ਹੈ, ਪਰ ਇਸ ਦੇ ਉਲਟ ਭਾਰਤ ਵਿਚ ਆਰਥਿਕ ਵਿਕਾਸ ਦੀ ਦਰ ਤਾਂ ਦਰਮਿਆਨੀ ਹੀ ਰਹੀ ਹੈ ਪਰ ਆਮਦਨ ਨਾ-ਬਰਾਬਰੀ ਦੀ ਦਰ ਦਾ ਵਾਧਾ ਬੇਤਹਾਸ਼ਾ ਰਿਹਾ ਹੈ। ਇਹੀ ਕਾਰਨ ਹੈ ਕਿ ਭਾਰਤ ਇੱਕ ਗਰੀਬ ਤੇ ਅੱਤ ਦੀ ਆਰਥਿਕ ਨਾ-ਬਰਾਬਰੀ ਵਾਲਾ ਦੇਸ਼ ਹੈ। ਇੱਥੇ ਅਸੀਂ ਇਸ ਵਿਚਾਰ 'ਤੇ ਜ਼ੋਰ ਦੇਣਾ ਚਾਹਾਂਗੇ ਕਿ ਤੇਜ਼ ਗਤੀ ਵਾਲਾ ਆਰਥਿਕ ਵਿਕਾਸ ਅਤੇ ਆਰਥਿਕ ਨਾ-ਬਰਾਬਰੀ ਨੂੰ ਘੱਟ ਕਰਨ ਦੇ ਉਦੇਸ਼ ਮਾਨਵੀ ਵਿਕਾਸ ਅਤੇ ਗਰੀਬੀ ਵਿਚ ਸੁਧਾਰ ਕਰਕੇ ਹੀ ਪੂਰੇ ਕੀਤੇ ਜਾ ਸਕਦੇ ਹਨ। ਇਹੀ ਕੁਝ ਹੈ, ਜੋ ਚੀਨ ਅਤੇ ਵੀਅਤਨਾਮ ਨੇ ਪ੍ਰਾਪਤ ਕੀਤਾ ਹੈ। ਇਸ ਤੋਂ ਇਲਾਵਾ ਜੇ ਅਸੀਂ ਲੰਮੇ ਸਮੇਂ ਤੱਕ ਆਰਥਿਕ ਵਿਕਾਸ ਦੀ ਗਤੀ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ ਤਾਂ ਆਰਥਿਕ ਵਿਕਾਸ ਤੋਂ ਪਹਿਲਾਂ ਹੀ ਲੋਕਾਂ ਦੀਆਂ ਜੀਵਨ ਹਾਲਤਾਂ ਵਿਚ ਸੁਧਾਰ ਜ਼ਰੂਰੀ ਹੈ। ਕੌਮੀ ਪੱਧਰ 'ਤੇ ਅਸੀਂ ਦੇਖਦੇ ਹਾਂ ਕਿ ਜਿਨ੍ਹਾਂ ਪ੍ਰਾਂਤਾਂ ਨੇ ਤੇਜ਼ ਆਰਥਿਕ ਵਿਕਾਸ ਦਰ (ਤਕਰੀਬਨ 7 ਦੀ ਕੁਲ ਸਟੇਟ ਘਰੇਲੂ ਉਤਪਾਦਨ ਦਰ) ਨੂੰ ਲਗਾਤਾਰ ਕਾਇਮ ਰੱਖਿਆ ਹੈ, ਉਥੇ ਮਨੁੱਖੀ ਜੀਵਨ ਦੀਆਂ ਹਾਲਤਾਂ ਬਿਹਤਰ ਹਨ। ਇਹ ਹਨ : ਦੱਖਣ ਵਿਚ ਕੇਰਲਾ, ਤਾਮਿਲਨਾਂਡੂ ਆਂਧਰਾ, ਕਰਨਾਟਕਾ, ਪੱਛਮ ਵਿਚ ਮਹਾਂਰਾਸ਼ਟਰ, ਗੁਜਰਾਤ ਅਤੇ ਉਤਰ ਦੇ ਸੂਬੇ ਪੰਜਾਬ ਤੇ ਦਿੱਲੀ। ਸੂਬੇ ਜਿਹੜੇ ਕਿ ਮਾਨਵੀ ਵਿਕਾਸ ਦੇ ਸੂਚਕ ਅੰਕ ਵਿਚ ਪੱਛੜੇ ਹੋਏ ਹਨ, ਜਿਵੇਂ ਕਿ ਬਿਹਾਰ, ਛਤੀਸਗੜ੍ਹ, ਝਾੜਖੰਡ, ਮੱਧ ਪ੍ਰਦੇਸ਼, ਉੜੀਸਾ, ਉਤਰ ਪ੍ਰਦੇਸ਼, ਰਾਜਸਥਾਨ, ਇਨ੍ਹਾਂ ਸੂਬਿਆਂ ਵਿੱਚ ਆਰਥਿਕ ਵਿਕਾਸ ਦਰ ਆਂਰਥਿਕ ਉਦਾਰਵਾਦ ਤੋਂ ਬਾਅਦ ਵੀ ਪੰਜ ਪ੍ਰਤੀਸ਼ਤ ਤੋਂ ਘੱਟ ਰਹੀ ਹੈ।

ਮਾਨਵੀ ਵਿਕਾਸ

2023-24 ਦੀ ਮਾਨਵੀ ਵਿਕਾਸ ਰਿਪੋਰਟ (ਐਚ ਡੀ ਆਰ) ਵਿੱਚ ਕੁੱਲ 193 ਦੇਸ਼ਾਂ ਵਿੱਚੋਂ ਭਾਰਤ ਦਾ ਸਥਾਨ 134ਵਾਂ ਹੈ। ਭਾਰਤ ਇਸ ਵਕਤ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਆਰਥਿਕਤਾ ਹੈ, ਪਰ ਇਹ ਅਜੇ ਵੀ ਮਾਨਵੀ ਵਿਕਾਸ ਪੱਖੋਂ ਸ੍ਰੀ ਲੰਕਾ, ਭੂਟਾਨ ਤੇ ਬੰਗਲਾਦੇਸ਼ ਤੋਂ ਪੱਛੜਿਆ ਹੋਇਆ ਹੈ। ਇਸ ਦੇ ਆਰਥਿਕ ਵਿਕਾਸ ਨੇ ਅਜੇ ਤੱਕ ਮਾਨਵੀ ਜੀਵਨ ਪੱਧਰ ਵਿੱਚ ਸੁਧਾਰ ਨਹੀਂ ਕੀਤਾ। ਸਥਿਤੀ ਅਜਿਹੀ ਨਹੀਂ ਹੋਣੀ ਚਾਹੀਦੀ ਕਿ ਗਰੀਬ ਜਨਤਾ ਉਪਰ ਹੋ ਰਹੇ ਆਰਥਿਕ ਵਿਕਾਸ ਦੇ ਫਾਇਦਿਆਂ ਦਾ ਇੰਤਜ਼ਾਰ ਕਰਦੇ ਰਹਿਣ, ਸਰਬ-ਪੱਖੀ ਵਿਕਾਸ ਦੀ ਪ੍ਰਕਿਰਿਆ ਵਿੱਚ ਪ੍ਰਾਥਮਿਕਤਾ ਮਾਨਵੀ ਵਿਕਾਸ ਨੂੰ ਮਿਲਣੀ ਚਾਹੀਦੀ ਹੈ। ਜੀਵਨ ਦੀਆਂ ਹਾਲਤਾਂ ਦੇ ਵਿਕਾਸ, ਹੁਨਰਮੰਦ ਕਾਮਿਆਂ ਦੀ ਸਿਖਲਾਈ, ਗਰੀਬੀ ਦੀਆਂ ਪ੍ਰਸਥਿਤੀਆਂ ਨੂੰ ਖਤਮ ਕਰਨ ਤੋਂ ਬਿਨਾਂ ਆਰਥਿਕ ਵਿਕਾਸ ਦਾ ਅਮਲ ਅਧੂਰਾ ਹੈ ਅਤੇ ਇਸ ਕਾਰਨ ਆਮਦਨ ਨਾ-ਬਰਾਬਰੀ ਵਿੱਚ ਵਾਧਾ ਜਾਂ ਅਮੀਰਾਂ-ਗਰੀਬਾਂ ਵਿਚਲਾ ਪਾੜਾ ਹੋਰ ਗਹਿਰਾ ਹੁੰਦਾ ਜਾਵੇਗਾ। ਇਸ ਲਈ ਨੀਤੀ ਘਾੜਿਆਂ ਦੇ ਉਦੇਸ਼ਾਂ ਦੀ ਪੌੜੀ ਵਿੱਚ ਆਰਥਿਕ ਵਿਕਾਸ ਦਾ ਸਥਾਨ ਮਾਨਵੀ ਵਿਕਾਸ ਦੇ ਉਦੇਸ਼ ਤੋਂ ਉਪਰ ਨਹੀਂ ਹੋਣਾ ਚਾਹੀਦਾ।

2023-24 ਦੀ ਐਚ ਡੀ ਰਿਪੋਰਟ ਵਿੱਚ ਆਰਥਿਕ ਨਾ-ਬਰਾਬਰੀ ਦੀ ਲਿਸਟ ਵਿੱਚ ਭਾਰਤ ਦਾ ਸਥਾਨ 31,1 ਫੀਸਦੀ ਨੀਵਾਂ ਆ ਗਿਆ ਹੈ। ਆਰਥਿਕ ਨਾ-ਬਰਾਬਰੀ ਦੀ ਸਥਿਤੀ ਅਜਿਹੀ ਨਹੀਂ ਹੈ ਕਿ ਇਹ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਨਾਲ ਬਦਲੀ ਜਾ ਸਕੇ, ਜਿਹੜੀ ਕਿ 81.34 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਦੇ ਰਹੀ ਹੈ। ਰੋਜ਼ਗਾਰ ਦੀ ਥਾਂ ਮਹਿਜ਼ ਰਿਊੜੀਆਂ ਵਰਤਾ ਕੇ ਸਥਿਰ ਤੇ ਸਰਬ-ਵਿਆਪਕ ਵਿਕਾਸ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਖੋਜ ਪੱਤਰ ਵਿਚ ਲਿਖਿਆ ਹੈ। "ਸਮਾਜਿਕ ਤੇ ਰਾਜਨੀਤਕ ਉਥਲ-ਪੁਥਲ ਨੂੰ ਉਡੀਕਦਿਆਂ ਆਰਥਿਕ ਨਾ-ਬਰਾਬਰੀ ਦਾ ਇਹ ਪੱਧਰ ਕਿੰਨੀ ਦੇਰ ਕਾਇਮ ਰਹੇਗਾ, ਕਿਹਾ ਨਹੀਂ ਜਾ ਸਕਦਾ।"

*ਰੋਜ਼ਾਨਾ 'ਦਾ ਹਿੰਦੂ' 'ਚੋਂ ਧੰਨਵਾਦ ਸਹਿਤ*

*ਸੰਪਰਕ : 94632-32402*

# ਬਾਂਗਿ-ਦਰਾ ਇਉਂ ਮਿਲੀ ਮੈਨੂੰ !

ਤਰਲੋਚਨ ਸਿੰਘ ਦੁਪਾਲਪੁਰ

ਜਿੱਥੋਂ ਤੱਕ ਮੈਨੂੰ ਯਾਦ ਹੈ ਕਿ ਸਕੂਲੀ ਪੜ੍ਹਾਈ ਦੌਰਾਨ ਸਭ ਤੋਂ ਪਹਿਲਾਂ ਮੇਰੀ ਨਜ਼ਰੇ ਜੋ ਪਹਿਲਾ ਸ਼ਿਅਰ ਚੜ੍ਹਿਆ ਸੀ, ਉਹ ਇਹ ਸੀ-

'ਖੁਦਾ ਬਚਾਏ ਇਨ ਤੀਨੋਂ ਬਲਾਉਂ ਸੇ
ਹਕੀਮੋਂ ਵਕੀਲੋਂ ਔਰ..ਨਿਗਾਹੋਂ ਸੇ!'

ਬੱਬਰਾਂ ਦੇ ਪਿੰਡ ਦੌਲਤਪੁਰ ਤੋਂ ਉਤਰ ਵੱਲ ਸਾਡੇ ਨਾਨਕੇ, ਮਾਸੀਆਂ ਅਤੇ ਦੋ ਭੈਣਾਂ ਦੇ ਸਹੁਰਿਆਂ ਦੇ ਪਿੰਡੀਂ ਜਾਣ ਸਮੇਂ ਸਾਨੂੰ ਜਾਡਲੇ ਦੇ ਬੱਸ ਅੱਡੇ ਤੋਂ ਲੰਘਣਾ ਪੈਂਦਾ ਹੁੰਦਾ ਸੀ, ਜਿੱਥੇ ਸੜਕ ਕੰਢੇ ਚਾਹ-ਦੁੱਧ ਵਾਲਾ ਇੱਕ ਛੋਟਾ ਜਿਹਾ ਹੋਟਲ ਹੁੰਦਾ ਸੀ।ਇਸ ਦੇ ਕਮਰੇ ਦੀ ਪਿਛਲੀ ਕੰਧ 'ਤੇ ਨੀਲੇ ਅੱਖਰਾਂ ਵਿੱਚ ਉਕਤ ਸ਼ਿਅਰ ਲਿਖਿਆ ਹੁੰਦਾ ਸੀ।

ਕਮਰੇ ਦੀ ਛੱਤ ਦੇ ਪਰਨਾਲੇ 'ਚੋਂ ਵਗਦੇ ਮੀਂਹ ਦੇ ਪਾਣੀ ਨਾਲ ਸ਼ਿਅਰ ਦਾ ਅਖੀਰਲਾ ਸ਼ਬਦ ਮਿਟਿਆ ਹੋਇਆ ਸੀ।ਚੰਗਾ ਲੱਗੇ ਤੋਂ ਇਹ ਸ਼ਿਅਰ ਤਾਂ ਮੈਂ ਕਾਪੀ 'ਚ ਨੋਟ ਕਰਨ ਦੇ ਨਾਲ-ਨਾਲ ਚੇਤੇ ਵੀ ਕਰ ਲਿਆ, ਪਰ ਅਖੀਰਲੇ ਮਿਟੇ ਹੋਏ ਸ਼ਬਦ ਬਾਰੇ ਕਿਸੇ ਤੋਂ ਪੁੱਛਣ ਦਾ ਮੇਰਾ ਹੀਆ ਨਾ ਪਵੇ। ਸੰਗਦਾ ਰਿਹਾ ਕਿ ਇੱਥੇ ਕੋਈ ਇਸ਼ਕ-ਮੁਸ਼ਕ ਬਾਰੇ ਗੱਲ ਹੋਈ ਤਾਂ ਅਗਲਾ ਕੀ ਖਿਆਲ ਕਰੇਗਾ ਮੇਰੇ ਬਾਰੇ।

ਦੌਲਤ ਪੁਰ ਤੋਂ ਸਾਨੂੰ ਪੜ੍ਹਾਉਣ ਆਉਂਦੇ ਮਾਸਟਰ ਹਰਕ੍ਰਿਸ਼ਨ ਸਿੰਘ ਸੋਢੀ ਮੈਨੂੰ ਬਹੁਤ ਪਿਆਰ ਕਰਦੇ ਸਨ, ਜੋ ਜਾਡਲਿਉਂ ਲੰਘ ਕੇ ਹੀ ਸਾਡੇ ਪਿੰਡ ਸਕੂਲੇ ਆਉਂਦੇ ਹੁੰਦੇ ਸਨ।ਇੱਕ ਦਿਨ ਹੌਸਲਾ ਜਿਹਾ ਕਰਕੇ ਮੈਂ ਉਨ੍ਹਾਂ ਨੂੰ ਪੁੱਛਿਆ ਤਾਂ ਉਨ੍ਹਾਂ ਮੇਰਾ ਕੰਨ ਮਰੋੜਦਿਆਂ ਸ਼ਿਅਰ ਦਾ ਖਾਲੀ ਥਾਂਹ 'ਇਸ਼ਕੀ' ਸ਼ਬਦ ਨਾਲ ਭਰ ਦਿੱਤਾ।

ਇਸ ਸ਼ਿਅਰ ਦੀ ਸ਼ਰਾਰਤ ਸਦਕਾ ਮੈਨੂੰ ਸ਼ਿਅਰ ਇਕੱਠੇ ਕਰਨ ਦਾ ਭੁਸ ਪੈ ਗਿਆ। ਅਖਬਾਰਾਂ ਪੜ੍ਹਨ ਦਾ ਸ਼ੌਂਕ ਵੀ ਸਕੂਲ ਸਮੇਂ ਤੋਂ ਹੀ ਹੋਣ ਕਰਕੇ ਜਿੱਥੇ ਕਿਤੇ ਕਿਸੇ ਲਿਖਤ ਵਿੱਚ ਕੋਈ ਸ਼ਿਅਰ ਨਜ਼ਰ ਪੈਣਾ, ਝੱਟ ਉਹ ਕਾਪੀ 'ਤੇ ਨੋਟ ਵੀ ਕਰ ਲੈਣਾ ਤੇ ਕੰਠ ਵੀ। ਇਸ ਤੋਂ ਇਲਾਵਾ ਸਿਆਸੀ ਅਤੇ ਧਾਰਮਿਕ ਇਕੱਠਾਂ ਵਿੱਚ ਬੋਲਦੇ ਬੁਲਾਰਿਆਂ ਤੋਂ ਸੁਣ-ਸੁਣ ਕੇ ਵੀ ਮੈਂ ਬਹੁਤ ਸ਼ਿਅਰ ਇਕੱਠੇ ਕਰਦਾ ਰਿਹਾ। ਖਾਸ ਕਰ ਢਾਡੀ ਦਿਲਬਰ ਜੀ ਵੱਲੋਂ ਬੋਲੇ ਗਏ ਸਾਰੇ ਸ਼ਿਅਰ ਮੈਨੂੰ ਜ਼ੁਬਾਨੀ ਕੰਠ ਹੋ ਗਏ!

ਇੱਕ ਵਾਰ ਮਸਕੀਨ ਜੀ ਨੇ ਕਥਾ ਦੌਰਾਨ ਅਲਾਮਾ ਇਕਬਾਲ ਦਾ ਇੱਕ ਸ਼ਿਅਰ ਬੋਲਦਿਆਂ ਦੱਸਿਆ- ਇਕਬਾਲ ਸਾਹਬ ਦੇ ਸ਼ਿਅਰਾਂ ਦੀ ਇੱਕ ਕਿਤਾਬ ਹੈ- 'ਬਾਂਗਿ-ਦਰਾ!' ਪਤਾ ਲੱਗਣ 'ਤੇ ਮੈਂ ਇਹ ਕਿਤਾਬ ਲੱਭਣ ਲੱਗਾ।ਬੜੀਆਂ ਦੁਕਾਨਾਂ ਤੋਂ ਪੁੱਛਿਆ, ਪਰ ਕਿਤਿਉਂ ਵੀ ਇਹ ਨਾ ਮਿਲ਼ੀ।

ਇੱਕ ਦੋਸਤ ਨੇ ਸਲਾਹ ਦਿੱਤੀ ਕਿ ਭਾਸ਼ਾ ਵਿਭਾਗ ਪਟਿਆਲ਼ਾ ਤੋਂ ਪਤਾ ਕਰਾਂ।ਮੈਂ ਭਾਸ਼ਾ ਵਿਭਾਗ ਨੂੰ ਚਿੱਠੀ ਲਿਖ ਕੇ ਬਾਂਗੇ-ਦਰਾ ਬਾਰੇ ਪੁੱਛਿਆ।ਉਥੋਂ ਜਵਾਬ ਆਇਆ ਕਿ ਸਾਡੇ ਕੋਲ ਇਸ ਕਿਤਾਬ ਦੀ ਸਿਰਫ ਇੱਕੋ ਹੀ ਕਾਪੀ ਪਈ ਹੈ। ਹੱਥ ਧੋ ਕੇ ਮਗਰ ਪੈਣ ਵਾਂਗ ਮੈਂ ਉਨ੍ਹਾਂ ਨੂੰ ਇੱਕ ਹੋਰ ਚਿੱਠੀ ਲਿਖੀ ਕਿ ਇਹ ਕਿਤਾਬ ਮੈਂ ਜ਼ਰੂਰ ਮੁੱਲ ਲੈਣੀ ਚਾਹੁੰਦਾ ਹਾਂ।

ਉਸ ਸਮੇਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਸਨ ਸਰਦਾਰ ਚੇਤਨ ਸਿੰਘ ਜੀ।ਉਨ੍ਹਾਂ ਨੂੰ ਕਿਤਾਬ ਪ੍ਰਤੀ ਮੇਰੀ ਸ਼ਿੱਦਤ ਦੇਖ ਕੇ ਸ਼ਾਇਦ ਮੇਰੇ 'ਤੇ ਤਰਸ ਆ ਗਿਆ। ਉਨ੍ਹਾਂ ਮੇਰਾ ਅਤਾ-ਪਤਾ ਪੁੱਛ ਕੇ ਕਿਹਾ ਕਿ ਸੱਜਣਾ ਮੈਂ ਇਸ ਕਿਤਾਬ ਦੀ ਫੋਟੋ ਕਾਪੀ ਕਰਵਾ ਕੇ ਕਿਸੇ ਦਿਨ ਜਲੰਧਰ ਜਾਂਦਾ ਹੋਇਆ ਨਵੇਂ ਸ਼ਹਿਰ 'ਅਜੀਤ' ਅਖਬਾਰ ਦੇ ਦਫਤਰ ਦਿਦਾਰ ਸਿੰਘ ਸ਼ੇਤਰੇ ਨੂੰ ਫੜਾ ਜਾਵਾਂਗਾ ਤੁਸੀਂ ਉਥੋਂ ਚੁੱਕ ਲਿਉ।

ਕੁਝ ਦਿਨਾਂ ਬਾਅਦ ਸ਼ੇਤਰਾ ਜੀ ਦਾ ਸੁਨੇਹਾ ਸੁਣ ਕੇ ਮੈਂ ਨਵਾਂ ਸ਼ਹਿਰ ਨੂੰ ਸਾਈਕਲ 'ਤੇ ਸ਼ੂਟ ਵੱਟ ਲਈ। ਕਾਪੀ ਕੀਤੇ ਹੋਏ ਕਾਗਜ਼ਾਂ ਦਾ ਥੱਬਾ ਚੁੱਕ ਕੇ ਉਸੇ ਵੇਲੇ ਮੈਂ ਭੱਲਾ ਕਿਤਾਬ ਘਰ ਜਾ ਕੇ ਇਸ ਦੀ ਜਿਲਦ ਬੰਨ੍ਹਵਾ ਲਿਆਇਆ। ਹੁਣ ਇਹ ਤੋਹਫਾ ਮੇਰੀ ਪਿੰਡ ਵਾਲ਼ੀ ਲਾਇਬਰੇਰੀ ਦੀ ਸ਼ਾਨ ਵਧਾ ਰਿਹਾ ਹੈ।

*+9178146-92724*

# ਕੇਂਦਰ ਤੇ ਰਾਜ ਸਰਕਾਰਾਂ ਸਿਰ ਵਧ ਰਿਹਾ ਕਰਜ਼ਾ

ਡਾ. ਅਨੂਪ ਸਿੰਘ

ਕੇਂਦਰ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ, ਵਿਸ਼ੇਸ਼ ਕਰਕੇ 1991-92 ਤੋਂ ਬਾਅਦ ਵਰਲਡ/ਬੈਂਕ ਨਿਰਦੇਸ਼ਤ ਨੀਤੀਆਂ, ਤਰਜੀਹਾਂ ਤੇ ਵਿਆਪਕ ਭ੍ਰਿਸ਼ਟਾਚਾਰ ਕਾਰਨ ਭਾਰਤ ਸਰਕਾਰ ਸਿਰ ਕਰਜ਼ਾ ਲਗਾਤਾਰ ਵਧ ਰਿਹਾ ਹੈ। ਮਾਰਚ 2014 ਵਿਚ ਕੇਂਦਰ ਸਰਕਾਰ ਸਿਰ ਕਰਜ਼ਾ 53.13 ਲੱਖ ਕਰੋੜ ਰੁਪਏ ਸੀ, ਜੋ ਮਾਰਚ 2023 ਵਿਚ ਵਧ ਕੇ 155 ਲੱਖ ਕਰੋੜ ਰੁਪਏ ਹੋ ਗਿਆ। ਯਾਦ ਰਹੇ ਕਿ 1990-91 ਤੱਕ ਕੇਂਦਰ ਸਰਕਾਰ ਦੇ ਸਿਰ ਕਰਜ਼ਾ ਕੇਵਲ ਦੋ ਲੱਖ ਕਰੋੜ ਰੁਪਏ ਸੀ। ਸਪੱਸ਼ਟ ਹੈ ਕਿ ਸਰਕਾਰ ਸਿਰ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ। ਸਾਲ 2013-14 ਵਿਚ ਕੇਂਦਰ ਸਰਕਾਰ ਸਿਰ ਕਰਜ਼ਾ ਕੁੱਲ ਘਰੇਲੂ ਉਤਪਾਦਨ ਦਾ 52.16% ਸੀ, ਜੋ 2022-23 ਵਿਚ ਵਧ ਕੇ ਕੁੱਲ ਘਰੇਲੂ ਉਤਪਾਦਨ ਦਾ 61% ਹੋ ਗਿਆ ਹੈ। ਹੁਣੇ-ਹੁਣੇ ਖਤਮ ਹੋਏ ਵਿੱਤੀ ਸਾਲ 2023-24 ਵਿਚ ਇਹ ਵਧ ਕੇ 80% ਤੋਂ ਉੱਪਰ ਹੋ ਗਿਆ ਹੈ।ਭਾਰਤੀ ਸਰਕਾਰਾਂ ਚੋਣ ਵਰ੍ਹੇ 'ਚ ਲੋਕਾਂ ਨੂੰ ਲੁਭਾਉਣ ਲਈ ਪੂਰੀਆਂ ਦਿਆਲ ਹੁੰਦੀਆਂ ਹਨ।

ਬੀਤੇ 10 ਸਾਲਾਂ ਤੋਂ ਭਾਰਤੀ ਲੋਕ ਵੱਡੇ ਪੱਧਰ ਤੋਂ ਇਕ ਵਿਲੱਖਣ ਸਮੱਸਿਆ ਨਾਲ ਜੂਝ ਰਹੇ ਹਨ।ਕੇਂਦਰ ਸਰਕਾਰ ਸਹੀ-ਦਰੁੱਸਤ ਸੂਚਨਾ ਅਤੇ ਭਰੋਸੇਯੋਗ ਅੰਕੜੇ ਮੁਹੱਈਆ ਨਹੀਂ ਕਰਵਾ ਰਹੀ।ਉਹ ਤਲਖ-ਹਕੀਕਤਾਂ ਨੂੰ ਛੁਪਾ ਰਹੀ ਹੈ, ਅੰਕੜਿਆਂ ਨਾਲ ਭੰਨ-ਤੋੜ ਕਰ ਰਹੀ ਹੈ ਅਤੇ ਆਪਣੇ ਵਿਰੁੱਧ ਭੁਗਤਦੀਆਂ ਰਿਪੋਰਟਾਂ ਨੂੰ ਦਬਾਅ ਰਹੀ ਹੈ।ਇਹ ਭਾਰਤੀ ਦੇਸ਼ ਭਗਤ ਆਰਥਕ ਮਾਹਿਰਾਂ ਤੇ ਅੰਤਰ-ਰਾਸ਼ਟਰੀ ਪ੍ਰਤਿਸ਼ਠ ਸੰਸਥਾਵਾਂ ਦੀਆਂ ਰਿਪੋਰਟਾਂ ਭਾਰਤ ਨੂੰ ਬਦਨਾਮ ਕਰਨ ਤੇ ਰਾਸ਼ਟਰ ਦੀ ਛਵੀ ਖਰਾਬ ਕਰਨ ਵਾਲੀਆਂ ਕਹਿ ਕੇ ਰੱਦ ਕਰ ਰਹੀ ਹੈ।ਸੋ ਪਾਠਕਾਂ ਤੇ ਨਾਗਰਿਕਾਂ ਨੂੰ ਸਹੀ ਸੂਚਨਾ ਨੂੰ ਪਹੁੰਚਣ ਨਹੀਂ ਦਿੰਦੀ।ਕੌਮੀ ਅੰਕੜਾ ਸਰਵੇ ਸੰਗਠਨ ਦੇ ਉੱਚ ਅਧਿਕਾਰੀਆਂ ਨੂੰ ਅਸਤੀਫ਼ੇ ਦੇਣ ਲਈ ਮਜਬੂਰ ਕਰ ਦਿੱਤਾ।ਉਨ੍ਹਾਂ ਦਾ ਕਸੂਰ ਇਹ ਸੀ ਕਿ ਉਨ੍ਹਾਂ 2019 ਦੀ ਰਿਪੋਰਟ ਵਿਚ ਲਿਖ ਦਿੱਤਾ ਕਿ ਦੇਸ਼ ਵਿਚ ਬੀਤੇ 45 ਸਾਲ ਤੋਂ ਬਾਅਦ ਬੇਰੁਜ਼ਗਾਰੀ ਸਿਖ਼ਰ 'ਤੇ ਹੈ।

ਸਾਲ 2014-15 ਵਿਚ ਕੇਂਦਰ ਸਰਕਾਰ ਸਿਰ ਕਰਜ਼ਾ 55 ਲੱਖ ਕਰੋੜ ਰੁਪਏ ਸੀ।ਸੰਸਦ ਵਿਚ ਫਰਵਰੀ 2024 ਵਿੱਚ ਦਿੱਤੀ ਜਾਣਕਾਰੀ ਅਨੁਸਾਰ ਮਾਰਚ 2025 ਤੱਕ ਇਹ 190 ਲੱਖ ਕਰੋੜ ਰੁਪਏ ਹੋ ਜਾਵੇਗਾ। ਅੰਤਰਿਮ ਬਜਟ (2024-25) ਦੇ ਦਸਤਾਵੇਜ਼ਾਂ ਅਨੁਸਾਰ ਸਰਕਾਰ ਨੇ 2023-24 ਦੌਰਾਨ 17.34 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਅਤੇ ਚਾਲੂ ਵਿੱਤੀ ਸਾਲ ਦੌਰਾਨ 16.85 ਲੱਖ ਕਰੋੜ ਰੁਪਏ ਹੋਰ ਕਰਜ਼ਾ ਚੁੱਕਣ ਦੀ ਤਜਵੀਜ਼ ਹੈ। ਇਹ ਤਾਂ ਕੇਵਲ ਕੇਂਦਰ ਸਰਕਾਰ ਦਾ ਕਰਜ਼ਾ ਹੈ, ਸੂਬਾ ਸਰਕਾਰਾਂ, ਕਾਰਪੋਰੇਟਰਾਂ ਅਤੇ ਆਮ ਲੋਕਾਂ ਦੇ ਕਰਜ਼ੇ ਵਧਣ ਅਤੇ ਭਵਿੱਖ ਵਿਚ ਖ਼ਤਰਨਾਕ ਰੂਪ ਧਾਰਨ ਕਰਨ ਦੇ ਖ਼ਦਸ਼ਿਆਂ ਕਾਰਨ ਹੀ ਅੰਤਰ-ਰਾਸ਼ਟਰੀ ਮੁਦਰਾ ਕੋਸ਼ ਨੇ ਭਾਰਤ ਸਰਕਾਰ 'ਤੇ ਵਧ ਰਹੇ ਕਰਜ਼ਿਆਂ ਬਾਰੇ ਚਿਤਾਵਨੀ ਦਿੰਦਿਆਂ ਇਨ੍ਹਾਂ ਨੂੰ ਕਾਬੂ ਕਰਨ ਦੀ ਸਲਾਹ ਦਿੱਤੀ ਹੈ।ਪ੍ਰਸ਼ਨ ਕਾਲ ਦੌਰਾਨ ਲੋਕ ਸਭਾ 'ਚ 25 ਜੁਲਾਈ 2023 ਨੂੰ ਦੱਸਿਆ ਗਿਆ ਕਿ ਬੀਤੇ ਚਾਰ ਸਾਲਾਂ (2019-20 ਤੋਂ 2022-23) ਵਿਚ ਦੇਸ਼ ਸਿਰ ਵਿਦੇਸ਼ੀ ਕਰਜ਼ਾ 66 ਅਰਬ ਡਾਲਰ ਵਧ ਗਿਆ ਹੈ ਅਤੇ 31 ਮਾਰਚ 2023 ਨੂੰ ਦੇਸ਼ ਸਿਰ ਕੁੱਲ ਵਿਦੇਸ਼ੀ ਕਰਜ਼ਾ 624.65 ਅਰਬ ਡਾਲਰ ਹੋ ਗਿਆ ਸੀ। ਇਹ ਭਾਰਤੀ ਰੁਪਇਆਂ 'ਚ 51 ਲੱਖ 22 ਹਜ਼ਾਰ 130 ਕਰੋੜ ਰੁਪਏ ਬਣਦਾ ਹੈ।

ਕੇਂਦਰ ਸਰਕਾਰ ਨੇ 2023-24 ਦੇ ਬਜਟ ਵਿਚ ਵਿਦੇਸ਼ੀ ਕਰਜ਼ੇ ਬਾਰੇ ਇਕ ਹੋਰ ਅੰਕੜਾ ਦਿੱਤਾ। ਇਸ ਅਨੁਸਾਰ ਵਿਦੇਸ਼ੀ ਕਰਜ਼ਾ 4.39 ਲੱਖ ਕਰੋੜ ਰੁਪਏ ਦਰਸਾਇਆ ਗਿਆ, ਪਰ ਕੈਗ (ਸਰਵ ਉੱਚ ਆਡਿਟ ਸੰਸਥਾ) ਦੀ ਰਿਪੋਰਟ ਅਨੁਸਾਰ ਬਜਟ ਦਸਤਾਵੇਜ਼ ਵਿਚ ਫੁੱਟ ਨੋਟ ਦੇ ਰੂਪ 'ਚ ਬਾਰੀਕ ਅੱਖਰਾਂ ਵਿਚ ਇਹ 6.58 ਲੱਖ ਕਰੋੜ ਰੁਪਏ ਦਰਸਾਇਆ ਗਿਆ।

ਭਾਰਤ ਦਾ ਕੇਂਦਰੀ ਬੈਂਕ-ਰਿਜ਼ਰਵ ਬੈਂਕ ਆਫ ਇੰਡੀਆ ਵਿਦੇਸ਼ੀ ਕਰਜ਼ੇ ਬਾਰੇ ਆਪਣੀ ਜਾਣਕਾਰੀ ਦਿੰਦਾ ਹੈ।ਇਹ ਜਾਣਕਾਰੀ ਸਟੀਕ ਪ੍ਰਤੀਤ ਹੁੰਦੀ ਹੈ।ਇਹ ਜਾਣਕਾਰੀ ਬੈਂਕ ਦੀ ਵੈੱਬਸਾਈਟ ਰਾਹੀਂ ਸਾਂਝੀ ਕੀਤੀ ਗਈ ਹੈ।ਇਹ ਰਿਪੋਰਟ ਭਾਰਤੀ ਰਿਜ਼ਰਵ ਬੈਂਕ, ਕਲੀਅਰਿੰਗ ਕਾਰਪੋਰੇਸ਼ਨ ਆਫ ਇੰਡੀਆ ਤੇ ਸੇਬੀ ਦੇ ਅੰਕੜਿਆਂ 'ਤੇ ਆਧਾਰਤ ਹੈ।ਇਸ ਰਿਪੋਰਟ ਅਨੁਸਾਰ ਸਤੰਬਰ 2023 ਦੇ ਅੰਤ 'ਤੇ ਭਾਰਤ ਦਾ ਕੁੱਲ ਕਰਜ਼ਾ 2.47 ਟ੍ਰਿਲੀਅਨ ਡਾਲਰ, ਭਾਵ 2470 ਅਰਬ ਡਾਲਰ ਹੋ ਗਿਆ ਹੈ।ਇਹ ਭਾਰਤੀ ਰੁਪਿਆਂ ਵਿਚ 205 ਲੱਖ ਕਰੋੜ ਰੁਪਏ ਬਣਦਾ ਹੈ।ਮਾਰਚ 2022 ਨੂੰ ਇਹ ਕਰਜ਼ਾ 200 ਲੱਖ ਕਰੋੜ ਰੁਪਏ ਸੀ।ਰਾਜ ਸਰਕਾਰਾਂ ਸਿਰ 50.18 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਤਰ੍ਹਾਂ ਕੇਂਦਰ ਤੇ ਰਾਜ ਸਰਕਾਰਾਂ ਸਿਰ ਕੁੱਲ ਕਰਜ਼ਾ 255.18 ਲੱਖ ਕਰੋੜ ਰੁਪਏ ਹੈ। ਇਹ ਦੇਸ਼ ਦੇ ਹਰ ਨਾਗਰਿਕ ਸਿਰ ਲਗਭਗ ਪੌਣੇ ਦੋ ਲੱਖ ਰੁਪਏ ਬਣਦਾ ਹੈ।

ਦੇਸ਼ ਦੀ ਸਰਵਉੱਚ ਆਡਿਟ ਸੰਸਥਾ (ਕੈਗ) ਦੀ ਉੱਕਤ ਰਿਪੋਰਟ ਅਨੁਸਾਰ ਇਹ ਕਰਜ਼ਾ ਏਨਾ ਜ਼ਿਆਦਾ ਹੈ ਕਿ ਸਰਕਾਰ ਦੇ ਕੁੱਲ ਖਰਚੇ ਦਾ 24.49% ਹਿੱਸਾ (ਲਗਭਗ ਇਕ-ਚੌਥਾਈ) ਵਿਆਜ ਮੋੜਨ 'ਤੇ ਲੱਗ ਜਾਂਦਾ ਹੈ। ਸਾਲ 2019-20 ਦੌਰਾਨ ਜਿੱਥੇ 6.12 ਲੱਖ ਕਰੋੜ ਰੁਪਏ ਵਿਆਜ ਦੀ ਅਦਾਇਗੀ 'ਤੇ ਲੱਗ ਗਿਆ, ਉਹ 2024-25 ਵਿਚ ਵਧ ਕੇ 11.90 ਲੱਖ ਕਰੋੜ ਰੁਪਏ ਹੋ ਗਏ, ਭਾਵ ਲੱਗਭੱਗ ਦੁਗਣੇ। ਸਿੱਟੇ ਵਜੋਂ ਸਰਕਾਰ ਪਾਸ ਸਿੱਖਿਆ, ਸਿਹਤ, ਖੇਤੀ ਤੇ ਰੁਜ਼ਗਾਰ ਦੀ ਸਥਿਤੀ ਸੁਧਾਰਨ ਲਈ ਪੈਸੇ ਘਟ ਜਾਂਦੇ ਹਨ। ਮੂਲ ਕਰਜ਼ੇ ਦੀਆਂ ਕਿਸ਼ਤਾਂ ਅਲੱਗ ਹਨ।ਕੇਂਦਰ ਸਰਕਾਰ ਦਾ ਕਰਜ਼ਾ ਦੇਸ਼ ਦੀ ਕੁੱਲ ਆਮਦਨ ਦੇ 80% ਤੋਂ ਵੱਧ ਤੱਕ ਪਹੁੱਚ ਗਿਆ ਹੈ। ਅੰਤਰ-ਰਾਸ਼ਟਰੀ ਮੁਦਰਾ ਕੋਸ਼ ਨੇ ਕੇਂਦਰ ਸਰਕਾਰ ਨੂੰ ਇਸ ਬਾਰੇ ਚਿਤਾਵਨੀ ਵੀ ਦਿੱਤੀ ਹੈ ਅਤੇ ਕਿਹਾ ਹੈ ਕਿ ਇਹ ਚਿੰਤਾ ਦਾ ਮਾਮਲਾ ਹੈ। ਕਰਜ਼ਾ ਰੇਟਿੰਗ ਏਜੰਸੀ ਇਕਰਾ ਦੀ ਅਰਥ ਸ਼ਾਸਤਰੀ ਅਦਿਤੀ ਨਈਅਰ ਅਨੁਸਾਰ ਸਰਕਾਰ ਦਾ ਵਿੱਤੀ ਘਾਟਾ 6% ਦੇ ਕਰੀਬ ਰਹਿਣ ਦੀ ਸੰਭਾਵਨਾ ਹੈ, ਜੋ ਸਰਕਾਰ ਦੁਆਰਾ ਨਿਰਧਾਰਿਤ ਸੀਮਾ 4.5% ਤੋਂ ਕਾਫ਼ੀ ਉਤਾਂਹ ਹੈ।ਇਹ ਵਿੱਤੀ ਘਾਟਾ ਅਨਾਜ ਤੇ ਹੋਰ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਵਿਚ ਵਾਧੇ ਦਾ ਆਧਾਰ ਬਣਦਾ ਹੈ।

ਸਰਕਾਰਾਂ ਦੁਆਰਾ ਹੱਦੋਂ ਵੱਧ ਕਰਜ਼ਾ ਚੁੱਕਣਾ ਲੋਕਾਂ ਦੀਆਂ ਤੱਗੀਆਂ-ਤੁਰਸ਼ੀਆਂ ਦਾ ਮੁੱਖ ਕਾਰਨ ਬਣਦਾ ਹੈ। ਏਨਾ ਜ਼ਿਆਦਾ ਕਰਜ਼ਾ ਇਕੱਠਾ ਕਰ ਕੇ ਵੀ ਪੂੰਜੀਗਤ ਖਰਚਿਆਂ ਲਈ ਜਨਤਕ ਨਿਵੇਸ਼ ਨੂੰ ਨਾ ਵਧਾਉਣਾ ਅਤੇ ਬੇਲੋੜੇ ਵਿਖਾਵੇ ਦੇ ਖਰਚਿਆਂ ਅਤੇ ਲੋਕ-ਲੁਭਾਊ ਸਕੀਮਾਂ 'ਤੇ ਧਨ ਰੋੜ੍ਹਨ ਦਾ ਮੋਹ ਅਗਾਮੀ ਸਮੇਂ 'ਚ ਵੀ ਜਾਰੀ ਰਹਿ ਸਕਦਾ ਹੈ। ਸਰਕਾਰਾਂ/ਰਾਜਨੀਤਕ ਪਾਰਟੀਆਂ ਤੇ ਆਗੂਆਂ ਦੇ ਸਾਹਮਣੇ ਸੱਤਾ ਦਾ ਮੋਹ ਆਏ ਦਿਨ ਪ੍ਰਬਲ ਹੁੰਦਾ ਜਾ ਰਿਹਾ ਹੈ।

ਲੋਕ ਸਭਾ ਵਿਚ 24 ਜੁਲਾਈ 2023 ਨੂੰ ਦੱਸਿਆ ਗਿਆ ਕਿ ਭਾਰਤੀ ਸੂਬਿਆਂ ਸਿਰ ਹੇਠ ਲਿਖੇ ਅਨੁਸਾਰ 31 ਮਾਰਚ 2023 ਤੱਕ ਕਰਜ਼ਾ ਬੋਝ ਹੈ:

1. ਤਾਮਿਲਨਾਡੂ = 7.5 ਲੱਖ ਕਰੋੜ ਰੁਪਏ
2. ਉੱਤਰ ਪ੍ਰਦੇਸ਼ = 7.47 ਲੱਖ ਕਰੋੜ ਰੁਪਏ
3. ਪੰਜਾਬ = 3.05 ਲੱਖ ਕਰੋੜ ਰੁਪਏ
4. ਹਰਿਆਣਾ = 2.87 ਲੱਖ ਕਰੋੜ ਰੁਪਏ
5. ਹਿਮਾਚਲ ਪ੍ਰਦੇਸ਼ = 80,000 ਕਰੋੜ ਰੁਪਏ
6. ਜੰਮੂ-ਕਸ਼ਮੀਰ = 69,500 ਕਰੋੜ ਰੁਪਏ
7. ਦਿੱਲੀ = 21,000 ਕਰੋੜ ਰੁਪਏ

ਦੂਜੀ ਜਾਣਕਾਰੀ ਇਹ ਦਿੱਤੀ ਗਈ ਕਿ 2019-20 ਤੋਂ 2022-23 ਤੱਕ ਦੇ ਚਾਰ ਸਾਲਾਂ ਵਿਚ ਹਰਿਆਣਾ ਸਰਕਾਰ ਸਿਰ 11 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਵਧਿਆ ਹੈ। ਪੰਜਾਬ 'ਚ ਇਨ੍ਹਾਂ ਹੀ ਚਾਰ ਸਾਲਾਂ ਵਿਚ 94 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਵਧਿਆ ਹੈ। ਵਿੱਤੀ ਸਾਲ 2023 ਦੇ ਅੰਤ ਤੱਕ ਬਿਹਾਰ ਸਰਕਾਰ ਸਿਰ ਕਰਜ਼ਾ 2.56 ਲੱਖ ਕਰੋੜ ਰੁਪਏ ਦਾ ਕਰਜ਼ਾ ਹੋ ਗਿਆ ਸੀ। ਕੇਂਦਰ ਸਰਕਾਰ ਦੁਆਰਾ ਇਹ ਵੀ ਲਿਖਤੀ ਰੂਪ 'ਚ ਦੱਸਿਆ ਕਿ ਕੇਂਦਰ ਸਰਕਾਰ ਸਿਰ 31 ਮਾਰਚ 2023 ਤੱਕ 161 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਰਾਜਾਂ ਸਿਰ 44 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਤਰ੍ਹਾਂ ਭਾਰਤੀ ਸਰਕਾਰ (ਸਮੇਤ ਸੂਬਿਆਂ ਦੇ) ਕੁੱਲ ਕਰਜ਼ਾ 205 ਲੱਖ ਕਰੋੜ ਰੁਪਏ ਹੈ। ਭਾਰਤੀ ਨਾਗਰਿਕਾਂ ਨੇ ਨਿੱਜੀ ਲੋੜਾਂ ਦੀ ਪੂਰਤੀ ਲਈ ਜਿਹੜਾ ਕਰਜ਼ਾ ਸਰਕਾਰਾਂ, ਬੈਂਕਾਂ ਜਾਂ ਹੋਰ ਸ਼ਾਹੂਕਾਰਾਂ, ਆੜ੍ਹਤੀਆਂ, ਧਨੀ ਲੋਕਾਂ, ਗ਼ੈਰ-ਬੈਂਕ ਵਿੱਤੀ ਤੇ ਫਿਨਟੈੱਕ ਕੱਪਨੀਆਂ ਤੋਂ ਲਿਆ ਹੈ, ਉਹ ਵੱਖਰਾ ਹੈ।

ਹਰਿਆਣਾ ਕਰਜ਼ੇ ਦੀ ਕਿਸ਼ਤ ਤੇ ਵਿਆਜ ਦੀ ਅਦਾਇਗੀ ਦੇ ਮਾਮਲੇ ਵਿਚ ਭਾਰਤੀ ਰਾਜਾਂ 'ਚੋਂ ਚੌਥੇ ਨੰਬਰ 'ਤੇ ਹੈ। ਇਸ ਦੀ 19.5% ਆਮਦਨ ਕਰਜ਼ੇ ਦੀ ਕਿਸ਼ਤ ਤੇ ਬਣਦੇ ਵਿਆਜ ਦੇਣ 'ਚ ਚਲੀ ਜਾਂਦੀ ਹੈ।ਪੰਜਾਬ ਦੀ 22.2% ਆਮਦਨ ਇਸ ਕੰਮ 'ਚ ਚਲੀ ਜਾਂਦੀ ਹੈ।

ਜਿਉਂ-ਜਿਉਂ ਕਰਜ਼ਾ ਵਧਦਾ ਹੈ, ਤਿਉਂ-ਤਿਉਂ ਇਸ 'ਤੇ ਵਿਆਜ ਵਧਦਾ ਜਾਂਦਾ ਹੈ, ਜੋ ਮਾਲੀ ਖਾਤਿਆਂ ਉੱਪਰ ਦਬਾਅ/ਬੋਝ ਵਧਾਉਂਦਾ ਹੈ। ਕਾਰਨ? ਮਾਲੀ ਆਮਦਨ ਦਾ ਜ਼ਿਆਦਾ ਹਿੱਸਾ ਵਿਆਜ ਦੀ ਅਦਾਇਗੀ 'ਤੇ ਲੱਗ ਜਾਂਦਾ ਹੈ। ਸਿੱਟੇ ਵਜੋਂ ਦੂਜੇ ਮੰਤਵਾਂ ਲਈ ਮਾਲੀਆ ਘੱਟ ਬਚਦਾ ਹੈ।

ਅਸਲ 'ਚ ਰਾਜਾਂ ਸਿਰ ਕਰਜ਼ੇ ਲਈ ਮੁੱਖ ਜ਼ਿੰਮੇਵਾਰ ਕੇਂਦਰ ਸਰਕਾਰ ਹੈ। ਸਾਲ 1991-92 ਤੋਂ ਲਾਗੂ ਨੀਤੀਆਂ ਨੇ ਰਾਜਾਂ ਸਿਰ ਕਰਜ਼ੇ ਨੂੰ ਵਧਾਉਣਾ ਸ਼ੁਰੂ ਕੀਤਾ। ਕੇਂਦਰੀਕਰਨ ਦੀ ਵਧਦੀ ਪ੍ਰਵਿਰਤੀ ਨੇ ਰਾਜਾਂ ਦੇ ਵਿੱਤੀ ਅਧਿਕਾਰਾਂ ਉੱਤੇ ਲਗਾਤਾਰ ਡਾਕਾ ਮਾਰਿਆ ਹੈ।ਰਹਿੰਦੀ ਕਸਰ ਜੀ ਐੱਸ ਟੀ ਨੇ ਕੱਢ ਦਿੱਤੀ ਹੈ। ਰਾਜਾਂ ਵੱਲੋਂ ਵੀ ਆਮਦਨ ਦੇ ਨਵੇਂ ਸਰੋਤ ਨਾ ਖੋਜਣ ਦੀ ਪ੍ਰਵਿਰਤੀ ਅਤੇ ਲੋਕ-ਲੁਭਾਊ ਸਕੀਮਾਂ 'ਤੇ ਧਨ ਦੀ ਅੰਨ੍ਹੀ ਵਰਤੋਂ ਨੇ ਉਤਪਾਦਕ ਕੰਮਾਂ 'ਤੇ ਖਰਚ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ।ਮਰਹੂਮ ਜੈ ਲਲਿਤਾ ਤੇ ਪ੍ਰਕਾਸ਼ ਸਿੰਘ ਬਾਦਲ ਦੋਵਾਂ ਨੇ ਮੁਫ਼ਤ 'ਚ ਸਹੂਲਤ ਦੇਣ ਦੀ ਪ੍ਰਥਾ ਚਾਲੂ ਕੀਤੀ ਅਤੇ ਉਸ ਤੋਂ ਬਾਅਦ ਚੱਲ ਸੋ ਚੱਲ। ਸਿੱਟੇ ਵਜੋਂ ਕਰਜ਼ਾਈ ਰਾਜਾਂ ਦੀ ਦਾਸਤਾਨ ਸਾਡੇ ਸਾਰਿਆਂ ਦੇ ਸਾਹਮਣੇ ਹੈ।

*# ਸੰਪਰਕ : 98768-01268*

# ਲੋਕ ਸਭਾ ਚੋਣਾਂ : ਮੁਲਾਜ਼ਮ ਤੇ ਪੈਨਸ਼ਨਰ

ਵੇਦ ਪ੍ਰਕਾਸ਼

ਦੇਸ਼ ਵਿੱਚ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ। ਬਿਗਲ ਵੱਜ ਹੀ ਨਹੀਂ ਚੁੱਕਾ, ਬਲਕਿ ਇਸ ਲੇਖ ਦੇ ਪਾਠਕਾਂ ਕੋਲ ਪਹੁੰਚਣ ਤੱਕ ਚੋਣਾਂ ਦੇ ਦੋ ਗੇੜ ਮੁਕੰਮਲ ਹੋ ਚੁੱਕੇ ਹੋਣਗੇ। 18ਵੀਂ ਲੋਕ ਸਭਾ ਦੀਆਂ ਇਹਨਾਂ ਚੋਣਾਂ ਨੇ ਸਮੁੱਚੇ ਦੇਸ਼ ਦੀ ਰਾਜਨੀਤਕ ਆਰਥਿਕ ਤੇ ਸਮਾਜਿਕ ਦਿਸ਼ਾ ਤੇ ਦਸ਼ਾ ਤਹਿ ਕਰਨੀ ਹੈ। ਇਨ੍ਹਾਂ ਚੋਣਾਂ ਨੇ ਤਹਿ ਕਰਨਾ ਹੈ ਕਿ ਲੋਕ ਪੱਖੀ ਸਰੋਕਾਰਾਂ ਨੂੰ ਦੇਸੀ-ਵਿਦੇਸ਼ੀ ਮੁਨਾਫ਼ਾਖੋਰਾਂ, ਬਹੁਕੌਮੀ ਕੰਪਨੀਆਂ ਅਤੇ ਕਾਰਪੋਰੇਟ ਘਰਾਣਿਆਂ ਦੇ ਰਹਿਮੋ-ਕਰਮ 'ਤੇ ਛੱਡਣਾ ਠੀਕ ਹੈ ਜਾਂ ਨਹੀਂ? ਖੈਰ ਬਿਗਲ ਵੱਜਦਿਆਂ ਵੱਖ-ਵੱਖ ਪਾਰਟੀਆਂ ਵੱਲੋਂ ਵੱਡੇ-ਵੱਡੇ ਫਰੇਬੀ ਵਾਅਦਿਆਂ, ਨਾਅਰਿਆਂ ਅਤੇ ਲਾਰਿਆਂ ਦੀ ਬੋਲੀ ਲੱਗਣੀ ਸ਼ੁਰੂ ਹੋ ਗਈ ਹੈ। ਕੁਝ ਰਵਾਇਤੀ ਲੀਡਰਾਂ ਵੱਲੋਂ ਆਜ਼ਾਦੀ ਵੇਲੇ ਤੋਂ ਚੱਲੇ ਆ ਰਹੇ ਭਾਵੁਕ ਮੁੱਦੇ ਚੋਣਾਂ ਮੌਕੇ ਕੱਢ ਲਏ ਜਾਂਦੇ ਹਨ। ਕੁਰਸੀ ਪ੍ਰਾਪਤ ਹੋਣ ਪਿੱਛੋਂ ਇਹ ਮੁੱਦੇ ਫਿਰ ਹੇਠਾਂ ਦੱਬ ਦਿੱਤੇ ਜਾਂਦੇ ਹਨ। ਲੋਕ ਮੁੱਦੇ ਗਾਇਬ ਕਰਦਿਆਂ ਕੁਝ ਦਲ ਤਾਂ ਧਰਮ, ਜਾਤ ਤੇ ਇਲਾਕੇ ਦੇ ਨਾਂਅ 'ਤੇ ਵੋਟਾਂ ਮੰਗਣ ਲੱਗ ਪਏ ਹਨ। ਕਈ ਲੀਡਰਾਂ ਨੇ ਤਾਂ ਮੰਦਰ-ਮਸਜਿਦ ਤੱਕ ਦੇ ਮੁੱਦੇ ਵੀ ਪ੍ਰਚਾਰਨੇ ਸ਼ੁਰੂ ਕਰ ਦੇਣੇ ਹਨ।

ਲੋਕ ਸਭਾ ਚੋਣਾਂ ਸਨਮੁੱਖ ਸੰਯੁਕਤ ਕਿਸਾਨ ਮੋਰਚਾ ਨੇ ਆਪਣੀਆਂ ਮੰਗਾਂ, ਵਿਤਕਰਿਆਂ ਅਤੇ ਸਮੇਂ-ਸਮੇਂ 'ਤੇ ਹੋਏ ਧੱਕਿਆਂ ਨਾਲ ਸੰਬੰਧਤ ਕੁਝ ਸਵਾਲਾਂ ਦਾ ਖਰੜਾ ਤਿਆਰ ਕਰ ਕੇ ਆਪਣੀਆਂ ਹੇਠਲੀਆਂ ਸਫਾਂ ਨੂੰ ਭੇਜਿਆ ਹੈ। ਚੋਣ ਦੰਗਲ ਮੌਕੇ ਲੋਕ ਮੁੱਦੇ ਅਣਡਿੱਠ ਕਰਨ 'ਤੇ ਲੋਕਾਂ ਦਾ ਗੁੱਸਾ ਮੌਜੂਦਾ ਹਾਕਮਾਂ 'ਤੇ ਫੁੱਟਦਾ ਪੂਰੀ ਤਰ੍ਹਾਂ ਵਿਖਾਈ ਦੇ ਰਿਹਾ ਹੈ। ਭਾਜਪਾ ਉਮੀਦਵਾਰਾਂ ਨੂੰ ਕਿਸਾਨ ਘੇਰ-ਘੇਰ ਕੇ ਸਵਾਲ ਪੁੱਛ ਰਹੇ ਹਨ। ਲੋਕਾਂ ਦੇ ਗੁੱਸੇ ਤੋਂ ਘਬਰਾਏ ਕਈ ਉਮੀਦਵਾਰ ਪਿੰਡਾਂ ਵਿੱਚ ਜਾਣ ਤੋਂ ਪਾਸਾ ਵੱਟ ਰਹੇ ਹਨ। ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵੀ ਅਜਿਹੀ ਪ੍ਰਸ਼ਨਾਵਲੀ ਬਣਾ ਕੇ ਵੋਟਾਂ ਬਟੋਰਨ ਲਈ ਆਏ ਉਮੀਦਵਾਰਾਂ, ਉਨ੍ਹਾਂ ਦੇ ਹਮਾਇਤੀਆਂ ਅਤੇ ਆਮ ਲੋਕਾਂ ਨਾਲ ਵਾਅਦਾ ਖਿਲਾਫੀਆਂ ਅਤੇ ਬੇ-ਨਿਯਮੀਆਂ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ।

ਚਾਹੀਦਾ ਤਾਂ ਇਹ ਹੈ ਕਿ ਹਰ ਹਲਕੇ ਅੰਦਰ ਲੋਕ ਅਦਾਲਤਾਂ ਲਾ ਕੇ ਵੋਟਾਂ ਲੈਣ ਲਈ ਆ ਰਹੇ ਕੁਝ ਮੌਸਮੀ ਵੋਟ ਬਟੋਰੂਆਂ ਤੋਂ ਲੋਕਾਂ ਵੱਲੋਂ ਸਵਾਲ ਪੁੱਛੇ ਜਾਣ ਕਿ ਸਰਕਾਰੀ ਹਸਪਤਾਲਾਂ ਵਿੱਚ ਸਿਹਤ ਸੰਭਾਲ ਲਈ ਬੁਨਿਆਦੀ ਸਹੂਲਤਾਂ ਮੁਹੱਈਆ ਕਰਨ ਦੀ ਥਾਂ ਪ੍ਰਾਈਵੇਟ ਨਿੱਜੀ ਹਸਪਤਾਲ ਖੁੱਲ੍ਹਵਾ ਕੇ ਲੋਕਾਂ ਦੀ ਲੁੱਟ ਦਾ ਰਾਹ ਪੱਧਰਾ ਕਿਉਂ ਕੀਤਾ ਗਿਆ? ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਦੇਣ ਲਈ ਖਾਲੀ ਅਸਾਮੀਆਂ ਨੂੰ ਭਰਨ ਦੀ ਥਾਂ ਪ੍ਰਾਈਵੇਟ ਸਕੂਲਾਂ ਤੇ ਅਕੈਡਮੀਆਂ ਨੂੰ ਮਾਨਤਾ ਤੇ ਰਿਆਇਤਾਂ ਕਿਉਂ ਦਿੱਤੀਆਂ ਜਾ ਰਹੀਆਂ ਹਨ? ਸਵਾਲ ਇਹ ਵੀ ਬਣਦਾ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਨਵੀਂ ਪੈਨਸ਼ਨ ਸਕੀਮ ਦੀ ਸਮੀਖਿਆ ਲਈ ਬਣਾਈ ਕਮੇਟੀ ਨੇ ਤਿੰਨ ਸਾਲ ਬੀਤ ਜਾਣ ਤੱਕ ਵੀ ਨਾ ਕੋਈ ਰਿਪੋਰਟ ਜਾਰੀ ਕੀਤੀ ਅਤੇ ਨਾ ਹੀ ਪੁਰਾਣੀ ਪੈਨਸ਼ਨ ਬਹਾਲੀ ਹੋਈ, ਬਲਕਿ ਬਾਰਡਰਾਂ 'ਤੇ ਦੇਸ਼ ਦੀ ਸੁਰੱਖਿਆ ਕਰਦੇ ਜਵਾਨਾਂ ਤੋਂ ਵੀ 4 ਸਾਲਾ ਅਗਨੀਵੀਰ ਭਰਤੀ ਸ਼ੁਰੂ ਕਰਕੇ ਪੈਨਸ਼ਨ ਦਾ ਹੱਕ ਖੋਹ ਲਿਆ। ਦੇਸ਼ ਭਰ ਦੇ ਸੀਨੀਅਰ ਸਿਟੀਜ਼ਨ ਅਤੇ ਸੇਵਾ-ਮੁਕਤ ਮੁਲਾਜ਼ਮਾਂ ਤੋਂ ਰੇਲ ਤੇ ਹਵਾਈ ਸਫਰ ਵਿੱਚ ਮਿਲਦੀ ਰਿਆਇਤ ਖਤਮ ਕਿਉਂ ਕਰ ਦਿੱਤੀ ਗਈ? ਮੋਦੀ ਸਰਕਾਰ ਨੇ ਅਗਲੇ ਤਨਖਾਹ ਕਮਿਸ਼ਨ ਦੀ ਸਥਾਪਨਾ ਤੋਂ ਇਨਕਾਰ ਕਿਉਂ ਕਰ ਦਿੱਤਾ। ਸਵਾਲ ਇਹ ਵੀ ਹੈ ਕਿ 40 ਕਿਰਤ ਕਾਨੂੰਨਾਂ ਨੂੰ 4 ਕਿਰਤ ਕੋਡਾਂ 'ਚ ਤਬਦੀਲ ਕਰ ਕੇ ਲੋਕਾਂ ਦੇ ਸੰਗਠਨ ਬਣਾਉਣ, ਸੰਘਰਸ਼ ਕਰਨ ਤੇ ਹੜਤਾਲ ਕਰਨ ਜਿਹੇ ਮੁੱਢਲੇ ਅਧਿਕਾਰ ਕਿਉਂ ਖੋਹੇ ਜਾ ਰਹੇ ਹਨ? 'ਆਪ' ਨੇ ਪਿਛਲੇ ਸਮੇਂ ਅੰਦਰ ਖਾਲੀ ਅਸਾਮੀਆਂ ਸਮਾਪਤ ਕਰਕੇ ਅਤੇ ਨਿਯੁਕਤੀਆਂ ਠੇਕੇ ਜਾਂ ਮਾਣ-ਭੱਤੇ 'ਤੇ ਕਰ ਬੇਰੁਜ਼ਗਾਰਾਂ ਦਾ ਜਾਣ-ਬੁੱਝ ਕੇ ਸ਼ੋਸ਼ਣ ਕਿਉਂ ਕੀਤਾ ਜਾ ਰਿਹਾ ਹੈ ਅਤੇ ਆਮਦਨ ਕਰ ਵਿੱਚ ਮੁਲਾਜ਼ਮਾਂ ਨੂੰ ਕੋਈ ਰਾਹਤ ਕਿਉਂ ਨਹੀਂ ਦਿੱਤੀ ਗਈ?

ਪੰਜਾਬ ਦੀ 'ਆਪ' ਸਰਕਾਰ ਵੱਲੋਂ ਦੋ ਸਾਲ ਪਹਿਲਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਚੋਣ ਵਾਅਦਿਆਂ 'ਤੇ ਸਵਾਲ ਪੁੱਛੇ ਜਾ ਸਕਦੇ ਹਨ। ਪੁਰਾਣੀ ਪੈਨਸ਼ਨ 'ਬਹਾਲੀ' ਅੱਜ ਇੱਕ ਦੇਸ਼-ਵਿਆਪੀ ਸਿਆਸੀ ਮੁੱਦੇ ਦਾ ਰੂਪ ਧਾਰਨ ਕਰ ਚੁੱਕੀ ਹੈ। ਸਵਾਲ ਪੁੱਛਿਆ ਜਾ ਸਕਦਾ ਹੈ ਕਿ ਗੁਜਰਾਤ ਚੋਣਾਂ ਮੌਕੇ 'ਆਪ' ਸਰਕਾਰ ਨੇ ਪੁਰਾਣੀ ਪੈਨਸ਼ਨ ਬਹਾਲੀ ਦੇ ਵੱਡੇ-ਵੱਡੇ ਐਲਾਨ ਤੇ ਇੱਕ ਅਧੂਰਾ ਜਿਹਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਹਿਮਾਚਲ ਅਤੇ ਕਰਨਾਟਕਾ ਦੀਆਂ ਸਰਕਾਰਾਂ ਨੇ ਪੁਰਾਣੀ ਪੈਨਸ਼ਨ ਬਹਾਲੀ ਲਾਗੂ ਕਰ ਦਿੱਤੀ, ਪਰ 'ਆਪ' ਸਰਕਾਰ ਵੱਲੋਂ ਕੇਂਦਰੀ ਤਰਜ਼ 'ਤੇ ਬਣਾਈ ਕਮੇਟੀ ਚੁੱਪ ਕਿਉਂ ਵੱਟ ਗਈ? ਸਵਾਲ ਇਹ ਵੀ ਹੈ ਕਿ ਬਿਨਾਂ ਕਿਸੇ ਸਕੇਲ, ਗ੍ਰੇਡ ਪੇ, ਸਾਲਾਨਾ ਤਰੱਕੀ, ਮਹਿੰਗਾਈ ਭੱਤੇ, ਗ੍ਰੈਚੁਟੀ, ਪੈਨਸ਼ਨ ਜਾਂ ਮੈਡੀਕਲ ਭੱਤੇ ਆਦਿ ਦੀ ਕਿਸੇ ਸਹੂਲਤ ਬਿਨਾਂ ਉੱਕੇ-ਪੱਕੇ 'ਤੇ ਪੱਕਾ ਕਰਨਾ ਕਿਹੜੇ ਸੀ ਐਸ ਆਰ ਨਿਯਮ ਅਨੁਸਾਰ ਹੈ?

(• ਬਾਕੀ ਸਫ਼ਾ 9 'ਤੇ)

CMYK

# ਹਰਸਿਮਰਤ ਦੀ ਕਾਰਗੁਜ਼ਾਰੀ ਚੰਗੀ ਹੁੰਦੀ ਤਾਂ ਹਰ ਵਾਰ ਨਾ ਘਟਦਾ ਵੋਟਾਂ ਦਾ ਅੰਤਰ : ਖੁੱਡੀਆਂ



**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ/ਪਰਵਿੰਦਰਜੀਤ ਸਿੰਘ)**-ਬਠਿੰਡਾ ਲੋਕ ਸਭਾ ਹਲਕੇ ਤੋਂ ਆਪ ਦੇ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਜੇਕਰ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਦੀ ਕਾਰਗੁਜ਼ਾਰੀ ਚੰਗੀ ਹੁੰਦੀ ਤਾਂ ਹਰ ਚੋਣ ਵਿਚ ਉਸ ਦਾ ਵੋਟਾਂ ਦਾ ਅੰਤਰ ਨਾ ਘੱਟਦਾ।ਉਹ ਬਠਿੰਡਾ ਸ਼ਹਿਰ ਵਿੱਚ ਵੱਖ-ਵੱਖ ਮਹੱਲਿਆਂ ਅੰਦਰ ਚੋਣ ਜਲਸਿਆਂ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਹਰਸਿਮਰਤ ਕੌਰ ਬਾਦਲ ਪਹਿਲੀ ਵਾਰ ਕਰੀਬ ਸਵ ਲੱਖ ਵੋਟਾਂ ਦੇ ਅੰਤਰ ਨਾਲ ਜੇਤੂ ਰਹੀ ਸੀ, ਪਰ ਸਾਲ 2019 ਵਿੱਚ ਤੀਜੀ ਵਾਰ ਆਪਣੇ ਪਰਿਵਾਰ ਦੇ ਕਾਂਗਰਸੀ ਆਗੂ ਨਾਲ ਮਿਲ ਕੇ ਉਨ੍ਹਾਂ ਚੋਣ ਜਿੱਤੀ, ਜੇਕਰ ਪਰਿਵਾਰ ਨਾ ਮਿਲਦਾ ਤਾਂ ਹਰਸਿਮਰਤ ਬਾਦਲ ਨੇ ਬੁਰੀ ਤਰ੍ਹਾਂ ਹਾਰ ਜਾਣਾ ਸੀ, ਪਰ ਵੋਟਾਂ ਦਾ ਅੰਤਰ ਸਿਰਫ 20 ਹਜ਼ਾਰ ਦੇ ਨੇੜੇ ਤੇੜੇ ਰਿਹਾ।ਉਨ੍ਹਾ ਕਿਹਾ ਕਿ ਏਮਜ਼ ਦੇ ਨਾਂ 'ਤੇ ਹਰਸਿਮਰਤ ਕੌਰ ਬਾਦਲ ਮੈਂਬਰ ਪਾਰਲੀਮੈਂਟ ਬਣਦੀ ਆ ਰਹੀ ਹੈ, ਪਰ ਇਸ ਵਾਰ ਲੋਕ ਉਸ ਨੂੰ ਵੱਡੇ ਅੰਤਰ ਨਾਲ ਹਰਾ ਦੇਣਗੇ।ਉਨ੍ਹਾ ਕਿਹਾ ਕਿ ਮੈਂਬਰ ਪਾਰਲੀਮੈਂਟ ਨੂੰ ਇੱਕ ਸਾਲ ਵਿੱਚ ਪੰਜ ਕਰੋੜ ਰੁਪਏ ਦੀ ਗਰਾਂਟ ਮਿਲਦੀ ਹੈ, ਪਰ ਬਠਿੰਡਾ ਲੋਕ ਸਭਾ ਹਲਕੇ ਅੰਦਰ ਜੇਕਰ ਹਰਸਿਮਰਤ ਨੇ ਗ੍ਰਾਂਟ ਖਰਚੀ ਹੁੰਦੀ ਤਾਂ ਲੋਕਾਂ ਨੂੰ ਅੱਜ ਸੁੱਖ ਦਾ ਸਾਹ ਆਇਆ ਹੁੰਦਾ। ਉਨ੍ਹਾਂ ਕਿਹਾ ਕਿ ਮੈਂਬਰ ਪਾਰਲੀਮੈਂਟ ਬਣਨ ਤੋਂ ਬਾਅਦ ਬਠਿੰਡਾ ਦੇ ਮਸਲਿਆਂ ਨੂੰ ਲੋਕ ਸਭਾ ਵਿੱਚ ਉਠਾ ਕੇ ਹੱਲ ਕਰਵਾਉਣ ਲਈ ਉਹ ਸਦਾ ਯਤਨਸ਼ੀਲ ਰਹਿਣਗੇ।ਜਥੇਦਾਰ ਖੁੱਡੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦਾ 5700 ਕਰੋੜ ਰੁਪਏ ਆਰ ਡੀ ਐੱਫ ਨੱਪ ਕੇ ਬੈਠੀ ਹੋਈ ਹੈ।ਉਨ੍ਹਾਂ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਦੀ ਗੱਲ ਕਰਦਿਆਂ ਕਿਹਾ ਕਿ ਹਰ ਘਰ ਨੂੰ 600 ਯੂਨਿਟ ਬਿਜਲੀ ਮੁਫਤ ਦਿੱਤੀ ਗਈ ਹੈ, ਜਦੋਂ ਕਿ ਆਮ ਆਦਮੀ ਕਲੀਨਿਕਾਂ ਵਿੱਚ ਲੋਕ ਆਪਣਾ ਮੁਫਤ ਇਲਾਜ ਕਰਵਾ ਰਹੇ ਹਨ।

## ਜੇਲ੍ਹ 'ਚੋਂ ਮੋਬਾਇਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ ਇਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਕੈਦੀ ਖਿਲਾਫ 52-ਏ ਪਰੀਸਿਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 4550 ਰਾਹੀਂ ਸੁਖਜਿੰਦਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 27 ਅਪ੍ਰੈਲ 2024 ਨੂੰ ਕਰੀਬ 7.40 ਏ ਐੱਮ 'ਤੇ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਰੂਟੀਨ ਚੱਕਰ ਲਗਾ ਰਹੇ ਸੀ ਤਾਂ ਬਲਾਕ ਨੰਬਰ 3 ਦੀ ਬੈਰਕ ਨੰਬਰ 6 ਵਿੱਚ ਕੈਦੀ ਸੁਖਦੇਵ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਦੌਲੇਵਾਲਾ ਥਾਣਾ ਕੋਟ ਈਸੇ ਖਾਂ, ਜ਼ਿਲ੍ਹਾ ਮੋਗਾ ਹਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੀ ਤਲਾਸ਼ੀ ਲੈਣ 'ਤੇ 1 ਮੋਬਾਇਲ ਫੋਨ ਸੈਮਸੰਗ ਸਮੇਤ ਬੈਟਰੀ ਤੇ ਸਿੰਮ ਕਾਰਡ ਬਰਾਮਦ ਹੋਇਆ। ਉਕਤ ਕੈਦੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਬੱਸਾਂ ਦੇ ਟਾਇਮ ਟੇਬਲ ਨੂੰ ਲੈ ਕੇ ਕੰਡਕਟਰ ਦੀ ਕੁੱਟਮਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੱਸ ਅੱਡਾ ਮਖੂ ਵਿਖੇ ਬੱਸਾਂ ਦੇ ਟਾਇਮ ਟੇਬਲ ਨੂੰ ਲੈ ਕੇ ਹੋਏ ਝਗੜੇ ਵਿੱਚ ਕੰਡਕਟਰ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਮਖੂ ਪੁਲਸ ਨੇ 3 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੁਸ਼ੀਲ ਕੁਮਾਰ ਪੁੱਤਰ ਅਮਰੀਕ ਚੰਦ ਵਾਸੀ ਪਿੰਡ ਕੜਮਾ ਨੇ ਦੱਸਿਆ ਕਿ ਉਹ ਨਿਊ ਦੀਪ ਬੱਸ ਨੰਬਰ ਪੀਬੀ 4 ਏਸੀ 0578 'ਤੇ ਬਤੌਰ ਕੰਡਕਟਰ ਕੰਮ ਕਰਦਾ ਹੈ, ਜਿਸ ਦਾ ਦੋਸ਼ੀਆਨ ਬਿੱਲਾ ਡਰਾਈਵਰ, ਕੁਲਵੰਤ ਸਿੰਘ ਕੰਡਕਟਰ ਵਾਸੀ ਅਬਲੂ ਥਾਣਾ ਨਿਹਾਨ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ ਤੇ ਬਚਿੱਤਰ ਸਿੰਘ ਅੱਡਾ ਇੰਚਾਰਜ ਨਾਲ ਬੱਸਾਂ ਦੇ ਟਾਇਮ ਟੇਬਲ ਨੂੰ ਲੈ ਕੇ ਝਗੜਾ ਹੋਇਆ। ਸੁਸ਼ੀਲ ਕੁਮਾਰ ਨੇ ਦੱਸਿਆ ਕਿ ਉਕਤ ਦੋਸ਼ੀਆਨ ਨੇ ਉਸ ਦੀ ਕੁੱਟਮਾਰ ਕੀਤੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਹੰਸ ਰਾਜ ਹੰਸ ਦਾ ਧੂੜਕੋਟ ਕਲਾਂ 'ਚ ਕਿਸਾਨਾਂ ਵੱਲੋਂ ਵਿਰੋਧ



**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਗੁਰਦੀਪ ਸਿੰਘ ਨੇ ਜਾਣਕਾਰੀ ਦਿੱਤੀ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹੰਸ ਰਾਜ ਹੰਸ ਦਾ ਧੂੜਕੋਟ ਕਲਾਂ ਵਿਖੇ ਆਉਣ 'ਤੇ ਪਿੰਡ ਕਮੇਟੀ ਨੇ ਕਾਮਰੇਡ ਚਰਨ ਸਿੰਘ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਹੰਸ ਰਾਜ ਹੰਸ ਵਿਰੁੱਧ ਨਾਅਰੇਬਾਜ਼ੀ ਕੀਤੀ। ਲੋਕ ਨਾਹਰਾ ਲਗਾ ਰਹੇ ਸਨ, 'ਜਾਣ ਨ੍ਹੀਂ ਦਿੰਦੇ ਦਿੱਲੀ ਜੋ, ਵੜਨ ਨ੍ਹੀਂ ਦੇਣੇ ਪਿੰਡੀ ਓਹ''। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਔਰਤ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਕੌਰ ਨੇ ਦੱਸਿਆ ਕਿ ਸ਼ੰਭੂ ਤੇ ਖਨੌਰੀ ਬਾਰਡਰਾਂ ਤੋਂ ਜਥੇਬੰਦੀਆਂ ਨੇ ਸੱਦਾ ਦਿੱਤਾ ਹੈ ਅਤੇ ਪਿੰਡਾਂ ਵਿੱਚ ਇਸ਼ਤਿਹਾਰ ਲਾ ਕੇ ਤੇ ਆਮਦ 'ਤੇ ਸਾਰੇ ਕੈਂਡੀਡੇਟਾਂ ਨੂੰ ਸਵਾਲ ਜਵਾਬ ਕਰਕੇ ਨਾਅਰੇਬਾਜ਼ੀ ਕਰਨੀ ਹੈ। ਭਾਰਤੀ ਜਨਤਾ ਪਾਰਟੀ ਦੇ ਨੁਮਾਇੰਦਿਆਂ ਦਾ ਬਾਈਕਾਟ ਕਰਨਾ ਹੈ। ਉਨ੍ਹਾ ਦੱਸਿਆ ਕਿ ਜਦੋਂ ਪਿੰਡ ਵਿੱਚ ਪਤਾ ਲੱਗਾ ਕਿ ਧੂੜਕੋਟ ਕਲਾਂ ਵਿੱਚ ਹੰਸ ਰਾਜ ਵੋਟਾਂ ਮੰਗਣ ਲਈ ਆ ਰਿਹਾ ਹੈ ਤਾਂ ਝੱਟ ਇਕੱਠੇ ਹੋ ਕੇ ਉਸ ਦਾ ਭਾਰੀ ਪੁਲਸ ਦੀ ਹਾਜ਼ਰੀ ਵਿੱਚ ਜ਼ਬਰਦਸਤ ਵਿਰੋਧ ਕੀਤਾ। ਇਸ ਤੋਂ ਪਿੱਛੋਂ ਉਹ ਧੂੜਕੋਟ ਟਾਹਲੀ ਵਾਲਾ ਵੀ ਗਏ, ਉੱਥੇ ਜਾ ਕੇ ਵੀ ਹੰਸ ਰਾਜ ਹੰਸ ਦਾ ਜ਼ਬਰਦਸਤ ਵਿਰੋਧ ਕੀਤਾ ਅਤੇ ਲੋਕਾਂ ਨੂੰ ਸੱਦਾ ਦਿੱਤਾ ਕਿ ਬੀ.ਜੇ.ਪੀ. ਦਾ ਡੱਟ ਕੇ ਵਿਰੋਧ ਕਰਨ। ਬੀ.ਜੇ.ਪੀ. ਦੀਆਂ ਨੀਤੀਆਂ ਕਿਸਾਨ ਵਿਰੋਧੀ, ਮਜ਼ਦੂਰ ਵਿਰੋਧੀ ਤੇ ਕਾਰਪੋਰੇਟ ਕੰਪਨੀਆਂ ਦੇ ਪੱਖੀ ਹਨ, ਇਹ ਫਾਸ਼ੀਵਾਦੀ ਹੱਲੇ ਨਾਲ ਭਾਰਤ ਵਿੱਚ ਹਿੰਦੂ ਰਾਜ ਸਿਰਜਣਾ ਚਾਹੁੰਦੇ ਹਨ। ਸਾਡੀ ਕਿਸਾਨ ਜਥੇਬੰਦੀ ਫਾਸ਼ੀਵਾਦ ਦਾ ਡੱਟਵਾਂ ਵਿਰੋਧ ਕਰਦੀ ਹੈ ਤੇ ਵੋਟਾਂ ਵਿੱਚ ਬੀ.ਜੇ.ਪੀ. ਦਾ ਵਿਰੋਧ ਕਰਦੀ ਹੈ। ਪਿਛਲੇ ਚੋਣਾਂ ਦੇ ਲੰਮੇ ਤਜਰਬੇ 'ਚੋਂ ਅਸੀਂ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਵੋਟਾਂ ਵਿੱਚੋਂ ਮਜ਼ਦੂਰਾਂ, ਕਿਸਾਨਾਂ ਦਾ ਰਾਜ ਨਹੀਂ ਨਿਕਲਦਾ। ਵੋਟਾਂ ਦੇ ਡੱਬਿਆਂ ਵਿੱਚੋਂ ਲੁਟੇਰੇ, ਬਲਾਤਕਾਰੀ ਤੇ ਭ੍ਰਿਸ਼ਟਾਚਾਰੀ ਸਰਕਾਰਾਂ ਨਿਕਲਦੀਆਂ ਹਨ। ਚੋਣਾਂ ਇੱਕ ਧੋਖਾ ਹਨ।

# ਸਿੱਖਿਆ ਦਾ ਅਧਿਕਾਰ ਐਕਟ ਗ਼ਰੀਬ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ 'ਚ ਮੁਫ਼ਤ ਸਿੱਖਿਆ ਪ੍ਰਦਾਨ ਕਰੇ : ਮਹਿੰਦਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਸਿੱਖਿਆ ਦੇ ਅਧਿਕਾਰ 2009 ਆਰ ਈਟੀ ਐਕਟ ਨੂੰ ਨਿੱਜੀ ਸਕੂਲਾਂ ਵਿੱਚ ਇਨ-ਬਿਨ ਲਾਗੂ ਕਰਾਉਣ ਲਈ ਭੀਮ ਕ੍ਰਾਂਤੀ ਦੇ ਸੰਸਥਾਪਕ ਅਸ਼ੋਕ ਮਹਿੰਦਰਾ ਨੇ ਕਿਹਾ ਕਿ ਸਾਲ 2002 ਵਿੱਚ ਭਾਰਤੀ ਸੰਵਿਧਾਨ ਵਿੱਚ 86ਵੀਂ ਸੋਧ ਅਨੁਸਾਰ ਆਰਟੀਕਲ 21-ਏ ਜੋੜਿਆ ਗਿਆ, ਜਿਸ ਅਨੁਸਾਰ ਸਿੱਖਿਆ ਦੇ ਅਧਿਕਾਰ ਨੂੰ ਇੱਕ ਮੌਲਿਕ ਅਧਿਕਾਰ ਦਾ ਰੂਪ ਦਿੱਤਾ ਗਿਆ ਸੀ।

ਮਹਿੰਦਰਾ ਨੇ ਕਿਹਾ ਕਿ ਸਾਡੇ ਧਿਆਨ ਵਿੱਚ ਆਇਆ ਹੈ ਕੀ ਪੰਜਾਬ ਰਾਜ ਵਿੱਚ ਪੰਜਾਬ ਸਰਕਾਰ ਦੁਆਰਾ ਬਣਾਏ ਪੰਜਾਬ ਆਰ ਟੀ ਈ ਰੂਲ 2011 ਭਾਰਤ ਸਰਕਾਰ ਦੁਆਰਾ ਬਣਾਏ ਸਿੱਖਿਆ ਦੇ ਅਧਿਕਾਰ 2009 (ਆਰ ਟੀ ਈ ਐਕਟ 2009) ਐਕਟ ਨੂੰ ਮੂਲ ਭਾਵਨਾ ਨੂੰ ਖਤਮ ਕਰ ਰਹੇ ਹਨ।ਇਨ੍ਹਾਂ ਰੂਲਾਂ ਅਨੁਸਾਰ ਨਿੱਜੀ ਸਕੂਲਾਂ ਵਿੱਚ ਵਿਕਰ ਸੈਕਸ਼ਨ ਅਤੇ ਜਿਹੜੇ ਵਰਗ ਦੇ ਬੱਚਿਆਂ ਨੂੰ ਮੂਲ ਆਰ ਟੀ ਈ ਐਕਟ 2009 ਰਾਹੀਂ ਪ੍ਰਾਪਤ ਦੂਜੀ ਪਰਸੈਂਟ ਰਾਖਵੀਆਂ ਸੀਟਾਂ ਲਈ ਦਾਖਲੇ ਤੋਂ ਵਾਂਝਾ ਕੀਤਾ ਜਾ ਰਿਹਾ ਹੈ, ਕਿਉਂਕਿ ਪੰਜਾਬ ਸਰਕਾਰ ਦੇ ਉਪਰੋਕਤ ਰੂਲਾਂ ਅਨੁਸਾਰ ਪਹਿਲਾਂ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਲੈਣ ਲਈ ਕਿਹਾ ਜਾਂਦਾ ਹੈ ਤੇ ਜੇਕਰ ਸਰਕਾਰੀ ਸਕੂਲ ਵਿੱਚ ਦਾਖਲਾ ਨਹੀਂ ਮਿਲਦਾ ਤਾਂਹੀ ਬੱਚਾ ਨਿੱਜੀ ਸਕੂਲ ਵਿੱਚ ਉਪਰੋਤਕ ਐਕਟ ਅਧੀਨ ਦਾਖਲਾ ਲੈ ਸਕਦਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੁਆਰਾ ਪ੍ਰਾਈਵੇਟ ਸਕੂਲਾਂ ਵਿੱਚ ਬੱਚਿਆਂ ਨੂੰ ਨਾ ਪੜ੍ਹਾਉਣ ਦੀ ਸੂਰਤ ਵਿੱਚ ਇਥੇ ਦੱਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਰੂਲ 2011 ਦੀ ਆੜ ਦੇ ਨਿੱਜੀ ਸਕੂਲ ਵਿਕਰ ਸੈਕਸਨ ਅਤੇ ਪਛੜੇ ਵਰਗ ਦੇ ਬੱਚਿਆਂ ਨੂੰ ਐਕਟ 2009 ਅਨੁਸਾਰ ਰਾਖਵੀਆਂ ਸੀਟਾਂ ਹੇਠ ਦਾਖਲਾ ਨਹੀਂ ਕਰ ਰਹੇ ਹਨ।

ਅਸ਼ੋਕ ਮਹਿੰਦਰਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਅਗਰ ਉਹ ਪੰਜਾਬ ਦੇ ਗਰੀਬ ਮਜ਼ਦੂਰ ਵਰਗ ਦੇ ਬੱਚਿਆਂ ਦਾ ਸਿੱਖਿਆ ਦਾ ਮਿਆਰ ਉੱਚਾ ਚੁੱਕਣਾ ਚਾਹੁੰਦੇ ਹਨ ਤਾਂ ਰੂਲ 2011 ਵਿੱਚ ਤੁਰੰਤ ਸੋਧ ਕੀਤਾ ਜਾਵੇ ਤਾਂ ਜੁ ਪਿਛੜੇ ਵਰਗ ਗਰੀਬ ਮਜ਼ਦੂਰ ਬੱਚਿਆਂ ਇਸ ਦੇ ਵਿੱਦਿਅਕ ਸਾਲ ਤੋਂ ਹੀ ਭਾਰਤ ਦੇ ਸੰਵਿਧਾਨ ਆਰਟੀਕਲ 21 ਏ ਅਤੇ ਆਰ ਟੀ ਈ ਐਕਟ 2009 ਰਾਹੀਂ ਸਿੱਖਿਆ ਪ੍ਰਾਪਤ ਦੇ ਅਧਿਕਾਰ ਦਾ ਲਾਭ ਉਠਾ ਸਕਣ।

## ਕਾਤਰਾਂ

### ਮੰਡੀਆਂ ਦੇ ਪੁਖਤਾ ਪ੍ਰਬੰਧਾਂ ਤੋਂ ਕਿਸਾਨ ਆ ਰਹੇ ਖੁਸ਼ ਨਜ਼ਰ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਕਣਕ ਦੀ ਖਰੀਦ ਲਿਫਟਿੰਗ ਤੇ ਅਦਾਇਗੀ ਲਈ ਜ਼ਿਲ੍ਹੇ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਤਾਂ ਜੁ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ।ਕਿਸਾਨ ਹੱਥੋ-ਹੱਥੀ ਆਪਣੀ ਕਣਕ ਦੀ ਫ਼ਸਲ ਵੇਚ ਕੇ ਆਪਣੇ ਘਰ ਵਾਪਸ ਪਰਤ ਰਹੇ ਹਨ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਪ੍ਰਬੰਧਾਂ ਦੀ ਸ਼ਲਾਘਾ ਕਰ ਰਹੇ ਹਨ।ਅਜਿਹੀ ਹੀ ਉਦਾਹਰਣ ਫ਼ਾਜ਼ਿਲਕਾ ਦੀ ਦਾਣਾ ਮੰਡੀ ਵਿੱਚ ਦੇਖਣ ਨੂੰ ਮਿਲੀ, ਜਿਸ ਦੌਰਾਨ ਕਿਸਾਨ ਅਮਨਦੀਪ ਸਿੰਘ ਕੰਬੋਜ ਨੇ ਦੱਸਿਆ ਕਿ ਉਹ ਬੀਤੀ ਸ਼ਾਮ ਨੂੰ ਕਣਕ ਮੰਡੀ ਵਿੱਚ ਲੈ ਕੇ ਆਏ ਤੇ ਸਵੇਰੇ ਹੀ ਉਸ ਦੀ ਕਣਕ ਸਾਫ ਹੋ ਰਹੀ ਹੈ, ਕੁੱਝ ਸਮੇਂ ਬਾਅਦ ਕਣਕ ਦੀ ਤੁਲਾਈ ਹੋ ਜਾਵੇਗੀ। ਕਿਸਾਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੰਡੀਆਂ ਵਿੱਚ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ ਕੀਤੇ ਹੋਏ ਹਨ, ਪਾਣੀ, ਸਾਫ ਸਫਾਈ ਤੇ ਛਾਂ ਦੇ ਪ੍ਰਬੰਧ ਬਹੁਤ ਵਧੀਆ ਹਨ, ਜਿਸ ਲਈ ਉਹ ਪ੍ਰਸ਼ਾਸਨ ਦਾ ਤਹਿ ਦਿਲੋਂ ਧੰਨਵਾਦ ਹਨ।

### ਨਾਬਾਲਿਗ ਲੜਕੀ ਨੂੰ ਵਰਗਲਾ ਕੇ ਲਿਜਾਣ ਦੇ ਦੋਸ਼ 'ਚ ਨੌਜਵਾਨ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਨਾਬਾਲਿਗ ਲੜਕੀ ਨੂੰ ਵਰਗਲਾ ਕੇ ਲਿਜਾਣ ਦੇ ਦੋਸ਼ ਹੇਠ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਇੱਕ ਹਰਿਆਣਵੀ ਮੂਲ ਦੇ ਨੌਜਵਾਨ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਲੜਕੀ ਦੇ ਪਿਤਾ ਨੇ ਦੋਸ਼ ਲਗਾਏ ਸਨ ਕਿ 24 ਅਪ੍ਰੈਲ ਦੀ ਰਾਤ ਨੂੰ ਉਹ ਜਦੋਂ ਕਮਰੇ 'ਚ ਸੁੱਤੇ ਪਏ ਸਨ ਤਾਂ ਉਨ੍ਹਾਂ ਦੇ ਗੁਆਂਢ 'ਚ ਹੀ ਕਿਰਾਏ 'ਤੇ ਰਹਿਣ ਵਾਲਾ ਮਨੀਸ਼ ਵਾਸੀ ਫਰੀਦਾਬਾਦ (ਹਰਿਆਣਾ) ਉਸ ਦੀ ਕਰੀਬ 16 ਸਾਲ ਦੀ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਕਿੱਧਰੇ ਵਰਗਲਾ ਕੇ ਲੈ ਗਿਆ।ਮਨੀਸ਼ ਵਿਰੁੱਧ ਅ/ਧ 363,366ਏ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕਰਦੇ ਹੋਏ ਥਾਣਾ ਬਡਾਲੀ ਆਲਾ ਸਿੰਘ ਦੀ ਇੱਕ ਪੁਲਸ ਪਾਰਟੀ ਵੱਲੋਂ ਮਨੀਸ਼ ਨੂੰ ਗ੍ਰਿਫਤਾਰ ਕਰਕੇ ਨਾਬਾਲਿਗ ਲੜਕੀ ਨੂੰ ਬਰਾਮਦ ਕਰ ਲਿਆ ਗਿਆ।ਲੜਕੀ ਨੂੰ ਮਾਪਿਆਂ ਦੇ ਸਪੁਰਦ ਕਰਨ ਉਪਰੰਤ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਮਨੀਸ਼ ਵਿਰੁੱਧ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

### ਘਰ 'ਚੋਂ ਨਕਦੀ ਤੇ ਸੋਨੇ ਦੇ ਗਹਿਣੇ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਤਲਵੰਡੀ ਭਾਈ ਵਿਖੇ ਇੱਕ ਘਰ ਵਿੱਚੋਂ ਅਣਪਛਾਤੇ ਵਿਅਕਤੀਆਂ ਵੱਲੋਂ 50 ਹਜ਼ਾਰ ਰੁਪਏ ਦੀ ਨਗਦੀ ਤੇ ਸੋਨੇ ਦੇ ਗਹਿਣੇ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਦਰ ਜ਼ੀਰਾ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਲਖਵਿੰਦਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਤਲਵੰਡੀ ਮੰਗੇ ਖਾਂ ਨੇ ਦੱਸਿਆ ਕਿ 28 ਅਪ੍ਰੈਲ 2024 ਨੂੰ ਉਹ ਸ਼ਹਿਰ ਤੋਂ ਘਰ ਵਾਪਸ ਆਇਆ ਤਾਂ ਉਸ ਨੇ ਦੇਖਿਆ ਕਿ ਲੌਬੀ ਦਾ ਮੇਨ ਦਰਵਾਜ਼ਾ ਟੁੱਟਾ ਹੋਇਆ ਸੀ, ਜਦ ਅੰਦਰ ਵੜ ਕੇ ਦੇਖਿਆ ਤਾਂ ਦਰਵਾਜ਼ੇ ਵੀ ਟੁੱਟੇ ਹੋਏ ਸਨ ਤੇ ਚੈੱਕ ਕਰਨ 'ਤੇ 50 ਹਜ਼ਾਰ ਰੁਪਏ ਦੀ ਨਕਦੀ, ਸੋਨੇ ਦੇ ਗਹਿਣੇ ਚੋਰੀ ਹੋਣੇ ਪਾਏ ਗਏ, ਜਿਸ ਦੀ ਕੁੱਲ ਮਲੀਤੀ 6 ਲੱਖ ਰੁਪਏ ਬਣਦੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਕੁਲਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਵੈਟਨਰੀ ਡਾਕਟਰ ਦੀ ਕੁੱਟਮਾਰ ਦੇ ਦੋਸ਼ 'ਚ 4 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਲੱਖੋਕੇ ਬਹਿਰਾਮ ਅਧੀਨ ਆਉਂਦੇ ਪਿੰਡ ਤਾਰਾ ਸਿੰਘ ਵਾਲਾ ਦੇ ਕੋਲ ਵੈਟਨਰੀ ਡਾਕਟਰ ਦੀ ਕੁੱਟਮਾਰ ਕਰਕੇ ਜ਼ਖਮੀਂ ਕਰਨ ਦੇ ਦੋਸ਼ ਵਿੱਚ ਪੁਲਸ ਨੇ 4 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰਸ਼ਪਿੰਦਰ ਸਿੰਘ ਪੁੱਤਰ ਪਿੱਪਲ ਸਿੰਘ ਵਾਸੀ ਪਿੰਡ ਜੰਗ ਨੇ ਦੱਸਿਆ ਕਿ ਉਸ ਦਾ ਕੁਝ ਲੋਕਾਂ ਨਾਲ ਮੋਟਰ ਕੁਨੈਕਸ਼ਨ ਦਾ ਝਗੜਾ ਚੱਲ ਰਿਹਾ ਹੈ। ਗੁਰਸ਼ਪਿੰਦਰ ਸਿੰਘ ਨੇ ਦੱਸਿਆ ਕਿ ਉਹ ਵੈਟਨਰੀ ਦੀ ਸਰਵਿਸ ਪਿੰਡ ਤਾਰਾ ਸਿੰਘ ਵਾਲਾ ਵਿਖੇ ਕਰਦਾ ਹੈ ਤੇ ਬੀਤੀ 24 ਅਪ੍ਰੈਲ 2024 ਨੂੰ ਸਵੇਰੇ 11.40 ਵਜੇ ਪਿੰਡ ਤਾਰਾ ਸਿੰਘ ਤੋਂ ਪਿੰਡ ਝੋਕ ਮੋਹੜੇ ਮਨਿੰਦਰ ਸਿੰਘ ਦੇ ਘਰ ਪਸ਼ੂ ਦੇ ਟੀਕਾ ਲਗਾਉਣ ਜਾ ਰਿਹਾ ਸੀ। ਜਦ ਉਹ ਪਿੰਡ ਤਾਰਾ ਸਿੰਘ ਵਾਲਾ ਤੋਂ ਥੋੜ੍ਹਾ ਅੱਗੇ ਨਹਿਰ ਪੱਟੜੀ 'ਤੇ ਪੁੱਜਾ ਤਾਂ ਦੋਸ਼ੀਆਨ ਕਿੱਕਰ ਸਿੰਘ ਪੁੱਤਰ ਜਰਨੈਲ ਸਿੰਘ, ਚਰਨਜੀਤ ਕੌਰ ਪਤਨੀ ਕਿੱਕਰ ਸਿੰਘ ਵਾਸੀ ਪਿੰਡ ਜੰਗ ਤੇ 2 ਅਣਪਛਾਤੇ ਆਦਮੀਆਂ ਨੇ ਹਮਮਸ਼ਵਰਾ ਹੋ ਕੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਟਰੇਡ ਵਿੰਗ ਦਾ ਜੁਆਇੰਟ ਸਕੱਤਰ ਲੱਗਣ 'ਤੇ ਅਜੇ ਜਿੰਦਲ ਸਨਮਾਨਤ

**ਪਾਰਟੀ ਨੇ ਨੌਜਵਾਨਾਂ ਨੂੰ ਹਮੇਸ਼ਾ ਹੀ ਮਾਣ ਸਨਮਾਨ ਦਿੱਤਾ : ਦੇਵ ਮਾਨ**



**ਨਾਭਾ (ਵਰਿੰਦਰ ਵਰਮਾ)**-ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨੌਜਵਾਨਾਂ ਨੂੰ ਪਾਰਟੀ ਪ੍ਰਤੀ ਵਧੀਆ ਸੇਵਾਵਾਂ ਨਿਭਾਉਣ 'ਤੇ ਬਣਦਾ ਮਾਨ ਸਨਮਾਨ ਦਿੱਤਾ ਜਾ ਰਿਹਾ ਹੈ।ਇਸ ਲੜੀ ਦੇ ਤਹਿਤ ਅੱਜ ਹਲਕਾ ਵਿਧਾਨ ਸਭਾ ਨਾਭਾ ਤੋਂ ਜ਼ਿਲ੍ਹਾ ਪਟਿਆਲਾ ਦੇ ਆਪ ਵਪਾਰ ਮੰਡਲ ਪ੍ਰਧਾਨ ਅਜੇ ਜਿੰਦਲ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਟਰੇਡ ਵਿੰਗ ਦਾ ਜੁਆਇੰਟ ਸਕੱਤਰ ਪੰਜਾਬ ਨਿਯੁਕਤ ਕੀਤਾ ਗਿਆ।ਨਿਯੁਕਤ ਹੋਣ ਉਪਰੰਤ ਹਲਕਾ ਵਿਧਾਨ ਸਭਾ ਨਾਭਾ ਤੋਂ ਆਪ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਅਜੇ ਜਿੰਦਲ ਨੂੰ ਵਧਾਈਆਂ ਦਿੰਦੇ ਹੋਏ ਸਿਰੋਪਾ ਪਾ ਕੇ ਸਨਮਾਨਤ ਕੀਤਾ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਜਦੋਂ ਤੂੰ ਆਮ ਆਦਮੀ ਪਾਰਟੀ ਪੰਜਾਬ ਵਿੱਚ ਆਈ ਹੈ, ਉਦੋਂ ਤੋਂ ਅਜੇ ਜਿੰਦਲ ਵੱਲੋਂ ਪਾਰਟੀ ਪ੍ਰਤੀ ਵਧੀਆ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ।

ਪਹਿਲਾਂ ਵੀ ਕਈ ਅਹੁਦਿਆਂ 'ਤੇ ਉਹ ਕੰਮ ਕਰ ਚੁੱਕੇ ਹਨ, ਜਿਸ ਨੂੰ ਵੇਖਦੇ ਹੋਏ ਅੱਜ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਉਨ੍ਹਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਹੈ।ਸਨਮਾਨਤ ਹੋਣ ਉਪਰੰਤ ਅਜੇ ਜਿੰਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਹਲਕਾ ਨਾਭਾ ਵਿਧਾਇਕ ਦੇਵ ਮਾਨ ਤੇ ਰਾਜਪੁਰਾ ਵਿਧਾਇਕ ਨੀਨਾ ਮਿੱਤਲ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਦੀ ਬਦੌਲਤ ਮੈਨੂੰ ਇੰਨੀ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਇਹ ਜ਼ਿੰਮੇਵਾਰੀ ਨੂੰ ਮੈਂ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ।ਉਨ੍ਹਾਂ ਕਿਹਾ ਕਿ ਵਪਾਰੀਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕੀਤਾ ਜਾਵੇਗਾ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪੰਜਾਬ ਸਰਕਾਰ ਤੱਕ ਪਹੁੰਚਾਇਆ ਜਾਵੇਗਾ।ਇਸ ਮੌਕੇ ਕਿਸਾਨ ਸੈੱਲ ਵਾਈਸ ਪ੍ਰਧਾਨ ਪੰਜਾਬ ਗੁਰਦੀਪ ਸਿੰਘ ਟਿਵਾਣਾ, ਜੁਆਇੰਟ ਸਕੱਤਰ ਪੰਜਾਬ ਤੇਜਿੰਦਰ ਸਿੰਘ ਖਹਿਰਾ, ਪੰਕਜ ਪੱਪੂ, ਜਸਵੀਰ ਸਿੰਘ ਛਿੰਦਾ, ਹਰਮੇਸ਼ ਮੇਸ਼ੀ, ਭੁਪਿੰਦਰ ਸਿੰਘ ਕਲਰ ਮਾਜਰੀ ਆਦਿ ਹਾਜ਼ਰ ਸਨ।

## ਸਰਬਜੀਤ ਕੌਰ ਬੈਸਟ ਟੀਚਰ ਐਵਾਰਡ ਨਾਲ ਸਨਮਾਨਤ

**ਜੈਤੋ (ਸਤੀਸ਼ ਕੁਮਾਰ ਭੀਰੀ)**-ਡਾ. ਰਵਿੰਦਰਾ ਕਾਨਵੈਂਟ ਸਕੂਲ ਮੱਲਾ ਦੀ ਅਧਿਆਪਕਾ ਸਰਬਜੀਤ ਕੌਰ ਨੂੰ ਬੈਸਟ ਟੀਚਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਜਾਣਕਾਰੀ ਅਨੁਸਾਰ ਯੂਨੀਵਰਸਲ ਐਜੂਕੇਸ਼ਨ ਔਰਗੇਨਾਈਜ਼ੇਸ਼ਨ ਵੱਲੋਂ ਮੋਗਾ ਵਿਖੇ ਇੱਕ ਵਿਸ਼ਾਲ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਸਰਬਜੀਤ ਕੌਰ ਨੂੰ ਬੈਸਟ ਟੀਚਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਬਜੀਤ ਕੌਰ ਨੇ ਕਿਹਾ ਕਿ ਡਾ. ਰਵਿੰਦਰਾ ਕਾਨਵੈਂਟ ਸਕੂਲ ਦੇ ਡਾਇਰੈਕਟਰ ਹਰਗੋਬਿੰਦ ਸਿੰਘ, ਜੋ ਸਮੇਂ ਸਮੇਂ 'ਤੇ ਸਾਨੂੰ ਹਮੇਸ਼ਾ ਗਾਇਡ ਕਰਦੇ ਰਹਿੰਦੇ ਹਨ ਤੇ ਬਾਕੀ ਮੇਰੇ ਸਟਾਫ ਵੱਲੋਂ ਵੀ ਮੈਨੂੰ ਭਰਵਾਂ ਸਹਿਯੋਗ ਦਿੱਤਾ ਗਿਆ, ਜਿਸ ਸਦਕਾ ਮੈਂ ਇਹ ਐਵਾਰਡ ਹਾਸਲ ਕਰ ਸਕੀ। ਇਸ ਮੌਕੇ ਇਨ੍ਹਾਂ ਨਾਲ ਡਾਇਰੈਕਟਰ ਹਰਗੋਬਿੰਦ ਸਿੰਘ, ਪ੍ਰਿੰਸੀਪਲ ਸ੍ਰਿਸ਼ਟੀ ਸ਼ਰਮਾ, ਹਰਦੀਪ ਕੌਰ, ਸੋਨੂੰ, ਸੀਬਾ ਸਮੇਤ ਸਮੁੱਚਾ ਸਟਾਫ ਹਾਜ਼ਰ ਸੀ।



## ਸਵੀਪ ਵੱਲੋਂ ਸਰਕਾਰੀ ਸਕੂਲ ਗਰੀਬਾ ਸਾਂਦੜ 'ਚ ਵੋਟਰ ਜਾਗਰੂਕਤਾ ਕੈਂਪ



**ਜਲਾਲਾਬਾਦ (ਜੀਤ ਕੁਮਾਰ/ਜੰਗੀਰ ਕੌਰ)**-ਲੋਕ ਸਭਾ ਚੋਣਾਂ 2024 ਲਈ ਜਾਗਰੂਕ ਕਰਨ ਸੰਬੰਧੀ ਸਵੀਪ ਦੁਆਰਾ ਟੀਮ ਇੰਚਾਰਜ ਅਮਰਦੀਪ ਬਾਲੀ ਹੈੱਡਮਾਸਟਰ ਦੀ ਅਗਵਾਈ ਹੇਠ ਹੁਸ਼ਿਆਰ ਸਿੰਘ ਦਰਗਨ, ਸਤਨਾਮ ਸਿੰਘ, ਅਸ਼ੂਤੋਸ਼ ਤੇ ਰਮਨਦੀਪ ਸਿੰਘ ਦੇ ਸਹਿਯੋਗ ਨਾਲ ਸਰਕਾਰੀ ਹਾਈ ਸਮਾਰਟ ਸਕੂਲ ਗਰੀਬਾ ਸਾਂਦੜ ਵਿੱਚ ਵੋਟਰ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਟੀਮ ਦੁਆਰਾ ਸਕੂਲ ਪ੍ਰਿੰਸੀਪਲ ਬੰਤਾ ਸਿੰਘ ਦੇ ਸਹਿਯੋਗ ਨਾਲ, ਉਨ੍ਹਾਂ ਦੇ ਸਟਾਫ਼ ਦੀ ਹਾਜ਼ਰੀ ਵਿੱਚ ਵਿਦਿਆਰਥੀਆਂ ਨੂੰ ਲੋਕ ਸਭਾ ਚੋਣਾਂ 2024 ਲਈ ਜਾਗਰੂਕ ਕੀਤਾ ਗਿਆ। ਵਿਦਿਆਰਥੀਆਂ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਪ੍ਰੇਰਿਆ ਗਿਆ ਤੇ ਮਾਪਿਆਂ ਦੀ ਵੋਟਰ ਭਾਗੀਦਾਰੀ ਲਈ ਪ੍ਰੇਰਿਤ ਕੀਤਾ ਗਿਆ। ਬੂਥ ਨੰਬਰ 77/079 ਪੂਰਬੀ ਪਾਸਾ ਫੱਤੂ ਵਾਲਾ, ਬੂਥ ਨੰਬਰ 78/079 ਪੱਛਮੀ ਪਾਸਾ ਸਰਕਾਰੀ ਪ੍ਰਾਇਮਰੀ ਸਕੂਲ ਫੱਤੂ ਵਾਲਾ ਬੀ.ਐੱਲ.ਓ. ਦੁਆਰਾ ਆਮ ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ ਗਿਆ।

ਸਟਾਫ ਤੇ ਵਿਦਿਆਰਥੀਆਂ ਨੂੰ ਵੋਟਰ ਪ੍ਰਣ ਕਰਵਾਇਆ ਗਿਆ। ਇਸ ਦੇ ਨਾਲ ਹੀ ਹਸਤਾਖ਼ਰ ਅਭਿਆਨ ਵੀ ਚਲਾਇਆ ਗਿਅ। ਵੋਟ ਦੀ ਮਹੱਤਤਾ ਬਾਰੇ ਤੇ ਵੱਧ ਤੋਂ ਵੱਧ ਭਾਗੀਦਾਰੀ ਲਈ ਅਪੀਲ ਕੀਤੀ ਗਈ ਅਤੇ ਬੂਥ ਲੈਵਲ ਤੇ ਬੀ.ਐੱਲ.ਓ. ਆਸਾ ਸਿੰਘ, ਪ੍ਰਿੰਸੀਪਲ ਰਜਨੀਸ਼ ਛਾਬੜਾ ਤੇ ਸ੍ਰੀ ਹੰਸ ਰਾਜ ਥਿੰਦ ਦੇ ਸਹਿਯੋਗ ਨਾਲ ਆਮ ਲੋਕਾਂ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ ਗਿਆ। ਚੋਣ ਸੈੱਲ ਸੁਖਵਿੰਦਰ ਸਿੰਘ, ਸੁਰਿੰਦਰ ਛਿੰਦਾ ਤੇ ਰੂਬੀ ਮੈਡਮ ਦਾ ਪੂਰਾ ਸਹਿਯੋਗ ਰਿਹਾ।

# ਕਿਰਤੀ ਸਮਾਜ ਪਾਰਟੀ ਦੀ ਮੀਟਿੰਗ 'ਚ ਲੋਕ ਸਭਾ ਚੋਣਾਂ ਬਾਰੇ ਵਿਚਾਰਾਂ



**ਮਾਨਸਾ (ਆਤਮਾ ਸਿੰਘ ਪਮਾਰ)**-ਕਿਰਤੀ ਸਮਾਜ ਪਾਰਟੀ ਜ਼ਿਲਾ ਇਕਾਈ ਮਾਨਸਾ ਦੀ ਇੱਕ ਜ਼ਰੂਰੀ ਮੀਟਿੰਗ ਪਾਰਟੀ ਦੇ ਕਨਵੀਨਰ ਰੰਗੀ ਰਾਮ ਕੋਟਲੀ ਦੀ ਪ੍ਰਧਾਨਗੀ ਹੇਠ ਸਥਾਨਕ ਬਾਲ ਭਵਨ ਵਿਖੇ ਹੋਈ।ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਨੂੰ ਆਜ਼ਾਦ ਹੋਇਆਂ 75 ਵਰ੍ਹੇ ਬੀਤ ਗਏ ਹਨ, ਪ੍ਰੰਤੂ ਦਲਿਤ ਤੇ ਵਿਸ਼ੇਸ਼ ਕਰਕੇ ਮਜ਼੍ਹਬੀ ਸਿੱਖ ਭਾਈਚਾਰੇ ਦੇ ਸਮਾਜਿਕ ਆਰਥਿਕ ਹਾਲਤਾਂ ਵਿੱਚ ਕੋਈ ਜ਼ਿਕਰਯੋਗ ਤਬਦੀਲੀ ਨਜ਼ਰੀ ਨਹੀਂ ਪੈ ਰਹੀ।ਅੱਜ ਦੇ ਯੁੱਗ ਵਿੱਚ ਵੀ ਇਹ ਲੋਕ ਜ਼ਿਮੀਂਦਾਰਾਂ ਦੇ ਘਰ ਗੋਹਾ ਕੂੜਾ ਸੁੱਟਣ ਲਈ ਮਜਬੂਰ ਹਨ।ਇਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਲਿਖਾਈ ਦਾ ਕੋਈ ਢੁਕਵਾਂ ਪ੍ਰਬੰਧ ਵੀ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਨਹੀਂ ਕੀਤਾ ਗਿਆ।ਵਿਚਾਰ ਵਟਾਂਦਰਾ ਕਰਨ ਦੌਰਾਨ ਇੱਕ ਗੱਲ ਉਭਰਵੇਂ ਰੂਪ ਵਿੱਚ ਸਾਹਮਣੇ ਆਈ ਕਿ ਸਮਾਜ ਦਾ ਇਹ ਵਰਗ ਸੰਗਠਤ ਨਹੀਂ ਹੈ, ਜਿਸ ਕਰਕੇ ਇਹ ਆਪਣੇ ਜਮਹੂਰੀ ਹੱਕਾਂ ਤੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਤੋਂ ਬਿਲਕੁਲ ਕੋਰੇ ਹਨ।ਆਗੂਆਂ ਨੇ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਦੇ ਬੈਨਰ ਹੇਠ ਜਥੇਬੰਦ ਹੋ ਕੇ ਵੋਟ ਰਾਜਨੀਤੀ ਵਿੱਚ ਹਿੱਸਾ ਲੈਣ ਤਾਂ ਕਿ ਉਹ ਮੰਗਣ ਵਾਲੇ ਨਹੀਂ ਸਗੋਂ ਵੰਡਣ ਵਾਲੇ ਬਣ ਸਕਣ।ਆਗੂਆਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਵੱਡਾ ਵੋਟ ਬੈਂਕ ਹੋਣ ਦੇ ਬਾਵਜੂਦ ਅਸੀਂ ਸੱਤਾ ਦੇ ਨੇੜੇ ਤੇੜੇ ਵੀ ਨਹੀਂ ਪਹੁੰਚ ਸਕੇ।ਭਾਵੇਂ ਇੱਕ ਸੰਕੇਤਕ ਮੀਟਿੰਗ ਸੀ, ਫਿਰ ਵੀ ਇਸ ਵਿੱਚ ਫੈਸਲਾ ਲਿਆ ਗਿਆ ਕਿ ਅਗਲੇ ਦਿਨਾਂ 'ਚ ਇੱਕ ਭਰਵੀਂ ਮੀਟਿੰਗ ਕਰਕੇ ਮੌਜੂਦਾ ਲੋਕ ਸਭਾ ਚੋਣਾਂ ਸਬੰਧੀ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ।ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਪਾਰਟੀ ਨੇ ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਨਾ ਵੀ ਉਤਾਰੇ ਤਾਂ ਇਸ ਵਾਰ ਰਵਾਇਤੀ ਪਾਰਟੀਆਂ ਨੂੰ ਵੋਟ ਸੋਚ ਵਿਚਾਰ ਕਰਨ ਉਪਰੰਤ ਹੀ ਦਿੱਤੇ ਜਾਣਗੇ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਲਵਾਨ ਸਿੰਘ ਸੀਗੋਂ, ਰਾਮਜੀਤ ਸਿੰਘ ਖੋਖਰ, ਗੁਰਮੇਲ ਸਿੰਘ ਗਿੱਲ, ਹਰਦੇਵ ਸਿੰਘ ਬੱਗੜ, ਜਗਰਾਜ ਸਿੰਘ ਰੱਲਾ, ਸੇਵਕ ਟੂਟੀਆਂ ਵਾਲੀ, ਭੀਮ ਬੁਢਲਾਡਾ ਤੇ ਸੁਖਪਾਲ ਕੌਰ ਖਾਰਾ ਨਹੀਂ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਕੁਲਬੀਰ ਜ਼ੀਰਾ ਨੂੰ ਟਿਕਟ ਮਿਲਣ 'ਤੇ ਕਾਂਗਰਸੀ ਵਰਕਰਾਂ 'ਚ ਖੁਸ਼ੀ ਦੀ ਲਹਿਰ



**ਜ਼ੀਰਾ (ਨਰਿੰਦਰ ਅਨੇਜਾ)**

ਲੋਕ ਸਭਾ ਹਲਕਾ ਖੰਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੂੰ ਕਾਂਗਰਸ ਪਾਰਟੀ ਦੀ ਟਿਕਟ ਮਿਲਣ ਤੋਂ ਬਾਅਦ ਕਾਂਗਰਸੀ ਵਰਕਰਾਂ 'ਚ ਖੁਸ਼ੀ ਦੀ ਲਹਿਰ ਹੈ।ਖੁਸ਼ੀ ਜ਼ਾਹਰ ਕਰਦੇ ਕਾਂਗਰਸ ਵਰਕਰਾਂ ਨੇ ਸ਼ਹਿਰ ਵਿੱਚ ਲੱਡੂ ਵੰਡੇ ਤੇ ਭੰਗੜੇ ਪਾਏ ਅਤੇ ਕਿਹਾ ਕਿ ਹਲਕਾ ਖਡੂਰ ਸਾਹਿਬ ਦੀ ਸੀਟ ਵੱਡੇ ਫਰਕ ਨਾਲ ਜਿੱਤ ਕੇ ਰਾਹੁਲ ਗਾਂਧੀ ਦੀ ਝੋਲੀ 'ਚ ਪਾਵਾਂਗੇ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਕਾਂਗਰਸੀ ਆਗੂ ਕੁਲਬੀਰ ਜੀ ਦੇ ਚਾਚਾ ਜੀ ਮਹਿੰਦਰਜੀਤ ਸਿੰਘ ਜ਼ੀਰਾ, ਨਗਰ ਕੌਂਸਲ ਪ੍ਰਧਾਨ ਡਾਕਟਰ ਰਸ਼ਪਾਲ ਸਿੰਘ, ਵਾਈਸ ਪ੍ਰਧਾਨ ਹਰੀਸ਼ ਤਾਂਗੜਾ, ਗੋਗਾ ਜੈਨ, ਕਾਲਾ ਜੈਨ, ਸੁਖਦੇਵ ਰਾਜ ਤੇ ਪੰਚਾਂ ਸਰਪੰਚਾਂ ਅਤੇ ਕਾਂਗਰਸੀ ਵਰਕਰਾਂ ਨੇ ਕਿਹਾ ਕਿ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਵੱਡੀ ਲੀਡ ਦਿਵਾਉਣ ਲਈ ਸਾਬਕਾ ਐੱਮ ਪੀ ਡਿੰਪਾ ਦੀ ਯੋਗ ਅਗਵਾਈ 'ਚ ਪਿੰਡ-ਪਿੰਡ ਜਾ ਕੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾ ਰਿਹਾ ਹੈ।ਕੁਲਬੀਰ ਜ਼ੀਰਾ ਇੱਕ ਬੇਦਾਗ, ਈਮਾਨਦਾਰ ਤੇ ਲੋਕਾਂ 'ਚ ਵਿਚਰਨ ਵਾਲੇ ਉਮੀਦਵਾਰ ਹਨ ਤੇ 2017 ਵਿੱਚ ਵਿਧਾਇਕ ਰਹਿ ਚੁੱਕੇ ਹਨ।ਉਨ੍ਹਾਂ ਨੂੰ ਹਲਕਾ ਜ਼ੀਰਾ ਤੋਂ ਜਿਤਾਉਣ ਲਈ ਕਾਂਗਰਸੀ ਵਰਕਰ ਦਿਨ-ਰਾਤ ਮਿਹਨਤ ਕਰਨਗੇ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ 10 ਸਾਲਾਂ ਵਿੱਚ ਲੋਕਾਂ ਦਾ ਜੋ ਕੁਝ ਕਚੂੰਮਰ ਕੱਢਿਆ ਹੈ, ਉਸ ਤੋਂ ਸਭ ਭਲੀ-ਭਾਂਤੀ ਵਾਕਫ ਹਨ।ਇਸ ਵਾਰ ਲੋਕ ਆਉਣ ਵਾਲੀਆਂ ਪਾਰਲੀਮਾਨੀ ਚੋਣਾਂ 'ਚ ਕਾਂਗਰਸੀ ਉਮੀਦਵਾਰਾਂ ਨੂੰ ਵੱਡੀ ਜਿੱਤ ਦਿਵਾ ਕੇ ਦੇਸ਼ ਦੀ ਵਾਗਡੋਰ ਰਾਹੁਲ ਗਾਂਧੀ ਦੇ ਹੱਥ ਜ਼ਰੂਰ ਸੌਂਪਣਗੇ।

# ਸਿਧਾਂਤਾਂ ਦੀ ਗੱਲ ਕਰਦੇ ਹੋਏ ਪੰਜਾਬ ਦੇ ਹੱਕਾਂ ਲਈ ਲੜਦੇ ਰਹਾਂਗੇ : ਸੁਖਬੀਰ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਵਿਧਾਨ ਸਭਾ ਹਲਕਾ ਸਰਦੂਲਗੜ੍ਹ ਦੇ ਮਹਾਰਾਜਾ ਪੈਲੇਸ ਬਹਿਣੀਵਾਲ, ਡੀ ਡੀ ਫੋਰਟ ਮਾਨਸਾ, ਮਹਾਰਾਜਾ ਪੈਲੇਸ ਸਾਹਨੇਵਾਲੀ ਤੇ ਸ਼ਹਿਨਾਈ ਪੈਲੇਸ ਸਰਦੂਲਗੜ੍ਹ ਵਿੱਚ ਸਾਬਕਾ ਵਿਧਾਇਕ ਦਿਲਰਾਜ ਸਿੰਘ ਭੂੰਦੜ ਦੀ ਅਗਵਾਈ ਵਿੱਚ ਸਾਰੇ ਹਲਕੇ ਦੇ ਅਹੁਦੇਦਾਰ, ਵਰਕਰਾਂ, ਵੱਖ-ਵੱਖ ਵਿੰਗਾਂ ਦੇ ਆਗੂਆਂ ਦੀਆਂ ਭਰਵੀਆਂ ਮੀਟਿੰਗਾਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਸਬੰਧੀ ਕੀਤੀਆਂ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਬਲਵਿੰਦਰ ਸਿੰਘ ਭੂੰਦੜ ਸਕੱਤਰ ਜਨਰਲ ਸ਼ਾਮਲ ਹੋਏ।ਇਸ ਮੌਕੇ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਸੀਂ ਸੱਤਾ ਦੀ ਨਹੀਂ ਸਿਧਾਂਤਾਂ ਦੀ ਗੱਲ ਕਰਦੇ ਹਾਂ ਤੇ ਕਰਦੇ ਰਹਾਂਗੇ।ਅਕਾਲੀ ਆਗੂਆਂ ਨੇ ਪੰਜਾਬ ਦੀਆਂ ਮੰਗਾਂ ਵਾਸਤੇ ਕਦੇ ਸਮਝੌਤਾ ਨਹੀਂ ਕੀਤਾ, ਨਾ ਮੁਆਫ਼ੀਆਂ ਮੰਗੀਆਂ ਤੇ ਨਾ ਪਰਦੇ ਪਿੱਛੇ ਸਮਝੌਤੇ ਕੀਤੇ।ਸੰਘਰਸ਼ ਕੀਤਾ ਤਸੀਹੇ ਝੱਲੇ, ਪਰ ਪੰਜਾਬ ਦੇ ਹੱਕਾਂ ਲਈ ਲੜਾਈਆਂ ਲੜੀਆਂ, ਪਰ ਭਾਈਚਾਰਕ ਏਕਤਾ ਨੂੰ ਕਦੇ ਆਂਚ ਨਹੀਂ ਆਉਣ ਦਿੱਤੀ।ਅੱਜ ਸਮਾਂ ਹੈ, ਪੰਜਾਬ ਦੀ ਭਾਈਚਾਰਕ ਸਾਂਝ ਨੂੰ ਬਚਾਉਣ ਲਈ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ 'ਤੇ ਲਿਆਉਣ ਲਈ ਪੰਜਾਬ ਦੀ ਸਭ ਤੋਂ ਪੁਰਾਣੀ ਪੰਜਾਬ ਦੀ ਮਿੱਟੀ 'ਚੋਂ ਪੈਦਾ ਹੋਈ ਤੇ ਪੰਜਾਬੀਆਂ ਦੀ ਆਪਣੀ ਪਾਰਟੀ ਨੂੰ ਕਾਮਯਾਬ ਕਰੀਏ।ਇਸ ਮੌਕੇ ਹਰਗੋਬਿੰਦ ਕੌਰ ਪ੍ਰਧਾਨ ਇਸਤਰੀ ਅਕਾਲੀ ਦਲ ਸੁਖਦੇਵ ਸਿੰਘ ਚੈਨੇਵਾਲਾ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਸੋਢੀ, ਸੁਰਜੀਤ ਸਿੰਘ ਰਾਏਪੁਰ, ਤਰਸੇਮ ਚੰਦ ਭੋਲੀ, ਬੌਬੀ ਜੈਨ, ਨੌਹਰ ਚੰਦ, ਰਛਪਾਲ ਸਿੰਘ ਬਹਿਣੀਵਾਲ, ਰਘਬੀਰ ਸਿੰਘ ਚਹਿਲ, ਅਜੈ ਨੀਟਾ, ਸੁਖਦੇਵ ਸਿੰਘ ਸੁੱਖੀ, ਅਸ਼ੋਕ ਡਬਲੂ, ਜਸਵੀਰ ਸਿੰਘ, ਗੁਲਜਾਰ ਸਿੰਘ, ਜਗਜੀਤ ਸਿੰਘ ਸਿੱਧੂ, ਅਨਿਲ ਬੌਬੀ, ਸ਼ਗਨ ਲਾਲ ਅਰੋੜਾ, ਭਿੰਦਰ ਸਿੰਘ ਪ੍ਰਧਾਨ, ਕੈਪਟਨ ਤੇਜਾ ਸਿੰਘ, ਆਤਮਾ ਸਿੰਘ, ਜਸਵੰਤ ਸਿੰਘ, ਨਰੇਸ਼ ਜੈਨ, ਮਹਾ ਸਿੰਘ ਸਿੱਧੂ, ਸਰਦੂਲ ਸਿੰਘ, ਸੁਰੇਸ਼ ਖੰਨਾ, ਫੌਜਾ ਸਿੰਘ ਅਵਤਾਰ ਸਿੰਘ ਤਾਰੀ, ਰਣਧੀਰ ਚੌਧਰੀ, ਗੁਰਮੇਲ ਸਿੰਘ, ਕੇਵਲ ਚੰਦ ਜੈਨ, ਅੰਗਰੇਜ਼ ਸਿੰਘ ਨਾਗੋਕੇ, ਲੈਬਰ ਸਿੰਘ ਸੰਧੂ, ਸੁਖਦੇਵ ਸਿੰਘ ਸੱਗੂ, ਪ੍ਰੇਮ ਚੌਹਾਨ, ਚਰਨਜੀਤ ਸਿੰਘ ਬੰਟੀ, ਬਲਦੇਵ ਸਿੰਘ ਸੋਨੀ, ਮਨੀ ਰਾਮ ਜੈਨ, ਮਨੋਹਰ ਸਿੰਘ ਮੁਟਨੇਜਾ, ਹੇਮੰਤ ਹਨੀ, ਪ੍ਰਾਣ ਜੈਨ, ਸ਼ੇਰ ਸਿੰਘ ਟਿੱਬੀ, ਗੁਰਿੰਦਰ ਸਿੰਘ, ਮੇਵਾ ਸਿੰਘ, ਤਰਸੇਮ ਸਿੰਘ ਸਿੱਧੂ, ਨਿਰਮਲ ਮੋਡਾ, ਅਮਨਦੀਪ ਘੁਰਕਣੀ, ਸਵਰਨਜੀਤ ਸਿੰਘ ਦਾਨੇਵਾਲਾ, ਨਿਰਮਲ ਸਿੰਘ ਨਾਹਰਾ ਆਦਿ ਹਾਜ਼ਰ ਸਨ।

# ਸਾਹਿਤ ਸਭਾ ਧੂਰੀ ਵੱਲੋਂ ਰੂਬਰੂ ਤੇ ਕਵੀ ਦਰਬਾਰ ਸਮਾਗਮ



**ਧੂਰੀ (ਸੁਖਦੇਵ ਧੂਰੀ)**-ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਵੱਡਮੁੱਲੇ ਸਹਿਯੋਗ ਨਾਲ ਭਾਰਤੀ ਸਾਹਿਤ ਅਕਾਦਮੀ ਦਿੱਲੀ ਦੁਆਰਾ ਅਨੁਵਾਦਿਤ ਪੁਸਤਕ ਦੇ ਪੁਰਸਕਾਰ ਵਿਜੇਤਾ ਜਗਦੀਸ਼ ਰਾਏ ਕੁਲਰੀਆਂ ਦਾ ਰੂ-ਬ-ਰੂ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਮਿੰਨੀ ਕਹਾਣੀ ਤੇ ਕਵੀ ਦਰਬਾਰ ਧੂਮਧਾਮ ਨਾਲ ਸੰਪੰਨ ਹੋਇਆ।ਸਮਾਗਮ ਦੀ ਪ੍ਰਧਾਨਗੀ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਨੇ ਕੀਤੀ ਤੇ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਧਾ, ਦਰਸ਼ਨ ਸਿੰਘ ਬਰੇਟਾ ਤੇ ਮਲਕੀਤ ਸਿੰਘ ਚਾਂਗਲੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ।ਸੁਰਿੰਦਰ ਸ਼ਰਮਾ ਨਾਗਰਾ ਪ੍ਰਧਾਨ ਸਾਹਿਤ ਸਭਾ ਧੂਰੀ ਨੇ ਮੁੱਖ ਮਹਿਮਾਨ ਤੇ ਹੋਰ ਆਏ ਸਾਹਿਤਕਾਰ ਮਹਿਮਾਨਾਂ ਨੂੰ ਜੀ ਆਇਆਂ ਆਖਿਆ।

ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਚਰਨਜੀਤ ਸਿੰਘ ਕੈਂਥ, ਰਣਜੀਤ ਸਿੰਘ, ਗੁਰਦੀਪ ਸਿੰਘ ਕੈਂਥ, ਜਗਦੀਸ਼ ਖੀਪਲ, ਸੁਰਜੀਤ ਦੇਵਲ, ਜਗਦੇਵ ਸ਼ਰਮਾ, ਪਰਮਜੀਤ ਕੌਰ, ਗੁਰਪ੍ਰੀਤ ਕੌਰ, ਸੁਖਦੇਵ ਸਿੰਘ ਔਲਖ, ਬੀਰ ਇੰਦਰ ਸਿੰਘ ਬਨਭੌਰੀ ਤੇ ਕੁਲਵਿੰਦਰ ਕੌਸ਼ਲ ਨੇ ਆਪੋ ਆਪਣੀਆਂ ਰਚਨਾਵਾਂ ਸੁਣਾਈਆਂ। ਸਨਮਾਨਤ ਸ਼ਖਸੀਅਤ ਜਗਦੀਸ਼ ਰਾਏ ਕੁਲਰੀਆਂ ਨੇ ਆਪਣੇ ਰੂ-ਬ-ਰੂ ਦੇ ਨਾਲ ਮਿੰਨੀ ਕਹਾਣੀ ਤੇ ਮਿੰਨੀ ਰਚਨਾ ਦੇ ਫ਼ਰਕ ਨੂੰ ਵਿਸਥਾਰ ਨਾਲ ਸਮਝਾਇਆ।ਉਸ ਤੋਂ ਬਾਅਦ ਸਾਹਿਤ ਸਭਾ ਧੂਰੀ ਨੇ ਸਨਮਾਨ ਚਿੰਨ੍ਹ ਤੇ ਸ਼ਾਲ ਪਾ ਕੇ ਕੁਲਰੀਆਂ ਦਾ ਸਨਮਾਨ ਕੀਤਾ।ਇਸ ਤੋਂ ਇਲਾਵਾ ਦਰਸ਼ਨ ਸਿੰਘ ਬਰੇਟਾ ਤੇ ਮਲਕੀਤ ਸਿੰਘ ਚਾਂਗਲੀ ਦਾ ਵੀ ਸਨਮਾਨ ਕੀਤਾ।ਰਜਿੰਦਰ ਪਾਲ, ਅਸ਼ੋਕ ਭੰਡਾਰੀ, ਗੁਲਜ਼ਾਰ ਸ਼ੌਂਕੀ, ਤਰਸੇਮ ਸੇਮੀ, ਨਾਹਰ ਸਿੰਘ ਵੱਲੋਂ ਕਵੀ ਦਾ ਸੁਨੇਹਾ ਕਵਿਤਾ, ਦਰਸ਼ਨ ਸਿੰਘ ਪ੍ਰਧਾਨ, ਦੇਵੀ ਸਰੂਪ, ਸੰਦੀਪ ਕੌਰ, ਰਾਮ ਸਿੰਘ, ਰਣਜੀਤ ਕਾਂਝਲਾ, ਨਾਦਿਰਾ ਭੱਟੀ, ਜਗਸੀਰ ਜੱਸੀ, ਸ਼ੇਰ ਸਿੰਘ ਬੇਨੜਾ ਵੱਲੋਂ ਕਵਿਤਾ ਪੇਸ਼ ਕੀਤੀ ਗਈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਕਹਾਣੀ ਦੀਆਂ ਵੱਖ ਵੱਖ ਵਿਧਾ ਦੀ ਜਾਣਕਾਰੀ ਵਿਸਥਾਰ ਨਾਲ ਦਿੱਤੀ।ਰਣਜੀਤ ਕਾਂਝਲਾ ਨੇ ਸਨਮਾਨ ਪੱਤਰ ਕਵਿਤਾ ਰੂਪ ਵਿੱਚ ਗਾਇਆ ਤੇ ਆਪਣੇ ਵੱਲੋਂ ਜਗਦੀਸ਼ ਰਾਏ ਕੁਲਰੀਆਂ ਨੂੰ ਸ਼ਾਲ ਤੇ ਸਨਮਾਨ ਪੱਤਰ ਭੇਟ ਕੀਤਾ।ਸੰਤ ਸਿੰਘ ਬੀਹਲਾ ਜਨ: ਸਕੱਤਰ ਸਾਹਿਤ ਸਭਾ ਧੂਰੀ ਤੇ ਪਰਸਨ ਸਿੰਘ ਬੀਹਲਾ ਨੇ ਸਟੇਜ ਦੀ ਜ਼ੁੰਮੇਵਾਰੀ ਬਾਖ਼ੂਬੀ ਨਿਭਾਈ।

ਸਾਹਿਤ ਸਭਾ ਧੂਰੀ ਦੀ ਰਵਾਇਤ ਅਨੁਸਾਰ ਪਵਨ ਹਰਚੰਦਪੁਰੀ, ਰਾਜਿੰਦਰ ਪਾਲ, ਜਗਦੀਸ਼ ਖੀਪਲ, ਨਾਹਰ ਸਿੰਘ ਮੁਬਾਰਕਪੁਰੀ ਤੇ ਸ਼ੇਰ ਸਿੰਘ ਬੇਨੜਾ ਦਾ ਜਨਮ ਦਿਨ ਮਨਾਇਆ ਗਿਆ।ਅੰਤ 'ਚ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਧਾ ਨੇ ਆਪਣੇ ਕੁੰਜੀਵਤ ਭਾਸ਼ਣ ਵਿੱਚ ਸਮਾਰੋਹ ਦੀ ਸਫਲਤਾ ਲਈ ਸਾਹਿਤ ਸਭਾ ਧੂਰੀ ਨੂੰ ਵਧਾਈ ਦਿੱਤੀ ਤੇ ਆਏ ਸਾਹਿਤਕਾਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

# ਤੇਲੂ ਰਾਮ ਕੁਹਾੜਾ ਦੀ ਕਹਾਣੀ 'ਸ਼ਾਇਰ ਪਤੀ' ਰਹੀ ਖਿੱਚ ਦਾ ਕੇਂਦਰ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਮਹੀਨਾਵਾਰ ਮੀਟਿੰਗ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਨਿਊ ਹਾਲ ਲਾਟੋਂ ਰੋਡ ਵਿਖੇ ਹੋਈ।ਸ਼ੁਰੂਆਤ ਵਿਚ ਸਭਾ ਵੱਲੋਂ ਪੰਜਾਬੀ ਦੇ ਉੱਘੇ ਲੇਖਕ ਮੋਹਨਜੀਤ ਦੇ ਸਦੀਵੀ ਵਿਛੋੜੇ ਤੇ ਸ਼ੋਕ ਮਤਾ ਪਾਇਆ ਗਿਆ।ਮੀਟਿੰਗ ਵਿੱਚ ਪੰਜਾਬੀ ਭਾਸ਼ਾ ਵਿਰਸਾ ਤੇ ਸੱਭਿਆਚਾਰ ਮਸਲਿਆਂ 'ਤੇ ਜਿੱਥੇ ਨਿੱਠ ਕੇ ਵਿਚਾਰ ਚਰਚਾ ਹੋਈ, ਉਥੇ ਰਚਨਾਵਾਂ ਦੇ ਦੌਰ ਵਿੱਚ ਤੇਲੂ ਰਾਮ ਕੋਹਾੜਾ ਦੀ ਕਹਾਣੀ 'ਸ਼ਾਇਰ ਪਤੀ' ਆਕਰਸ਼ਣ ਦਾ ਕੇਂਦਰ ਰਹੀ। ਕਹਾਣੀ ਪਾਠ ਉਪਰੰਤ ਸਾਰੇ ਹਾਜ਼ਰ ਲੇਖਕਾਂ ਨੇ ਕਹਾਣੀ ਤੇ ਉਸਾਰੂ ਚਰਚਾ ਕਰਦੇ ਹੋਏ ਕਹਾਣੀ ਨੂੰ ਇੱਕ ਸਫਲ ਰਚਨਾ ਕਰਾਰ ਦਿੱਤਾ।ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ ਕਹਾਣੀ ਤੇ ਬੋਲਦਿਆਂ ਕਿਹਾ ਕਿ ਕਹਾਣੀਕਾਰ ਤੇਲੂ ਕੋਹਾੜਾ ਦਾ ਵਿਅਕਤਿਤਵ ਅਤੇ ਲੇਖਨ ਉੱਚ ਪੱਧਰੀ ਹਨ।ਉਪਰੰਤ ਤੇਲੂ ਰਾਮ ਕੁਹਾੜਾ ਨੇ ਆਪਣੀ ਰਚਨਾ ਪ੍ਰਕਿਰਿਆ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੂੰ ਲਿਖਣ ਦੀ ਚੇਟਕ ਬਚਪਨ ਤੋਂ ਹੀ ਲੱਗ ਗਈ ਸੀ। ਉਨ੍ਹਾਂ ਕਿਹਾ ਕਿ ਜਦੋਂ ਤੋਂ ਉਨ੍ਹਾਂ ਕਲਮ ਫੜ ਲਈ ਫੇਰ ਛੱਡੀ ਨਹੀਂ।ਇਹ ਸਫ਼ਰ ਜਾਰੀ ਹੈ।ਇਸੇ ਦੌਰਾਨ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ 'ਐਨੇ ਵੀ ਮਾੜੇ ਨਹੀਂ' (ਗੀਤ) ਬਲਵੰਤ ਸਿੰਘ ਵਿਰਕ ਨੇ ਮਾਂ ਬੋਲੀ (ਗੀਤ) ਸ੍ਰੀ ਸੋਮਨਾਥ ਹਰਨਾਮਪੁਰਾ ਨੇ 'ਕਾਵਾਂ ਵੇ' (ਟੱਪੇ), ਸੁਲੱਖਣ ਸਿੰਘ ਅਟਵਾਲ ਨੇ ਲੀਡਰ (ਗੀਤ), ਜਗਦੇਵ ਸਿੰਘ ਬਾਘਾ ਨੇ, ਨਿਆਰੇ ਬੱਚੇ (ਬਾਲ ਗੀਤ) ਜਗਤਾਰ ਰਾਈਆਂ ਨੇ, ਸੱਚ (ਕਵਿਤਾ) ਗੁਰਬਾਗ ਸਿੰਘ ਰਾਈਆਂ ਨੇ, ਸ਼ਾਇਰ (ਕਵਿਤਾ) ਇੰਦਰਜੀਤ ਕੌਰ ਲੁਧਿਆਣਾ ਨੇ, ਯਾਦ ਦਾ ਦੀਵਾ (ਕਵਿਤਾ) ਜੋਰਾਵਰ ਸਿੰਘ ਪੰਛੀ ਨੇ, ਹਿਜ਼ਰ ਦਾ ਗ਼ਮ (ਗ਼ਜ਼ਲ) ਸਰਦਾਰ ਪੰਛੀ ਨੇ, ਉਰਦੂ-ਸ਼ਾਇਰੀ (ਗ਼ਜ਼ਲ) ਨੇਤਰ ਸਿੰਘ ਮੁੱਤੋ ਨੇ, ਕਲਮ (ਕਵਿਤਾ) ਰਜਿੰਦਰ ਕੌਰ ਪੰਨੂ ਨੇ, ਨੇਤਾ ਆਇਆ (ਕਵਿਤਾ) ਜਗਮੋਹਨ ਸਿੰਘ ਕੰਗ ਨੇ, ਐਸਾ ਪੰਜਾਬ ਹੋਵੇ (ਕਵਿਤਾ) ਮਨਜੀਤ ਸਿੰਘ ਰਾਗੀ ਨੇ, ਮਿੱਟੀ (ਕਵਿਤਾ) ਭੁਪਿੰਦਰ ਸਿੰਘ ਡਿਓਟ ਨੇ, ਇਸ਼ਕ ਦੀ ਜ਼ੁਬਾਨ (ਗ਼ਜ਼ਲ) ਜਗਵੀਰ ਸਿੰਘ ਵਿੱਕੀ ਨੇ, ਕੱਚੇ ਘਰ (ਗੀਤ) ਆਦਿ ਰਚਨਾਵਾਂ ਪੇਸ਼ ਕੀਤੀਆਂ ਰਚਨਾਵਾਂ ਤੇ ਭੱਖਵੀ ਤੇ ਉਸਾਰੂ ਵਿਚਾਰ ਚਰਚਾ ਹੋਈ। ਵਿਚਾਰ ਚਰਚਾ ਵਿੱਚ ਤੇਲੂ ਰਾਮ ਕੁਹਾੜਾ, ਸੁਰਜੀਤ ਸਿੰਘ ਵਿਸ਼ਦ, ਬੁੱਧ ਸਿੰਘ ਨੀਲੋਂ, ਸਰਦਾਰ ਪੰਛੀ, ਤਰਨ ਬੱਲ, ਜਗਮੋਹਨ ਸਿੰਘ ਕੰਗ ਆਦਿ ਨੇ ਭਾਗ ਲਿਆ। ਮੀਟਿੰਗ ਦੀ ਕਾਰਵਾਈ ਜਗਵੀਰ ਸਿੰਘ ਵਿੱਕੀ ਨੇ ਸੁਚੱਜੇ ਢੰਗ ਨਾਲ ਚਲਾਈ।

# ਅਕਾਲੀ ਉਮੀਦਵਾਰ ਐੱਨ ਕੇ ਸ਼ਰਮਾ ਦੇ ਹੱਕ 'ਚ ਯੂਥ ਮਿਲਣੀ



ਅਕਾਲੀ ਉਮੀਦਵਾਰ ਐੱਨ ਕੇ ਸ਼ਰਮਾ ਦੇ ਹੱਕ ਵਿੱਚ ਜੁੜੇ ਨੌਜਵਾਨ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐੱਨ ਕੇ ਸ਼ਰਮਾ ਦੇ ਹੱਕ ਵਿੱਚ ਹਲਕਾ ਇੰਚਾਰਜ ਕਬੀਰ ਦਾਸ, ਸੀਨੀਅਰ ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਮਹਿੰਦਰ ਸਿੰਘ ਲਾਲਵਾ ਦੀ ਅਗਵਾਈ ਹੇਠ ਪਾਤੜਾਂ ਵਿਖੇ ਕਰਵਾਏ ਗਏ ਯੂਥ ਮਿਲਣੀ ਪ੍ਰੋਗਰਾਮ ਦੌਰਾਨ ਲੋਕ ਸਭਾ ਪਟਿਆਲਾ ਤੋਂ ਆਬਜ਼ਰਵਰ ਤੇ ਮੁਹਾਲੀ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਕ੍ਰਿਸ਼ਨ ਪਾਲ ਸ਼ਰਮਾ ਨੇ 'ਆਪ', ਕਾਂਗਰਸ ਤੇ ਭਾਜਪਾ ਨੂੰ ਪੰਜਾਬ ਵਿਰੋਧੀ ਦੱਸਦਿਆਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਇਕਜੁੱਟ ਹੋ ਕੇ ਚੋਣ ਪ੍ਰਚਾਰ ਕਰਦੇ ਅਕਾਲੀ ਦਲ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ।ਨੌਜਵਾਨਾਂ ਤੋਂ ਬਿਨਾਂ ਲੜਾਈ ਅਧੂਰੀ ਹੈ।

ਚੋਣ ਅਬਜ਼ਰਵਰ ਕ੍ਰਿਸ਼ਨ ਪਾਲ ਸ਼ਰਮਾ ਨੇ ਕਿਹਾ ਕਿ ਸਮੁੱਚੇ ਦੇਸ਼ ਵਿੱਚ 'ਆਪ' ਤੇ ਕਾਂਗਰਸ ਇਕੱਠਿਆਂ ਚੋਣ ਲੜ ਰਹੇ ਹਨ ਤੇ ਪੰਜਾਬ ਵਿੱਚ ਵੱਖੋ ਵੱਖਰੀ ਚੋਣ ਲੜ ਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਲੱਗੇ ਹੋਏ ਹਨ, ਜਦੋਂਕਿ ਪੰਜਾਬ ਤੇ ਕਿਸਾਨ ਵਿਰੋਧੀ ਭਾਜਪਾ ਈ ਡੀ ਦੇ ਜ਼ੋਰ 'ਤੇ ਲੀਡਰਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਕੇ ਸਮੁੱਚੇ ਦੇਸ਼ ਵਿੱਚ ਆਪਣਾ ਪ੍ਰਭਾਵ ਪਾਉਣਾ ਚਾਹੁੰਦੀ ਹੈ, ਜਦੋਂਕਿ ਅਕਾਲੀ ਦਲ ਨੂੰ ਨੌਜਵਾਨਾਂ 'ਤੇ ਮਾਣ ਹੈ, ਕਿਉਂਕਿ ਉਹ ਕਿਸੇ ਵੀ ਲੜਾਈ ਨੂੰ ਸਿਰੇ ਚੜ੍ਹਾਉਣ ਦੀ ਸਮਰੱਥਾ ਰੱਖਦਾ ਹੈ।ਯੂਥ ਅਕਾਲੀ ਦਲ ਦੇ ਹਲਕਾ ਆਬਜ਼ਰਵਰ ਮਨਜੀਤ ਸਿੰਘ ਮਲਿਕਪੁਰ ਨੇ ਕਿਹਾ ਕਿ ਐੱਨ ਕੇ ਸ਼ਰਮਾ ਨੇ ਮੰਤਰੀ ਰਹਿੰਦਿਆਂ ਨੌਜਵਾਨਾਂ ਲਈ ਸਵੇਰੇ 4 ਵਜੇ ਦੌੜ ਲਗਾਓ ਤੇ ਪੰਜ ਲੱਖ ਰੁਪਏ ਇਨਾਮ ਪਾਓ ਵਰਗੀਆਂ ਸਕੀਮਾਂ ਸ਼ੁਰੂ ਕੀਤੀਆਂ ਸਨ, ਜੋ ਅੱਜ ਬੰਦ ਹੋ ਚੁੱਕੀਆਂ ਹਨ।

ਹਲਕਾ ਉਮੀਦਵਾਰ ਦੇ ਪੁੱਤਰ ਪਿਯੂਸ਼ ਸ਼ਰਮਾ ਨੇ ਕਿਹਾ ਕਿ ਅਕਾਲੀ ਦਲ ਵਿੱਚ ਨੌਜਵਾਨਾਂ ਦੇ ਹਿੱਤ ਸੁਰੱਖਿਅਤ ਹਨ।ਉਨ੍ਹਾਂ ਦੇ ਪਿਤਾ ਨੇ ਬਾਦਲ ਸਰਕਾਰ ਸਮੇਂ ਨੌਜਵਾਨਾਂ ਦੇ ਹਿੱਤ 'ਚ ਕਈ ਲੋਕ ਭਲਾਈ ਫੈਸਲੇ ਕਰਵਾਏ ਸਨ।ਜੇਕਰ ਉਹ ਲੋਕ ਸਭਾ ਵਿੱਚ ਜਾਂਦੇ ਹਨ ਤਾਂ ਨੌਜਵਾਨਾਂ ਨੂੰ ਸਭ ਤੋਂ ਵੱਧ ਫਾਇਦਾ ਹੋਵੇਗਾ।ਇਸ ਮੌਕੇ ਅਕਾਲੀ ਦਲ ਸ਼ਹਿਰੀ ਦੇ ਪ੍ਰਧਾਨ ਗੋਬਿੰਦ ਸਿੰਘ ਵਿਰਦੀ, ਸੁਰਜੀਤ ਸਿੰਘ ਮਾਹਲ, ਲਖਵਿੰਦਰ ਸਿੰਘ ਮੌਲਵੀਵਾਲਾ, ਰਣਧੀਰ ਸਿੰਘ ਮਵੀ, ਦਵਿੰਦਰ ਸਿੰਘ ਸਿੱਧੂ, ਅਜਾਇਬ ਸਿੰਘ ਮੱਲੀ, ਦਵਿੰਦਰ ਸਿੰਘ ਗੋਗੀ ਆਦਿ ਹਾਜ਼ਰ ਸਨ।

# ਈਮਾਨ ਸਿੰਘ ਮਾਨ ਨੇ ਨਗਰ ਕੀਰਤਨ ਸਮਾਗਮ 'ਚ ਭਰੀ ਹਾਜ਼ਰੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਬੀਤੀ ਰਾਤ ਸ਼੍ਰੋਮਣੀ ਅਕਾਲੀ ਦਲ (ਅ) ਦੇ ਅੰਮ੍ਰਿਤਸਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਈਮਾਨ ਸਿੰਘ ਮਾਨ ਸ਼ਹੀਦ ਊਧਮ ਸਿੰਘ ਨਗਰ, ਵਾਰਡ ਨੰ. 43, ਗਲੀ ਨੰਬਰ 3 ਵਿਖੇ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਕਰਵਾਏ ਗਏ ਸਾਲਾਨਾ ਕੀਰਤਨ ਦਰਬਾਰ ਵਿੱਚ ਹਾਜ਼ਰੀ ਭਰੀ ਅਤੇ ਸੰਗਤਾਂ ਦੇ ਨਾਲ ਬੈਠ ਕੇ ਕੀਰਤਨ ਸਰਵਣ ਕਰਕੇ ਅਨੰਦ ਮਾਣਿਆ।ਇਸ ਸਮੇਂ ਮਾਨ ਦੇ ਨਾਲ ਮੁੱਖ ਸੇਵਾਦਾਰ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਭਾਈ ਰਣਜੀਤ ਸਿੰਘ ਜੀ ਦਮਦਮੀ ਟਕਸਾਲ, ਰਾਜਵਿੰਦਰ ਸਿੰਘ ਹਲਕਾ ਇੰਚਾਰਜ ਦੱਖਣੀ ਅੰਮ੍ਰਿਤਸਰ, ਸ਼ਮਸ਼ੇਰ ਸਿੰਘ ਪੱਧਰੀ ਜ਼ਿਲਾ ਪ੍ਰੈੱਸ ਸਕੱਤਰ, ਰਵੀਸ਼ੇਰ ਸਿੰਘ ਯੂਥ ਆਗੂ, ਸਿਮਰਨਜੀਤ ਸਿੰਘ, ਹਰਸਿਮਰਨਜੀਤ ਸਿੰਘ, ਸੁਖਦੇਵ ਸਿੰਘ ਚੱਕੀ ਵਾਲੇ, ਅਨਮੋਲਦੀਪ ਸਿੰਘ, ਜਸਪ੍ਰੀਤ ਸਿੰਘ ਜੋਨੀ, ਇੰਦਰਜੀਤ ਸਿੰਘ ਮਠਾਰੂ ਅਤੇ ਦਿਲਪ੍ਰੀਤ ਸਿੰਘ ਖਾਲਸਾ ਵੀ ਹਾਜ਼ਰ ਸਨ ਅਤੇ ਕਮੇਟੀ ਮੈਂਬਰਾਂ ਵੱਲੋਂ ਈਮਾਨ ਸਿੰਘ ਮਾਨ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।ਇਸ ਉਪਰੰਤ ਈਮਾਨ ਸਿੰਘ ਪਾਰਟੀ ਦੇ ਵਾਰਡ ਨੰਬਰ 43 ਤੋਂ ਇੰਚਾਰਜ ਹਰਸਿਮਰਨਜੀਤ ਸਿੰਘ ਅਤੇ ਪੁਰਾਣੇ ਪਾਰਟੀ ਵਰਕਰ ਬਲਵਿੰਦਰ ਸਿੰਘ ਕਾਲਾ ਦੇ ਗ੍ਰਿਹ ਵਿਖੇ ਵੀ ਗਏ ਅਤੇ ਉਥੇ ਵੀ ਪਾਰਟੀ ਅਹੁਦੇਦਾਰਾਂ ਅਤੇ ਗਲੀ ਨੰਬਰ 3 ਦੇ ਨਿਵਾਸੀਆਂ ਵੱਲੋਂ ਈਮਾਨ ਸਿੰਘ ਮਾਨ ਦਾ ਨਿੱਘਾ ਸਵਾਗਤ ਕਰਦਿਆਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਨਾਲ ਹੀ ਵਿਸ਼ਵਾਸ ਦਵਾਇਆ ਕਿ ਇਸ ਵਾਰ ਸਮੂਹ ਇਲਾਕਾ ਨਿਵਾਸੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਹੱਕ ਵਿੱਚ ਆਪਣਾ ਫਤਵਾ ਦੇਣਗੇ।

# ਭਗਵੰਤ ਮਾਨ 2 ਮਈ ਨੂੰ ਫਗਵਾੜਾ 'ਚ ਕਰਨਗੇ ਰੋਡ ਸ਼ੋਅ



**ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ**) ਲੋਕ ਸਭਾ ਚੋਣ ਪ੍ਰਚਾਰ ਦੀ ਮੁਹਿੰਮ ਤਹਿਤ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 2 ਮਈ ਦਿਨ ਵੀਰਵਾਰ ਨੂੰ ਫਗਵਾੜਾ ਵਿਖੇ ਵਿਸ਼ਾਲ ਰੋਡ ਸ਼ੋਅ ਕੀਤਾ ਜਾਵੇਗਾ। ਜਿਸ ਦੀਆਂ ਤਿਆਰੀਆਂ ਦੇ ਸੰਬੰਧ ਵਿੱਚ 'ਆਪ' ਪਾਰਟੀ ਦੇ ਸਮੂਹ ਵਰਕਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਵਿਧਾਨ ਸਭਾ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਦੇ ਗ੍ਰਿਹ ਵਿਖੇ ਹੋਈ। ਜੋਗਿੰਦਰ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਜ਼ਿਲ੍ਹਾ 'ਆਪ' ਪ੍ਰਧਾਨ ਲਲਿਤ ਸਕਲਾਨੀ, ਹੁਸ਼ਿਆਰਪੁਰ ਲੋਕਸਭਾ ਇੰਚਾਰਜ ਹਰਮਿੰਦਰ ਬਖਸ਼ੀ, ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਵਿੱਚ ਹਾਜ਼ਰ 'ਆਪ' ਪਾਰਟੀ ਦੇ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਜੋਗਿੰਦਰ ਸਿੰਘ ਮਾਨ ਅਤੇ ਹੋਰ ਸੀਨੀਅਰ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਰੋਡ ਸ਼ੋਅ ਨੂੰ ਇਤਿਹਾਸਕ ਬਣਾਉਣ ਲਈ ਸਾਰੇ ਵਰਕਰ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਦੇਣ ਅਤੇ 2 ਮਈ ਨੂੰ ਸਮੂਹ ਆਪ ਵਰਕਰਾਂ ਤੇ ਸਮਰਥਕਾਂ ਦੀ ਰੋਡ ਸ਼ੂਅ ਵਿਚ ਸ਼ਮੂਲੀਅਤ ਯਕੀਨੀ ਬਣਾਈ ਜਾਵੇ। ਜੋਗਿੰਦਰ ਮਾਨ ਨੇ ਕਿਹਾ ਕਿ ਇਹ ਰੋਡ ਸ਼ੋਅ ਸਾਬਿਤ ਕਰੇਗਾ ਕਿ ਫਗਵਾੜਾ ਦੇ ਵੋਟਰ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਲਾਮਬੰਦ ਹਨ। ਮਾਨ ਨੇ ਕਿਹਾ ਕਿ ਹੁਸ਼ਿਆਰਪੁਰ ਸੀਟ ਤੋਂ ਚੋਣ ਲੜ ਰਹੇ ਉਮੀਦਵਾਰਾਂ ਦੀ ਜਿੱਤ ਜਾਂ ਹਾਰ ਵਿੱਚ ਫਗਵਾੜਾ ਵਿਧਾਨ ਸਭਾ ਹਲਕਾ ਵੱਡਾ ਰੋਲ ਅਦਾ ਕਰੇਗਾ। ਇਸ ਮੌਕੇ ਜੋਗਿੰਦਰ ਸਿੰਘ ਮਾਨ ਦੇ ਪੁੱਤਰ ਹਰਨੂਰ ਸਿੰਘ ਹਰਜੀ ਮਾਨ, ਸੀਨੀਅਰ ਆਗੂ ਹਰਮੇਸ਼ ਪਾਠਕ, ਬਲਾਕ ਪ੍ਰਧਾਨ ਫ਼ੌਜੀ ਸ਼ੇਰਗਿੱਲ, ਵਰੁਣ ਬੰਗੜ, ਦੇਸਰਾਜ ਝਮਟ, ਰਾਜੇਸ਼ ਕੌਲਸਰ, ਮਹਿਲਾ ਵਿੰਗ ਦੇ ਕੋਆਰਡੀਨੇਟਰ ਰਘਬੀਰ ਕੌਰ, ਬਲਾਕ ਪ੍ਰਧਾਨ ਆਸ਼ੂ ਜੱਸੀ, ਨਰੇਸ਼ ਸ਼ਰਮਾ, ਕ੍ਰਿਸ਼ਨ ਕੁਮਾਰ ਹੀਰੋ, ਧਰਮਵੀਰ ਸੇਠੀ, ਜਸਪਾਲ ਸਿੰਘ, ਮੱਖਣ ਸਿੰਘ, ਵਿਜੇ ਕੁਮਾਰ, ਗੁਰਦੀਪ ਸਿੰਘ ਤੁਲੀ ਕੋਆਰਡੀਨੇਟਰ ਵਪਾਰ ਵਿੰਗ ਫਗਵਾੜਾ, ਕੇਸ਼ੀ ਗੰਡਵਾ, ਮਨਪ੍ਰੀਤ ਸਿੰਘ, ਕ੍ਰਿਪਾਲ ਸਿੰਘ, ਮਹਿਲਾ ਆਪ ਆਗੂ ਪ੍ਰਿਤਪਾਲ ਕੌਰ ਤੁਲੀ, ਨਯਨ ਛਾਬੜਾ, ਸਤੀਸ਼ ਸਲਹੋਤਰਾ, ਰਜਿੰਦਰ ਕੌਰ, ਜੋਤੀ, ਅਮਨਦੀਪ ਕੌਰ, ਮੋਨਿਕਾ ਸ਼ਰਮਾ, ਇੰਦਰਜੀਤ, ਚਮਨ ਲਾਲ, ਨਿਰਮਲ ਸਿੰਘ, ਮਲਕੀਤ ਸਿੰਘ, ਚਰਨਜੀਤ ਸਿੰਘ, ਅਨਿਲ ਪਾਂਡੇ, ਰਣਜੀਤ ਪਾਲ ਪਾਬਲਾ, ਇੰਦਰ ਭੁੱਲਰ, ਵਿਪਨ ਮਹਿਤਾ, ਸੌਰਵ ਪੁਰੀ, ਪੁਰਸ਼ੋਤਮ ਵਾਹਦ, ਰੇਸ਼ਮ ਲਾਲ, ਹਰਮੇਸ਼ ਪਾਲ ਸਿੰਘ, ਮੋਨੂੰ ਚੌਧਰੀ, ਆਸ਼ੂ ਮੱਟੂ ਯੂਥ ਕੋਆਰਡੀਨੇਟਰ ਆਦਿ ਹਾਜ਼ਰ ਸਨ।

# ਨਵ-ਨਿਯੁਕਤ ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ ਦਾ ਦੌਰਾ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਅਮਰਿੰਦਰ ਸਿੰਘ ਗਰੇਵਾਲ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ ਅਹੁਦਾ ਸੰਭਾਲਣ ਤੋਂ ਬਾਅਦ ਕੇਂਦਰੀ ਜੇਲ੍ਹ ਅੰਮ੍ਰਿਤਸਰ ਦਾ ਦੌਰਾ ਅਤੇ ਨਿਰੀਖਣ ਕੀਤਾ ਗਿਆ।ਇਸ ਮੌਕੇ ਸ੍ਰੀ ਰਛਪਾਲ ਸਿੰਘ, ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅੰਮ੍ਰਿਤਸਰ ਅਤੇ ਸ੍ਰੀ ਅਮਿਤ ਮਲਹਨ, ਚੀਫ ਜੁਡੀਸ਼ਿਅਲ ਮੈਜਿਸਟ੍ਰੇਟ ਅੰਮ੍ਰਿਤਸਰ ਵੀ ਉਨ੍ਹਾਂ ਦੇ ਨਾਲ ਸਨ।ਇਸ ਦੌਰਾਨ ਉਨ੍ਹਾਂ ਜੇਲ੍ਹ ਵਿੱਚ ਬੰਦ ਹਵਾਲਾਤੀਆਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਅਤੇ ਮੌਕੇ 'ਤੇ ਹੀ ਹੱਲ ਸਬੰਧੀ ਜੇਲ੍ਹ ਅਫਸਰਾਂ ਨੂੰ ਹਦਾਇਤਾਂ ਕੀਤੀਆਂ।ਇਸ ਦੇ ਨਾਲ ਹੀ ਹਵਾਲਾਤੀਆਂ ਨੂੰ ਕਾਨੂੰਨੀ ਸੇਵਾਵਾਂ ਦਾ ਲਾਭ ਲੈਣ ਪ੍ਰਤੀ ਵੀ ਜਾਗਰੂਕ ਕੀਤਾ ਗਿਆ।ਜੇਲ ਦੇ ਵੱਖ-ਵੱਖ ਬੈਰਕਾਂ ਜਿਵੇਂ ਕਿ ਜਨਾਨਾ ਵਾਰਡ, ਲੰਗਰ ਘਰ, ਫੈਕਟਰੀ ਆਦਿ ਦਾ ਨਿਰੀਖਣ ਕੀਤਾ ਗਿਆ।ਜੱਜ ਸਾਹਿਬ ਵੱਲੋਂ ਲੰਗਰ ਘਰ ਵਿੱਚ ਹਵਾਲਾਤੀਆਂ ਵਾਸਤੇ ਬਣ ਰਹੇ ਖਾਣੇ ਦੀ ਗੁਣਵੱਤਾ ਦੀ ਵੀ ਜਾਂਚ ਕੀਤੀ ਗਈ।ਉਨ੍ਹਾਂ ਵੱਲੋਂ ਹਵਾਲਾਤੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਮਹੱਤਵ ਤੋਂ ਜਾਣੂ ਕਰਵਾਉਣ ਲਈ ਸੰਦੇਸ਼ ਵੀ ਦਿੱਤਾ ਗਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਔਰਤਾਂ, ਬੱਚਿਆਂ, ਹਵਾਲਾਤੀਆਂ, ਕੈਦੀਆਂ ਅਤੇ ਹਰੇਕ ਉਹ ਵਿਅਕਤੀ ਜਿਸਦੀ ਸਾਲਾਨਾ ਆਮਦਨ 3 ਲੱਖ ਤੋਂ ਘੱਟ ਹੋਵੇ, ਨੂੰ ਮੁਫਤ ਕਾਨੂੰਨੀ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਵੇਂ ਅਦਾਲਤਾਂ ਵਿੱਚ ਵਕੀਲ ਦੀਆਂ ਮੁਫਤ ਸੇਵਾਵਾਂ, ਕਾਨੂੰਨੀ ਸਲਾਹ ਮਸ਼ਵਰਾ, ਅਦਾਲਤੀ ਖਰਚੇ ਦੀ ਅਦਾਇਗੀ ਆਦਿ।ਜੇਲ ਅਧਿਕਾਰੀਆਂ ਵੱਲੋਂ ਮਾਣਯੋਗ ਜੱਜ ਸਾਹਿਬਾਨ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ ਜੀ ਆਇਆਂ ਕਿਹਾ ਗਿਆ।

# ਧਾਮੀ ਨੇ ਨੌਵੇਂ ਪਾਤਸ਼ਾਹ ਦੇ ਪ੍ਰਕਾਸ਼ ਗੁਰਪੁਰਬ ਦੀ ਸੰਗਤ ਨੂੰ ਦਿੱਤੀ ਵਧਾਈ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਸੰਗਤ ਨੂੰ ਵਧਾਈ ਦਿੱਤੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸਮੁੱਚਾ ਜੀਵਨ ਹੱਕ-ਸੱਚ ਲਈ ਆਵਾਜ਼ ਉਠਾਉਣ ਦੀ ਪ੍ਰੇਰਨਾ ਦਿੰਦਾ ਹੈ।ਗੁਰੂ ਸਾਹਿਬ ਨੇ ਧਰਮ ਦੀਆਂ ਕਦਰਾਂ-ਕੀਮਤਾਂ ਨੂੰ ਦਬਾਉਣ ਵਾਲਿਆਂ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਧਰਮ ਦੀ ਰੱਖਿਆ ਲਈ ਸ਼ਹਾਦਤ ਪ੍ਰਾਪਤ ਕੀਤੀ।ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਪ੍ਰਣ ਕਰਨ ਅਤੇ ਗੁਰੂ ਸਾਹਿਬ ਦੇ ਜੀਵਨ ਤੇ ਉਪਦੇਸ਼ਾਂ ਉਤੇ ਚੱਲ ਕੇ ਆਪਣਾ ਜੀਵਨ ਬਤੀਤ ਕਰਨ।

AXIS BANK Axis Bank Ltd. : Retail Asset Center : 2nd and 3rd Floor, Property No. 7-E, Malhar Road, Saraabha Nagar, Ludhiana -141001

**[ ਰੂਲ -8(1) ] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੇਟ ਸੈਂਟਰ, ਐੱਸ ਸੀ ਓ 367-368, ਸੈਕਟਰ 34-ਏ, ਚੰਡੀਗੜ੍ਹ-160022 ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮੈਸਰਜ਼ ਬਾਬੂ ਰਾਮ ਅਤੇ ਬ੍ਰਦਰਜ਼ ਰਾਹੀਂ ਇਸ ਦੇ ਮਾਲਕ ਸ੍ਰੀ ਅਰੁਣ ਕੁਮਾਰ ਜੈਨ ਨੂੰ ਰੁਪਏ 3,53,18,828/- (ਤਿੰਨ ਕਰੋੜ ਤਰਵੰਜਾ ਲੱਖ ਅਠਾਰਾਂ ਹਜ਼ਾਰ ਅੱਠ ਸੌ ਅਠਾਈ ਰੁਪਏ ਕੇਵਲ) ਸਮੇਤ ਇਕਰਾਰਨਾਮੇ ਦੀ ਦਰ 'ਤੇ ਨਾ ਵਸੂਲੇ ਵਿਆਜ ਨੂੰ ਨੋਟਿਸ ਦੀ ਪ੍ਰਾਪਤੀ ਮਿਤੀ 12 ਜੂਨ 2020 ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ 12 ਜੂਨ 2020 ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 26 ਅਪ੍ਰੈਲ 2024 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਦੀ ਚੇਤਾਵਨੀ ਦਿੱਤੀ ਜਾਂਦੀ ਹੈ। ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਕੀਤੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸੇਟ ਸੈਂਟਰ, ਐੱਸ ਸੀ ਓ 367-368, ਸੈਕਟਰ 34-ਏ, ਚੰਡੀਗੜ੍ਹ-160022 ਨੂੰ ਰਕਮ ਰੁਪਏ 3,53,18,828/- (ਤਿੰਨ ਕਰੋੜ ਤਰਵੰਜਾ ਲੱਖ ਅਠਾਰਾਂ ਹਜ਼ਾਰ ਅੱਠ ਸੌ ਅਠਾਈ ਰੁਪਏ ਕੇਵਲ) 13 ਜੂਨ 2020 ਤੋਂ ਭਵਿੱਖੀ ਵਿਆਜ ਤੇ ਹੋਰ ਖਰਚੇ/ਚਾਰਜਿਜ਼ ਦੀ ਵਸੂਲੀ ਹੇਠ ਹੋਵੇਗੀ।

ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਤਹਿਤ ਸਕਿਉਰਡ ਐੱਸਟਸ ਦੀ ਪ੍ਰਾਪਤੀ ਲਈ ਉਪਲੱਬਧ ਸਮੇਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

(1) ਅਚੱਲ ਜਾਇਦਾਦ ਰਕਬਾ 1 ਕਨਾਲ 10 ਮਰਲੇ, ਖੇਵਟ/ਖਤੌਨੀ ਨੰ. 416/560, ਕਿੱਲਾ ਨੰ. 233//22/2 ਮਿਨ (0-10), 23 ਮਿਨ (0-19), 256//2/2 (0-1) ਸੁਨਾਮ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਇਸ ਜਾਇਦਾਦ 'ਤੇ ਅਰੁਣ ਕੁਮਾਰ, ਸੁਨੀਲ ਕੁਮਾਰ, ਪੁਸ਼ਪਾ ਰਾਣੀ, ਕੁਸੁਮ ਲਤਾ ਦਾ ਬਰਾਬਰ-ਬਰਾਬਰ ਹਿੱਸਾ ਹੈ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਬੈਨਾਮੇ ਅਨੁਸਾਰ, ਪੱਛਮ : ਬੈਨਾਮੇ ਅਨੁਸਾਰ, ਉੱਤਰ : ਬੈਨਾਮੇ ਅਨੁਸਾਰ, ਦੱਖਣ : ਬੈਨਾਮੇ ਅਨੁਸਾਰ।

(2) ਅਚੱਲ ਜਾਇਦਾਦ ਰਕਬਾ 523/745 ਮੁਸ਼ਤੀਲ ਕਿੱਲਾ ਨੰ. 233//23/3/1 (0-12) ਸੁਨਾਮ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਇਹ ਜਾਇਦਾਦ ਬੈਨਾਮੇ ਨੰ. 50 ਮਿਤੀ 7 ਅਪ੍ਰੈਲ 2000 ਨੂੰ ਸਬ-ਰਜਿਸਟਰਾਰ ਸੁਨਾਮ ਦੇ ਸਨਮੁੱਖ ਦਰਜ ਕੀਤੀ ਗਈ ਇਹ ਜਾਇਦਾਦ ਸ੍ਰੀਮਤੀ ਬਿਮਲਾ ਰਾਣੀ ਜੈਨ ਪਤਨੀ ਸ੍ਰੀ ਬਾਬੂ ਰਾਮ ਜੈਨ ਮ੍ਰਿਤਕ ਦੇ ਨਾਂਅ ਬਕਾਇਦਾ ਰਜਿਸਟਰਡ ਹੈ। ਇਸ ਜਾਇਦਾਦ ਦੀਆਂ (ਬੈਨਾਮੇ ਅਨੁਸਾਰ) ਹੱਦਾਂ ਹਨ : ਪੂਰਬ : ਬੈਨਾਮੇ ਅਨੁਸਾਰ, ਪੱਛਮ : ਬੈਨਾਮੇ ਅਨੁਸਾਰ, ਉੱਤਰ : ਬੈਨਾਮੇ ਅਨੁਸਾਰ, ਦੱਖਣ : ਬੈਨਾਮੇ ਅਨੁਸਾਰ।

ਮਿਤੀ : 26.04.2024, ਸਥਾਨ : ਸੁਨਾਮ, ਪੰਜਾਬ ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਗਗਨਦੀਪ ਸਿੰਘ, ਪੀ. ਸੀ. ਐੱਸ., ਏ. ਸੀ. ਫਸਟ (ਐੱਸ. ਡੀ. ਐੱਮ.) ਬੁਢਲਾਡਾ।

ਵਿਸ਼ਾ : ਵਰਾਸਤ ਮਨਦੀਪ ਸਿੰਘ ਮੁਤਵਫੀ (ਮੁਤਨਾਜਾ ਇੰਤਕਾਲ ਨੰ: 4330)

ਸੂਚਨਾ

ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਅਨੁਵਾਨ ਮੁਕੱਦਮੇ ਵਿਚ ਏ. ਸੀ. ਸੈਕੰਡ (ਤਹਿਸੀਲਦਾਰ) ਬੁੱਢਲਾਡਾ ਪਾਸੋਂ ਮੁਤਨਾਜਾ ਕਰਾਰ ਦੇਣ ਉਪਰੰਤ ਪ੍ਰਾਪਤ ਹੋਇਆ। ਜਿਸ ਸਬੰਧੀ ਰਮਨਦੀਪ ਕੌਰ ਵਿਧਵਾ ਮਨਦੀਪ ਸਿੰਘ ਪੁੱਤਰ ਗੁਰਤੇਜ਼ ਸਿੰਘ ਵਾਸੀ ਮੰਢਾਲੀ ਦੀ ਤਲਬੀ ਸਬੰਧੀ ਸੰਮਨ ਅਤੇ ਚਸਪਾਨਗੀ ਸੰਮਨ ਜਾਰੀ ਕੀਤੇ ਗਏ ਪ੍ਰੰਤੂ ਰਮਨਦੀਪ ਕੌਰ ਵਿਧਵਾ ਮਨਦੀਪ ਸਿੰਘ ਪੁੱਤਰ ਗੁਰਤੇਜ਼ ਸਿੰਘ ਵਾਸੀ ਮੰਢਾਲੀ ਦੀ ਸਰਸਰੀ ਢੰਗ ਨਾਲ ਤਲਬੀ ਨਹੀਂ ਹੋ ਸਕੀ। ਇਸ ਲਈ ਇਸ ਨੋਟਿਸ ਰਾਹੀਂ ਆਮ ਜਨਤਾ ਅਤੇ ਸੰਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਇਸ਼ਤਿਹਾਰ ਦੇ ਜਾਰੀ ਹੋਣ ਤੋਂ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਵਿਖੇ ਅਸਾਲਤਨ ਜਾਂ ਵਕਾਲਤਨ ਆਪਣਾ ਪੱਖ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜ਼ਰ ਕਾਬਲੇ ਗੌਰ ਨਹੀਂ ਹੋਵੇਗਾ।

ਇਸ ਅਦਾਲਤ ਦੀ ਮੋਹਰ ਵਾ ਦਸਤਖਤਾਂ ਹੇਠ ਅੱਜ ਮਿਤੀ 24.4.2024 ਨੂੰ ਜਾਰੀ ਕੀਤਾ ਗਿਆ।

ਨੰਬਰ 350 /ਪੇਸ਼ੀ ਮਿਤੀ : 25.04.2024

ਸਹੀ/- ਏ. ਸੀ. ਫਸਟ (ਐੱਸ. ਡੀ. ਐੱਮ.) ਬੁਢਲਾਡਾ

## COURT NOTICE

(U/o 5 Rule 20 CPC)
In The Court of Sh. Bagicha Singh
Civil Judge, (Senior Division)
Tarn Taran

Next Date, Purpose of Case, Orders and Judgments as well as other case information is available on http://districts.ecourts.gov.in

CNR No. PBTT02-000327-2024
Next Date : 15.05.2024

Baljinder Kaur
Vs
General Public

Publication Issued To: General Public :- Tarn Taran

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 15.05.2024 at 10:00 A.M.

For details logon to https://highcourtchd.gov.in/?trs=district_notice&district=Tarn Taran

Civil Judge, (Senior Division)
Tarn Taran

Dated this day of 24-04-2024

## COURT NOTICE

(U/o 5 Rule 20 CPC)
In the Court of
Ms. Amanpreet Kaur
Civil Judge Junior Division-12, Patiala

CNR No. PBPT02-003781-2023
Next Date :- 22-05-2024

M/S Marwaha Traders through its prop. Manmander Singh S/o Jasbir Singh
Vs.
Davinder Electronics through its Authorized representative Jasbir Singh

Publication Issued To :
1. Davinder Electronics through its Authorized representative Jasbir Singh, Pilli Sadak, Near Budha Dal Public School, Patiala
2. Jasbir Singh Authorized representative Davinder Electronics, Pilli Sadak, Near Budha Dal Public School, Patiala

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 22.05.2024 at 10:00 A.M.

For details logon to https://highcourtchd.gov.in/?trs=district_notice&district= Patiala

Civil Judge Junior Division-12, Patiala

Dated this day of 26-04-2024

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ।

ਕੇਸ ਨੰ: 438/ਐੱਫ. ਟੀ. ਸੀ./ਐੱਨ.ਆਰ. ਆਈਜ਼

ਕੇਸ ਅਨੁਵਾਨ - ਸੁਖਵਿੰਦਰ ਸਿੰਘ ਬਨਾਮ ਅਮਰਜੀਤ ਸਿੰਘ ਅਤੇ ਹੋਰ

ਖੇਵਟ- 53, 116,51, 95, 54, 52, 50, 49

ਵਾਕਿਆ ਪਿੰਡ - ਗੱਟੀ ਪੀਰ ਬਖ਼ਸ਼

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੁਖਵਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਗੱਟੀ ਪੀਰ ਬਖ਼ਸ਼, ਸਬ-ਤਹਿਸੀਲ ਲੋਹੀਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਹਾਲ ਵਾਲੀ RUA Possidonio DA Silva N-146, 3ESQ 1350-248 Lisbon. (Applicant)

ਨੋਟਿਸ ਬਨਾਮ

1. ਅਮਰਜੀਤ ਸਿੰਘ, 2. ਸੁਰਿੰਦਰ ਸਿੰਘ, 3. ਜਸਪਾਲ ਸਿੰਘ ਪੁੱਤਰਾਨ ਮਲਕੀਤ ਸਿੰਘ ਪੁੱਤਰ ਜਵਾਹਰ ਸਿੰਘ, 4. ਜਾਗੀਰ ਸਿੰਘ ਪੁੱਤਰ ਮਹਿੰਗਾ ਸਿੰਘ ਪੁੱਤਰ ਰਾਮ ਸਿੰਘ, 5. ਲਖਵੀਰ ਸਿੰਘ, 6 ਕੁਲਵੀਰ ਸਿੰਘ,7. ਹਰਜੀਤ ਸਿੰਘ ਪੁੱਤਰਾਨ ਗਿਆਨ ਸਿੰਘ ਪੁੱਤਰ ਕਰਤਾਰ ਸਿੰਘ, 8. ਚਰਨ ਕੌਰ ਵਿਧਵਾ ਗਿਆਨ ਸਿੰਘ ਪੁੱਤਰ ਕਰਤਾਰ ਸਿੰਘ, 9. ਚਰਨ ਕੌਰ ਮਾਤਾ ਮਲਕੀਤ ਸਿੰਘ ਪੁੱਤਰ ਗਿਆਨ ਸਿੰਘ, 10. ਗੁਰਮੀਤ ਕੌਰ ਵਿਧਵਾ ਮਲਕੀਤ ਸਿੰਘ ਪੁੱਤਰ ਗਿਆਨ ਸਿੰਘ, 11. ਸੰਦੀਪ ਸਿੰਘ, 12. ਲਵਪ੍ਰੀਤ ਸਿੰਘ ਪੁੱਤਰਾਨ ਮਲਕੀਤ ਸਿੰਘ ਪੁੱਤਰ ਗਿਆਨ ਸਿੰਘ, 13. ਸਾਧੂ ਸਿੰਘ ਪੁੱਤਰ ਮੀਹਾਂ ਸਿੰਘ ਪੁੱਤਰ ਜਵਾਹਰ ਸਿੰਘ , 14. ਜਗਜੀਤ ਸਿੰਘ ਪੁੱਤਰ ਮਹਿੰਦਰ ਸਿੰਘ, ਪੁੱਤਰ ਮੀਹਾਂ ਸਿੰਘ, 15. ਬਾਵਾ ਸਿੰਘ, 16. ਲਖਵੀਰ ਸਿੰਘ ਦੋਵੇਂ ਪੁੱਤਰਾਨ ਗੁਰਮੁੱਖ ਸਿੰਘ ਪੁੱਤਰ ਗੰਗਾ ਸਿੰਘ, 17. ਸਤਵੰਤ ਸਿੰਘ ਪੁੱਤਰ ਚੰਦ ਸਿੰਘ ਪੁੱਤਰ ਭਾਗ ਸਿੰਘ, 18. ਗੁਰਜੀਤ ਸਿੰਘ, 19 ਮਨਪ੍ਰੀਤ ਸਿੰਘ ਦੋਵੇਂ ਪੁੱਤਰਾਨ ਰੇਸ਼ਮ ਸਿੰਘ ਪੁੱਤਰ ਭਾਗ ਸਿੰਘ, 20. ਬਖਸ਼ੀਸ਼ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਮੱਖਣ ਸਿੰਘ, 21. ਚੈਨ ਸਿੰਘ ਪੁੱਤਰ ਮੱਖਣ ਸਿੰਘ ਪੁੱਤਰ ਈਸ਼ਰ ਸਿੰਘ, 22. ਸੀਤਲ ਸਿੰਘ ਪੁੱਤਰ ਭਜਨ ਸਿੰਘ ਪੁੱਤਰ ਮੱਖਣ ਸਿੰਘ, 23. ਸਤਨਾਮ ਸਿੰਘ ਉਰਫ ਸੁਖਜਿੰਦਰ ਸਿੰਘ, 24. ਸੁਖਵਿੰਦਰ ਸਿੰਘ, 25 ਜਰਨੈਲ ਸਿੰਘ ਤਿੰਨੋਂ ਪੁੱਤਰਾਨ ਸੁਰਜੀਤ ਸਿੰਘ ਪੁੱਤਰ ਬੈਰਮ ਸਿੰਘ, 26. ਨਿਰਵੈਰ ਸਿੰਘ ਪੁੱਤਰ ਸੁਰਿੰਦਰ ਸਿੰਘ ਪੁੱਤਰ ਮਲਕੀਤ ਸਿੰਘ, 27. ਚਮਕੌਰ ਸਿੰਘ ਪੁੱਤਰ ਅਮਰਜੀਤ ਸਿੰਘ ਪੁੱਤਰ ਮਲਕੀਤ ਸਿੰਘ। ਸਾਰੇ ਵਾਸੀਆਨ ਪਿੰਡ ਗੱਟੀ ਪੀਰ ਬਖ਼ਸ਼, ਸਬ-ਤਹਿਸੀਲ ਲੋਹੀਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ। (Respondents)

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 02.05.2024 ਨੂੰ ਦੁਪਹਿਰ 02.00 ਵਜੇ ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 18.04.2024 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ।

ਨੰ: /ਰੀਡਰ/ਡੀ. ਆਰ. ਓ. ਮਿਤੀ :



# ਕਲਾਸੀਫਾਈਡ ਇਸ਼ਤਿਹਾਰ



## Change of Name

I, Sandeep W/o Sukhjit Ram R/o V.P.O. Khanpur, Tehsil Phillaur, Distt. Jalandhar (Pb.), have changed my name from Sandeep to Sandeep Sandeep. All concerned please note. (Roshan Lal)

I, Kiranjit Kaur C/o Ramandeep Singh R/o VPO Alman Jattan Distt. Hoshiarpur Pin 144520 Punjab have changed my name from Kiranjit Kaur to Kaur Kiranjit. Concerned note.

I, Anu Arora W/o Lalit Arora R/o 77. F. Block, Rishi Nagar, Ludhiana Punjab declare that I have changed the name of my son from Shivansh to Shivansh Arora. Please note.

I, Gurwinder S/o Sh. Sarwan Kumar resident of Village Sikandarpur, Post office Alawalpur,Tehsil Adampur, Distt. Jalandhar I have changed my name Gurwinder to Gurwinder Badhan. Please note.

I, Bandana D/o Sh. Balwinder Singh R/o Moh. Ibrahim Basti, Nawanshahr SBS Nagar have changed my name from Bandana to Bandana Kumari.

I, Kiran Sharma alias Kiran Joshi w/o Sh Shivinder Nath Joshi, R/O H No. 82, Professor Colony, Tilak Nagar Amritsar have changed my name from Kiran Sharma alias Kiran Joshi to Kiran Joshi. All concerned to note.

I, Sonia W/O Kulbir Rai R/O Patti Purewal Vpo Shankar, Tehsil Nakodar District Jalandhar After Marriage Have Changed My Name From Sonia To Sonia Rai.

I, hitherto known as Jatinder Singh Sandhu S/o Kulwant Singh R/o Village Nangal Fida Basant Nagar PO Salala Tehsil & District Jalandhar, Punjab 144201, have suffixed my surname Sandhu to my name. Now my given name is Jatinder Singh and my Surname is Sandhu.

I, hitherto known as Anudip Kaur Wife of Jatinder Singh Sandhu R/o Village Nangal Fida Basant Nagar PO Salala Tehsil & District Jalandhar, Punjab 144201, have changed my name as Anudeep Kaur Sandhu. Now my given name is Anudeep Kaur and my surname is Sandhu.

I Surinder Kaur W/o Nachhatar Singh R/O VPO Haripur, Distt. Jalandhar 144102, Punjab. Have changed my name from Surinder kaur to Sulinder kaur. All concerned, please note .

I, Ajay Malhotra S/O Raj Kumar R/O F7/474,Kashmir Avenue,Batala Road,Amritsar,Punjab have changed my name from Ajay Malhotra to Ajay Kumar Malhotra.Concerned note.

I, Gursahib Singh Kainth S/O Karam Singh R/O 482,Village Chabba,Lahndi Patti,Tarn Taran Road, Amritsar, Punjab have changed my name from Gursahib Singh Kainth to Gursahib Singh. Concerned note.

"I, daughter of Parshotam Dass and Amarjit Kaur, resident of 436 Sapphire Enclave Laroi Road Bhogpur, Jallandhar PIN 144201, presently residing at 9488 163 Street, Surrey BC CANADA, do hereby change my name from Mamta to Mamta Dhillon, with immediate effect."a

I, Avtar Singh S/O Gurbakhsh Singh R/O Plot No.105-c G.t.road Daburji Alpha International City Amritsar Have Changed My Name To Avtar Singh Randhawa.

I, Sarwan Singh Son Of Ajit Singh R/O Rg-66 Pocket-b Janta Flats Raghubir Nagar Tagore Garden S.o. West Delhi, Delhi. Have Changed My Name To Sarvan Singh.

I, Gurjant Singh S/O Nirmal Singh R/O Vpo Tur Tehsil Khadur Sahib District Tarn Taran Have Changed My Name Gurjant Is My Given Name And Singh Is My Surname.

I, Sophia D/O Kuldeep R/O 1587/12, Ram Tirath Road, Gawal Mandi District Amrisar Have Changed My Name From Sophia To Sophia Sahota.

I, Amarjeet Kaur W/O Sukhjit Singh R/O Village Gharindi,Po Gharinda, Amritsar Have Changed My Name From Amarjit Kaur To Amarjeet Kaur.

I, Amandeep Singh S/O Ram Singh R/O Village Jhanjowal, Po Rampur Jhanjowal, Hoshiarpur-144530 Have Changed My Name From Amandeep To Amandeep Singh Tamber.

I, Daya Kaur W/O Jagroop Singh Sandhu R/O 5-a, Sant Avenue, Mall Road, Amritsar Have Changed My Name From Daya Kaur To Daya Sandhu.

I, Baljit Kaur Wife Of Malkit Singh Resident Of 1271/2, Gali No. 6, Guru Nanak Pura, Islamabad, Amritsar, Punjab, Declared That I Have Changed My Name From Baljit Kaur To Baljeet Kaur.

I, Kawaljit Kaur W/O Lakhwinder Singh R/O Hno.18/155,Ghati Bazar Chowak Guru Ka Khooh,Wno. 18, Tarn Taran. Have Changed My Name From Kawaljit Kaur To Kamaljeet .

I, Manprit Singh S/o Gurnam Singh R/o Gali No. 7, Hargobindpura, Guru Ki Wadali, Chheharta, Amritsar, Punjab-143105 have changed my name from Manprit Singh to Manpreet Singh.

I Sukhwinder Kaur w/o Harnek Singh r/o V.p.o. Ramgarh, Distt. Kapurthala, Punjab have changed the name of my minor son from Tajinder Singh to Singh Tajinder Singh (Singh as surname). All note.

I hitherto known as Sahibjot Singh S/o Jang Bahadur R/o Vpo Chak Vendal, Teh. Nakodar, Jalandhar-144033, have changed my name and shall hereafter be known as from Sahibjot Singh to Sahibjot Singh Vendal.

I, Ramandeep Kaur alias Balbir Kaur W/o Paramjit Singh R/o Parvej Nagar Po. Bhawanipur (Kapurthala) have changed my name from Ramandeep Kaur alias Balbir Kaur to Ramandeep Kaur.

I, Thomas Bhatti S/o Prem Masih R/o H.No. 32 Said Mubarak Teh-Batala, Batala (Gurdaspur) have changed my name from Thomas Bhatti to Thomas.

I, Benu Bhumig W/o Rinku Singh R/o Razapur Kapurthala have changed my name from Benu Bhumig to Benu.

## Change of Name

I, Amandeep Singh S/o Gobinder Singh R/o Vill Murar Po Hamira Kapurthala have changed my name from Amandeep Singh to Singh Amandeep.

I, Amarjit Kaur W/o Gobinder Singh R/o Vill Murar Po Hamira Kapurthala have changed my name from Amarjit Kaur to Kaur Amarjit.

I, Pooja Kaur W/O Joga Singh R/O Village Kathu Nangal, Distt. Amritsar, Punjab have changed my name from Pooja Kaur to Pooja. Concerned note.

I, Ajay Kumar S/o Sat Dev R/o Flat No. R-402, Bellevue Green Apartments, Khurla Kingra Road, Jalandhar, Punjab, India have changed my name to Kumar Ajay. (Given Name: Ajay, Surname: Kumar). All concerned please note.

I, Naresh Kumar Alias Naresh Sahni S/o Amolak Ram R/o WG-294, Hanumaan Mandir Wali Gali, Islamabad, Jalandhar-144001, Punjab, India have changed my name to Naresh Kumar. All concerned please note.

I, Hemla D/o Balraj Kumar R/o H.No. 206/4, New Laxmi Pura, Jalandhar-144001, Punjab, India have changed my name from Hemla Sharma to Hemla. All concerned please note.

I, Joginder Paul S/O Gulzari Lal Resident Of Vill. Partap Pura, PO. Loharan Via Lambra, Jalandhar, Punjab, India Have Changed My Name From Joginder Paul To Joginder Pal. All Concerned Please Note.

I, Teena Jaswal W/o Ajay Kumar R/o Flat Number: R-402, Bellevue Green Apartments, Khurla Kingra Road, Jalandhar-144014 (Punjab) have changed my name from Teena to Teena Jaswal. All concerned please note.

I, Sanjeev Kumar S/o Late Jullunduri Nath R/o H.No. F.M. 53, Model House, Jalandhar, Punjab that I declare that my father named Jullunduri Nath & Jalandhri Nath and Jalandhari Nath is one and the same person. Concerned Note.

I, Ramandeep Singh S/o Joga Singh R/o VPO Bhilowal, Distt. Amritsar, Punjab have changed my name from Ramandeep Singh to Singh is my surname and Ramandeep is my given name.

I, Onkar Singh s/o Lal Singh r/o Village Madhopur, Tehsil Phagwara, Distt. Kapurthala-144402, Punjab have changed my name to Singh Onkar. (Surname as Singh) All Please Note.

I, Jyoti w/o Mandeep Saroa r/o Vill. Udhopur, Po. Jamsher, Jalandhar have changed my name from Jyoti to Jyoti Saroa, after marriage. All Please Note.

I, Garish Kumar alias Harish Kumar Devgan s/o Manohar Lal r/o 83, Sodal Road, New Gobind Nagar, Jalandhar, Punjab changed my name to Harish Kumar Devgan. All Please Note.

I, Radha Talwar w/o Varun Chhabra r/o H.No.8, Guru Teg Bhadur Nagar Extension, Jalandhar have changed my name to Radha Chhabra, after marriage. All Please Note.

I, Shiv Charan Jeet s/o Baldev Raj r/o H.No. 410-A, Railway Colony No. 2, Jalandhar have changed my name to Shiv Charan Koushal. All Please Note.

I, Gurpinder Jit Singh s/o Ranjit Singh r/o Vill.Paswal, Po. Mullanwal, Gurdaspur, Punjab have changed my name to Gurpinderjit Singh. All Please Note.

I, Kamaljit Kaur w/o Baljit Singh r/o VPO. Chand Nawan, Dheer Wali Gali, Moga have changed my name to Kamaljeet Kaur. All Please Note.

I, Meena Kumari w/o Surinder Kumar r/o H.No. BX-1284, Lamba Pind, Po. Chogitti, Jalandhar, Punjab-144009 have changed my name as Kumari Meena. All Please Note.

I, Neeta w/o Varinder Kumar r/o H.No. 387/2, Hargobind Nagar, Jalandhar, Punjab- 144012 have changed my name as Anita Rani. All Please Note.

I, Suman Chawla w/o Anil Kumar Chawla r/o H.No. 97-Manjeet Nagar, Basti Guzan, Jalandhar, Punjab have changed my name Suman Bala to Suman Chawla. All Please Note.

I, Manpreet Singh s/o Sarbjit Singh Chadha r/o H.No. 52, Aman Nagar, Jalandhar have changed my name to Manpreet Singh Chadha. All Please Note.

I, Jaskaran s/o Sahib Singh r/o BX-731, Kishanpura, Near Mandir Wali Gali, Jalandhar (PB) have changed my name as Jaskaran Sohal. (Surname as Sohal) All Please Note.

I, Baljit S/o Teja Ram R/o VPO. Chamiara, Distt. Jalandhar, Punjab have changed my name from Baljit to Baljit Kainth. (Kainth as surname) All Please Note.

I, Sardar Gurdeep Singh S/o Ujagar Singh R/o Vill. Badala Pukhta, Po. Khanpur (Sahota) Distt. Hoshiarpur-146114, Punjab have changed my name from Sardar Gurdeep Singh to Gurdeep Singh. All Please Note.

I, Jaspal Singh Bhambra S/o Balbir Singh R/o 8, Ranjit Enclave, Jalandhar-II, Mithapur, Punjab-144022, have changed my name as Jaspal Singh. All Please Note.

I, Anita alias Anita Devi D/o Bal Krishan W/o Adarsh Sharma R/o H.No.808, Gillco Valley, District Kharar, SAS Nagar (Mohali), Punjab-140301. have changed my name as Anita Sharma. All Please Note.

I, Rajpal Kaur D/o Pritpal Singh R/o H.No. 464, Vishwakarma Colony, Fatehabad, Haryana-125050. have changed my name as Rajdeep Kaur. All Please Note.

I, Suresh Kumar S/o Ishwar Singh R/o H.No.247, Motala Wali Gali, Block Number-2, Dhana(128) Hisar, Haryana- 125033, I have changed the name of my minor Son Samir aged about 14 Years and He shall hereafter be known as Neeraj Kumar.

## Change of Name

I, Sanjeev Arora S/o Madan Lal R/o H.No. EC-34, Qazi Mohalla, Jalandhar-144001, Punjab declare that Sanjeev Arora and Sanjeev Kumar is one and the same person. All Please Note.

I, Jagir Kaur W/o Gurdev Singh R/o Johal, Distt. Jalandhar, Punjab have changed my name from Jagir Kaur to Jagir Kaur Johal (Same Person). All Please Note.

I, Sumanjit Kaur W/o Gurdeep Singh R/o H.No. 8, Street No.1, Near Harman Gas Agency, Rama Mandi, New Dashmesh Nagar, Jalandhar-144005, Punjab have changed my name spelling to Sumanjeet Kaur. All Please Note.

I, Harleen Kaur W/o Simarpreet Singh Kalra R/o MS Farms and Resorts Green Avenue, Opp. Basti Pir Dad, Jalandhar have changed my name from Harleen Kaur to Harleen Kaur Kalra. All Please Note.

I, Rajeev Marwaha S/o Madan Mohan R/o H.No.101, Sodal Chowk, Shiv Nagar, Jalandhar, Punjab have changed my spelling name from Rajeev Marwaha to Rajiv Marwaha. All Please Note.

I, Nirmla W/o Dass Ram R/o VPO. Khan Khana, Distt. SBS Nagar have changed my name from Nirmla to Nirmala Devi. All Please Note.

I, Rajwinder Kaur W/o Sukhwinder Pal R/o H.No. 2329, Mohalla Ravi Dass Pura Mehatpur Road, Nakodar, Jalandhar, Punjab have changed my name from Rajwinder Kaur to Rajvinder Kaur. All Please Note. (R)

## ਨਾਂਅ ਦੀ ਬਦਲੀ

ਮੈਂ, ਅਵਿਸ਼ੇਖ ਪੁੱਤਰ ਸ੍ਰੀ ਪੂਰਨ ਚੰਦ ਵਾਸੀ ਪਿੰਡ ਤੇ ਡਾਕ. ਪੱਦੀ ਸੂਰਾ ਸਿੰਘ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਂਅ ਅਵਿਸ਼ੇਖ ਤੋਂ ਬਦਲ ਕੇ ਅਵਿਸ਼ੇਖ ਕੁਮਾਰ ਰੱਖ ਲਿਆ ਹੈ।

ਮੈਂ, ਰਜਨੀ ਸ਼ਾਹੀ ਪੁੱਤਰੀ ਬਲਦੇਵ ਕ੍ਰਿਸ਼ਨ, ਪਤਨੀ ਨਵਦੀਪ ਕੁਮਾਰ, ਵਾਸੀ ਪ੍ਰੀਤ ਵਿਹਾਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲਕੇ ਰਜਨੀ ਰੱਖ ਲਿਆ ਹੈ।

ਮੈਂ, ਬਲਵਿੰਦਰ ਪਤਨੀ ਝਲਮਨ ਰਾਮ ਵਾਸੀ ਪਿੰਡ ਤੇ ਡਾਕਖਾਨਾ ਵਡਾਲਾ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਮ ਬਲਵਿੰਦਰ ਤੋਂ ਬਦਲ ਕੇ ਬਲਵਿੰਦਰ ਕੌਰ ਰੱਖ ਲਿਆ ਹੈ। ਸੰਬਧਿਤ ਨੋਟ ਕਰਨ।

## ਆਮ ਸੂਚਨਾ

ਮੈਂ ਰਾਜ ਦੁਲਾਰੀ ਪਤਨੀ ਲੇਟ ਰੋਸ਼ਨ ਲਾਲ ਵਾਸੀ ਈ 7-406, ਭੱਠਾ ਹਵੇਲੀ ਸ਼ਾਹ, ਛੇਹਰਟਾ ਅੰਮ੍ਰਿਤਸਰ ਮੇਰਾ ਪੋਤਰਾ ਵਿਸ਼ਾਲ ਸ਼ਰਮਾ ਉਰਫ ਸ਼ਿਵਾ ਜੋ ਕਿ ਮੇਰੇ ਕਹਿਣੇ ਵਿੱਚ ਨਹੀ ਸੀ, ਮੇਰੀ ਕੋਈ ਗੱਲ ਨਹੀ ਸੀ ਮੰਨਦਾ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ ਹੁਣ ਮੇਰਾ ਪੋਤਰਾ ਵਿਸ਼ਾਲ ਸ਼ਰਮਾ ਉਰਫ ਸ਼ਿਵਾ ਮੇਰੇ ਕਹਿਣੇ ਵਿਚ ਹੈ ਮੇਰੀ ਹਰ ਗੱਲ ਮੰਨਦਾ ਹੈ ਅਤੇ ਹੁਣ ਸੁਧਰ ਗਿਆ ਹੈ ਮੈਂ ਇਸ ਦਾ ਬੇਦਖਲੀ ਨੋਟਿਸ ਵਾਪਿਸ ਲੈਂਦੀ ਹਾਂ ਹੁਣ ਵਿਸ਼ਾਲ ਸ਼ਰਮਾ ਉਰਫ ਸ਼ਿਵਾ ਮੇਰੀ ਚੱਲ ਅਚੱਲ ਜਾਇਦਾਦ ਦਾ ਕਾਨੂੰਨੀ ਵਾਰਸ ਮੰਨਿਆ ਜਾਵੇਗਾ।

ਮੈਂ ਸਤੀਸ਼ ਕੁਮਾਰ ਪੁੱਤਰ ਗਿਆਨ ਚੰਦ ਨਿਵਾਸੀ ਪਿੰਡ ਪਰਸੋਵਾਲ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਆਪਣੀ ਪੁੱਤਰੀ ਭਵਿਆ (26) ਸਾਨੂੰ ਬਿਨਾ ਦੱਸਿਆ ਘਰੋਂ ਚਲੀ ਗਈ ਹੈ ਮੈਂ ਉਸਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ ਤੇ ਮੇਰੀ ਮੌਤ ਤੋਂ ਬਾਅਦ ਮੇਰੀ ਸਾਰੀ ਜਾਇਦਾਦ ਮੇਰੇ ਪੁੱਤਰ ਸ਼ੁਭਮ ਦੀ ਹੋਵੇਗੀ ਸੰਬੰਧਿਤ ਨੋਟ ਕਰਨ.

ਮੈਂ ਗਿਆਨ ਕੌਰ ਪਤਨੀ ਲੇਟ ਜੋਗਿੰਦਰ ਸਿੰਘ ਵਾਸੀ ਮਕਾਨ ਨੰ: 2276, ਮਹਿਤਪੁਰ ਰੋਡ, ਮੁਹੱਲਾ ਰਵਿਦਾਸਪੁਰਾ ਨਕੋਦਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਨੂੰਹ ਹਰਜਿੰਦਰ ਕੌਰ ਪਤਨੀ ਪਲਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਅਤੇ ਹਰਜੋਤ ਸਿੰਘ (ਪੋਤਾ) ਵਾਸੀ ਪਿੰਡ ਮੌ ਸਾਹਿਬ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨੂੰ ਹਾਲੇ 'ਤੇ ਰਕਬਾ 12 ਕਨਾਲ 12 ਮਰਲੇ ਵਾਕਿਆ ਰਕਬਾ ਪਿੰਡ ਮੌ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਦਿੱਤਾ ਸੀ, ਉਹ ਇਕਰਾਰਨਾਮਾ ਮੈਂ ਗਿਆਨ ਕੌਰ ਰੱਦ ਕਰਦੀ ਹਾਂ। ਅੱਜ ਮਿਤੀ 26.04.2024 ਨੂੰ ਹਾਲਾ ਰੱਦ ਕਰਦੀ ਹਾਂ ਅਤੇ ਅੱਜ ਤੋਂ ਬਾਅਦ ਮੈਂ ਉਕਤ ਜ਼ਮੀਨ ਕਿਸੇ ਨੂੰ ਵੀ ਦੇਵਾਂ ਜਾਂ ਜ਼ਮੀਨ ਵੇਚਾਂ ਤਾਂ ਇਸ ਵਿਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਮੈਂ, ਗੁਲਵੰਤ ਸਿੰਘ ਪੁੱਤਰ ਸ: ਗੁਰਦਿਆਲ ਸਿੰਘ ਵਾਸੀ ਪਿੰਡ ਚੁਗਾਵਾਂ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਇਕ ਟਿਊਬਵੈੱਲ ਕੁਨੈਕਸ਼ਨ ਲੇਖਾ ਨੰ: ਏ ਪੀ 02/302 ਏ, ਹਾਰਸ ਪਾਵਰ 15, ਵਾਕਿਆ ਪਿੰਡ ਚੁਗਾਵਾਂ, ਤਹਿਸੀਲ ਵਾ ਜ਼ਿਲ੍ਹਾ ਮੋਗਾ, ਮੇਰੇ ਭਰਾ ਹਰਭਜਨ ਸਿੰਘ ਪੁੱਤਰ ਸ: ਗੁਰਦਿਆਲ ਸਿੰਘ ਵਾਸੀ ਪਿੰਡ ਚੁਗਾਵਾਂ, ਤਹਿਸੀਲ ਵਾ ਜ਼ਿਲ੍ਹਾ ਮੋਗਾ ਦੇ ਨਾਂਅ ਪਰ ਚੱਲ ਰਿਹਾ ਹੈ। ਹੁਣ ਇਹ ਟਿਊਬਵੈੱਲ ਕੁਨੈਕਸ਼ਨ ਵੰਡ ਵਿਚ ਮੈਨੂੰ ਆ ਚੁੱਕਾ ਹੈ ਅਤੇ ਮੇਰੇ ਕਬਜ਼ੇ ਹੇਠ ਹੈ। ਜੇਕਰ ਕੋਈ ਵੀ ਵਿਅਕਤੀ ਇਤਰਾਜ਼ ਕਰੇਗਾ ਤਾਂ ਮੈਂ ਖੁਦ ਜ਼ਿੰਮੇਵਾਰ ਹੋਵਾਂਗਾ।

ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਕਿ ਸੋਹਨ ਸਿੰਘ ਪੁੱਤਰ ਊਧਮ ਸਿੰਘ ਵਾਸੀ ਭਿੰਟੇਵੱਡ ਦੇ ਟਿਊਬਵੈੱਲ ਕੁਨੈਕਸ਼ਨ AP-10/072K ਨੂੰ ਆਪਣੇ ਨਾਮ ਕਰਨ ਲਈ ਗੁਰਮੁਖ ਸਿੰਘ ਪੁੱਤਰ ਸੋਹਨ ਸਿੰਘ ਵਾਸੀ ਭਿੰਟੇਵੱਡ ਨੇ ਪਾਵਰਕਾਮ ਹਰਚੋਵਾਲ ਦਫਤਰ ਬੇਨਤੀ ਕੀਤੀ ਹੈ । ਇਤਰਾਜ਼ ਕਰਤਾ 15 ਦਿਨਾਂ ਦੇ ਅੰਦਰ ਅੰਦਰ ਉਪਮੰਡਲ ਪਾਵਰਕਾਮ ਦਫਤਰ ਹਰਚੋਵਾਲ ਵਿਖੇ ਇਤਰਾਜ਼ ਕਰ ਸਕਦਾ ਹੈ । ਉਪਮੰਡਲ ਅਫਸਰ ਪਾਵਰਕਾਮ ਹਰਚੋਵਾਲ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 06/0528-ਏ ਸ੍ਰੀ ਸੁਖਵਿੰਦਰ ਸਿੰਘ ਪੁੱਤਰ ਸ੍ਰੀ ਬਸੰਤ ਸਿੰਘ ਪਿੰਡ ਭਿੰਡੀ ਸੈਦਾਂ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਦੀ ਨਾਂਅ ਬਦਲੀ ਕਰਨ ਵਾਸਤੇ ਸ੍ਰੀ ਜਸਬੀਰ ਸਿੰਘ ਪੁੱਤਰ ਸੁਖਵਿੰਦਰ ਸਿੰਘ ਪਿੰਡ ਭਿੰਡੀ ਸੈਦਾਂ ਨੇ ਉਪ ਮੰਡਲ ਜਸਤਰਵਾਲ ਨੂੰ ਬੇਨਤੀ ਪੱਤਰ ਦਿੱਤਾ ਹੈ। ਇਸ ਕੁਨੈਕਸ਼ਨ ਦੀ ਤਬਦੀਲੀ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਸ/ਡ ਜਸਤਰਵਾਲ ਵਿਖੇ ਆ ਕੇ ਸ਼ਿਕਾਇਤ ਕਰੋ, ਨਹੀਂ ਤਾਂ ਇਸ ਕੁਨੈਕਸ਼ਨ ਦੀ ਨਾਂਅ ਬਦਲੀ ਕਰ ਦਿੱਤੀ ਜਾਵੇਗੀ। ਬਾਅਦ ਵਿਚ ਕੋਈ ਇਤਰਾਜ਼ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਮਹਿਕਮੇ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 06/503-ਪੀ ਸ੍ਰੀ ਸੁਖਵਿੰਦਰ ਸਿੰਘ ਪੁੱਤਰ ਸ੍ਰੀ ਬਸੰਤ ਸਿੰਘ ਪਿੰਡ ਭਿੰਡੀ ਸੈਦਾਂ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਦੀ ਨਾਂਅ ਬਦਲੀ ਕਰਨ ਵਾਸਤੇ ਸ੍ਰੀਮਤੀ ਦਲਬੀਰ ਕੌਰ ਪਤਨੀ ਸੁਖਵਿੰਦਰ ਸਿੰਘ ਪਿੰਡ ਭਿੰਡੀ ਸੈਦਾਂ ਨੇ ਉਪ ਮੰਡਲ ਜਸਤਰਵਾਲ ਨੂੰ ਬੇਨਤੀ ਪੱਤਰ ਦਿੱਤਾ ਹੈ। ਇਸ ਕੁਨੈਕਸ਼ਨ ਦੀ ਤਬਦੀਲੀ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਸ/ਡ ਜਸਤਰਵਾਲ ਵਿਖੇ ਆ ਕੇ ਸ਼ਿਕਾਇਤ ਕਰੋ, ਨਹੀਂ ਤਾਂ ਇਸ ਕੁਨੈਕਸ਼ਨ ਦੀ ਨਾਂਅ ਬਦਲੀ ਕਰ ਦਿੱਤੀ ਜਾਵੇਗੀ। ਬਾਅਦ ਵਿਚ ਕੋਈ ਇਤਰਾਜ਼ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਮਹਿਕਮੇ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP13/302K ਜੋ ਕਿ ਮਹਿੰਦਰ ਸਿੰਘ ਪੁੱਤਰ ਕਿਸ਼ਨ ਸਿੰਘ ਪਿੰਡ ਭਿਖਾਰੀਵਾਲ ਦੇ ਨਾਮ ਚੱਲ ਰਿਹਾ ਹੈ । ਹੁਣ ਇਹ ਕੁਨੈਕਸ਼ਨ ਸ੍ਰੀਮਤੀ ਦਵਿੰਦਰਜੀਤ ਕੌਰ ਪਤਨੀ ਲਖਵਿੰਦਰ ਸਿੰਘ ਵਾਸੀ ਪਿੰਡ ਨਬੀਪੁਰ ਦੇ ਨਾਮ ਕਰਨਾ ਹੈ । ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ, ਉਪ ਮੰਡਲ ਅਫਸਰ , ਪਾਵਰਕਾਮ, ਜੌੜਾ ਛੱਤਰਾਂ (ਗੁਰਦਾਸਪੁਰ) ਨੂੰ ਆਪਣੇ ਇਤਰਾਜ਼ ਪੇਸ਼ ਕਰ ਸਕਦਾ ਹੈ ।

ਮੈਂ, ਪਰਵੀਨ ਪੁੱਤਰ ਦੀਪਕ ਵਾਸੀ ਮਕਾਨ ਨੰਬਰ 277, ਮੁਹੱਲਾ ਪ੍ਰੇਮ ਨਗਰ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰੇ ਲੜਕੇ ਦੇ ਜਨਮ ਸਰਟੀਫੇਕਟ ਵਿਚ ਉਸ ਦਾ ਨਾਂਅ ਦਾਨਿਸ਼ ਦਰਜ ਹੋ ਗਿਆ ਹੈ। ਹੁਣ ਮੇਰੇ ਲੜਕੇ ਦੇ ਜਨਮ ਸਰਟੀਫਿਕੇਟ ਵਿਚ ਉਸ ਦਾ ਸਹੀ ਨਾਂਅ ਦਾਨਿਸ਼ ਕੁਮਾਰ ਦਰਜ ਕੀਤਾ ਜਾਵੇ। ਜੋ ਉਸ ਦਾ ਸਹੀ ਨਾਂਅ ਹੈ।



## ਬੇਦਖਲੀ ਨੋਟਿਸ

ਮੈਂ ਵਜੀਰ ਸਿੰਘ ਪੁੱਤਰ ਜੈਮਲ ਸਿੰਘ ਵਾਸੀ ਪਿੰਡ ਭੰਡੇਰ, ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ ਜਿਸਦੀ ਮੌਤ ਹੋ ਚੁੱਕੀ ਹੈ ਉਸਦੀ ਪਤਨੀ ਸਰਬਜੀਤ ਕੌਰ ਅਤੇ ਉਸਦੀ ਲੜਕੀਆਂ ਹਰਪ੍ਰੀਤ ਕੌਰ ਅਤੇ ਲਵਲੀਨ ਕੌਰ ਤਿੰਨੋਂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਗਲਤ ਸੁਸਾਇਟੀ ਵਿਚ ਪੈ ਚੁੱਕੀਆਂ ਹਨ। ਮੈਂ ਉਨ੍ਹਾਂ ਤਿੰਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੀਆਂ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਸੋਹਨ ਸਿੰਘ ਪੁੱਤਰ ਸ੍ਰੀ ਬਾਵਾ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਸੁਦਾਣਾ ਤਹਿਸੀਲ ਤੇ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਇੰਦਰਜੀਤ ਸਿੰਘ ਉਰਫ ਟੀਟੂ ਅਤੇ ਉਸਦੀ ਪਤਨੀ ਬਲਜਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸਬੰਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। (ਪਰਸ਼ੋਤਮ)

ਮੈਂ, ਸ਼ਿਵਚਰਨ ਕੁਮਾਰ ਪੁੱਤਰ ਗਿਆਨ ਪ੍ਰਕਾਸ਼ ਵਾਸੀ ਪਿੰਡ ਗਹੋਤ, ਡਾਕਖਾਨਾ ਰਾਜਪੁਰ ਗਹੋਤ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦੀਪਕ ਸੈਣੀ ਜੋ ਕਿ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ, ਸੰਬੰਧਿਤ ਨੋਟ ਕਰਨਾ।

ਮੈਂ, ਕੁਲਦੀਪ ਕੌਰ ਵਿਧਵਾ ਪਤਨੀ ਕੁਲਦੀਪ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਸਲੇਮਪੁਰ ,ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਅਤੇ ਉਸਦੀ ਪਤਨੀ ਹਰਪ੍ਰੀਤ ਕੌਰ ਜੋ ਕਿ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ, ਸੰਬੰਧਿਤ ਨੋਟ ਕਰਨਾ।

ਮੈਂ, ਗੁਰਦੇਵ ਕੌਰ ਪਤਨੀ ਦਰਸ਼ਨ ਸਿੰਘ ਵਾਸੀ ਰਾਉਕੇ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਸੇਵਕ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਜੈਬ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਪਿੰਡ ਰਾਉਕੇ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਵੀਰ ਸਿੰਘ ਅਤੇ ਉਸ ਦੀ ਪਤਨੀ ਮਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਸ਼ਿਵ ਕੁਮਾਰ ਪੁੱਤਰ ਸਰੂਪ ਚੰਦ ਵਾਸੀ ਵਾਰਡ ਨੰਬਰ ਸੱਤ ਮਹੇਸ਼ ਨਗਰ ਪਾਤੜਾਂ (ਪਟਿਆਲਾ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਮ ਗੋਇਲ ਅਤੇ ਨੂੰਹ ਦੀਪਕਾ ਗੋਇਲ ਮੇਰੇ ਕਹਿਣੇ ਤੋਂ ਬਾਹਰ ਹਨ। ? ਇਸ ਲਈ ਮੈਂ ਇਹਨਾਂ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਸੰਬੰਧ ਨਹੀਂ। ਸੰਬੰਧ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇ।

ਮੈਂ ਸਰਬਜੀਤ ਸਿੰਘ ਪੁੱਤਰ ਕਪੂਰ ਸਿੰਘ ਪਿੰਡ ਬੁੱਧ ਸਿੰਘ ਵਾਲਾ ਤਹਿਸੀਲ ਮੋਗਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬੇਅੰਤ ਸਿੰਘ ਉਰਫ਼ ਧੰਮੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਵੀ ਤਾਲੁਕ ਵਾ ਵਾਸਤਾ ਨਹੀਂ ਹੋਵੇਗਾ।

ਮੈਂ, ਰਾਣੀ ਪਤਨੀ ਅਸ਼ਵਨੀ ਕੁਮਾਰ ਵਾਸੀ ਮਕਾਨ ਨੰ: ਐੱਲ-11/57, ਰਾਂਝੇ ਦੀ ਹਵੇਲੀ, ਚਾਟੀਵਿੰਡ ਗੇਟ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਬੇਟੀ ਪੂਜਾ (ਵਿਆਹੀ) ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਰਨੈਲ ਸਿੰਘ ਪੁੱਤਰ ਸ੍ਰੀ ਸਰਦਾਰਾ ਸਿੰਘ ਵਾਸੀ ਝਾਮਕੇ ਖੁਰਦ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਲੇਰ ਸਿੰਘ, ਇਸ ਦੀ ਪਤਨੀ ਪ੍ਰੀਤ ਕੌਰ ਅਤੇ ਇਨ੍ਹਾਂ ਦੀ ਲੜਕੀ ਗੁਰਲੀਨ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਦਲੀਪ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਮਕਾਨ ਨੰ: 2491, ਗਲੀ ਨੰ: 2, ਨਿਊ ਆਬਾਦੀ ਕਰਮਪੁਰਾ, ਨੇੜੇ ਰਤਨ ਸਿੰਘ ਚੌਕ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਭੋਲਾ ਸਿੰਘ ਉਰਫ ਅਸ਼ੋਕ ਸਿੰਘ, ਇਸ ਦੀ ਪਤਨੀ ਬਲਜਿੰਦਰ ਕੌਰ ਉਰਫ ਸਵੀਟੀ ਅਤੇ ਇਨ੍ਹਾਂ ਦੇ ਬੱਚੇ ਮਨਮੀਤ ਸਿੰਘ ਉਰਫ ਮੰਨੂ ਅਤੇ ਪ੍ਰਭਜੀਤ ਸਿੰਘ ਉਰਫ ਪ੍ਰਭ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਜੰਟ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ ਵਾਸੀ ਪੱਤੀ ਨੰਗਲ ਕੀ ਸੁਰਸਿੰਘ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਰਣਜੀਤ ਸਿੰਘ ਆਪਣੀ ਘਰਵਾਲੀ ਅਤੇ ਬੱਚੇ ਨੂੰ ਛੱਡ ਕੇ ਕਿਸੇ ਹੋਰ ਨਾਲ ਚਲਾ ਗਿਆ ਹੈ। ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਵਿਤਾ ਪਤਨੀ ਤਿਲਕ ਰਾਜ ਵਾਸੀ ਮਕਾਨ ਨੰ. 47, ਨਿਊ ਗੀਤਾ ਕਲੋਨੀ, ਨੇੜੇ ਕਾਲਾ ਸੰਘਿਆ ਰੋਡ, ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਪਤੀ ਤਿਲਕ ਰਾਜ ਪੁੱਤਰ ਰਮੇਸ਼ ਲਾਲ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਕੋਈ ਵੀ ਇਨ੍ਹਾਂ ਦੇ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਦਾ ਹੈ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬੰਧਤ ਨੋਟ ਕਰਨ।

ਮੈਂ, ਜਸਪਾਲ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਨੇੜੇ ਬਾਬਾ ਜਵਾਨਾ ਜਿ, ਨਿਊ ਗੁਰੂ ਨਾਨਕ ਨਗਰ, ਨਾਗਰਾ ਕਲੋਨੀ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੇ ਦੋਵੇਂ ਪੁੱਤਰ ਸਰਬਜੀਤ ਸਿੰਘ ਅਤੇ ਹਰਮਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸਰਵਜੀਤ ਸਿੰਘ ਪੁੱਤਰ ਮਲੂਕ ਸਿੰਘ ਵਾ ਪ੍ਰਵੀਨ ਪਤਨੀ ਸਰਵਜੀਤ ਸਿੰਘ ਵਾਸੀਆਨ ਮਕਾਨ ਨੰ: 245, ਵਾਰਡ ਨੰ: 41, ਨੇੜੇ ਐਮ. ਜੀ. ਕੇ. ਪਬਲਿਕ ਸਕੂਲ, ਨਿਊ ਰਾਜ ਨਗਰ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡੀ ਬੇਟੀ ਰੋਸ਼ਨੀ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਉਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਮਨ ਕੁਮਾਰ ਪੁੱਤਰ ਸ੍ਰੀ ਮਹਿੰਦਰ ਪਾਲ ਵਾਸੀ ਵਾਰਡ ਨੰਬਰ 12 ਬੇਗੋਵਾਲ, ਤਹਿ. ਭੁਲੱਥ (ਕਪੂਰਥਲਾ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਭਮ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੀ ਕੋਈ ਗੱਲ ਨਹੀਂ ਮੰਨਦਾ, ਜਿਸ ਕਰਕੇ ਮੈਂ ਇਸ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਚਰਨਜੀਤ ਕੌਰ ਪਤਨੀ ਹਰਵਿੰਦਰ ਸਿੰਘ ਅਤੇ ਹਰਵਿੰਦਰ ਸਿੰਘ ਪੁੱਤਰ ਸ੍ਰੀ ਹਜ਼ਾਰਾ ਸਿੰਘ , ਵਾਸੀਆਨ ਮਕਾਨ ਨੰ: 210, ਵਾਰਡ ਨੰ: 10, ਬੇਅੰਤ ਨਗਰ, ਡਾਕਖਾਨਾ ਪੀ. ਏ. ਪੀ. ਲਾਈਨਜ਼, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਵਰਨਜੀਤ ਸਿੰਘ ਅਤੇ ਇਸ ਦੀ ਪਤਨੀ ਹਰਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਅਮਰ ਨਾਥ ਪੁੱਤਰ ਲੇਹਲੋ ਰਾਮ ਅਤੇ ਚੰਪਾ ਦੇਵੀ ਪਤਨੀ ਅਮਰ ਨਾਥ ਵਾਸੀਆਨ 11/17, ਲਾਡੋਵਾਲੀ ਰੋਡ, ਸਹਿਗਲ ਕਲੋਨੀ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੰਜੀਵ ਕੁਮਾਰ ਅਤੇ ਉਸਦੀ ਪਤਨੀ ਸ਼ਿਲਪਾ ਕੁਮਾਰੀ ਅਤੇ ਇਨ੍ਹਾਂ ਦੇ ਬੱਚੇ ਕਾਮਿਆ ਕੁਮਾਰੀ ਅਤੇ ਦਿਵਾਂਸ਼ੀ ਕੁਮਾਰੀ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਸਾਰਿਆਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਗੁਰੂ ਕੀ ਨਗਰੀ ਅੰਮ੍ਰਿਤਸਰ 'ਚ ਮੇਰਾ ਘਰ ਹੈ, ਇੱਥੋਂ ਦੇ ਲੋਕ ਮੇਰਾ ਪਰਿਵਾਰ ਹਨ: ਸੰਧੂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਭਾਜਪਾ ਦੇ ਲੋਕ ਸਭਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਐਤਵਾਰ ਸਵੇਰੇ ਕੰਪਨੀ ਬਾਗ ਪੁੱਜੇ। ਇਸ ਦੌਰਾਨ ਜਿੱਥੇ ਉਹ ਸੈਰ ਕਰ ਰਹੇ ਲੋਕਾਂ ਨੂੰ ਮਿਲੇ, ਉਥੇ ਹੀ ਬਾਗ ਦੇ ਅੰਦਰ ਕੁਝ ਲੋਕਾਂ ਨਾਲ ਕ੍ਰਿਕਟ ਖੇਡਣ ਦਾ ਵੀ ਲੁਤਫ਼ ਉਠਾਇਆ।ਕ੍ਰਿਕਟ ਖੇਡਦੇ ਹੋਏ ਸੰਧੂ ਨੇ ਕੰਪਨੀ ਬਾਗ 'ਚ ਮੌਜੂਦ ਸਾਰਿਆਂ ਨੂੰ ਦੱਸਿਆ ਕਿ 2027 'ਚ ਅੰਮ੍ਰਿਤਸਰ 'ਚ ਆਈਪੀਐੱਲ ਮੈਚ ਹੋਣਗੇ।ਇਸ ਲਈ ਉਨ੍ਹਾਂ ਨੇ ਸਾਰੀਆਂ ਤਿਆਰੀਆਂ ਕਰ ਲਈਆਂ ਹਨ।ਅੰਮ੍ਰਿਤਸਰ ਵਿੱਚ ਆਈਪੀਐੱਲ ਮੈਚ ਹੋਣ ਨਾਲ ਦੇਸ਼-ਵਿਦੇਸ਼ ਤੋਂ ਸੈਲਾਨੀ ਅੰਮ੍ਰਿਤਸਰ ਆਉਣਗੇ ਅਤੇ ਇੱਥੋਂ ਦੇ ਕਾਰੋਬਾਰ ਨੂੰ ਹੁਲਾਰਾ ਮਿਲੇਗਾ।ਜਦੋਂ ਦੇਸ਼-ਵਿਦੇਸ਼ ਤੋਂ ਲੱਖਾਂ ਸੈਲਾਨੀ ਆਈਪੀਐੱਲ ਦੇ ਮੈਚ ਦੇਖਣ ਲਈ ਅੰਮ੍ਰਿਤਸਰ ਆਉਣਗੇ ਤਾਂ ਇੱਥੋਂ ਦੇ ਕਾਰੋਬਾਰੀਆਂ ਨੂੰ ਵੀ ਕਾਫੀ ਫਾਇਦਾ ਹੋਵੇਗਾ, ਕਿਉਂਕਿ ਅੰਮ੍ਰਿਤਸਰ 'ਚ ਬਣਨ ਵਾਲੇ ਵੱਖ-ਵੱਖ ਤਰ੍ਹਾਂ ਦੇ ਉਤਪਾਦਾਂ ਨੂੰ ਅਜੇ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਮਿਲਣੀ ਬਾਕੀ ਹੈ।ਉਹ ਮਾਨਤਾ ਪ੍ਰਾਪਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਮੇਰਾ ਘਰ ਹੈ ਅਤੇ ਇੱਥੋਂ ਦੇ ਲੋਕ ਮੇਰਾ ਪਰਿਵਾਰ ਹਨ।ਮੈਂ ਆਪਣੇ ਪਰਿਵਾਰ ਲਈ ਸਭ ਕੁਝ ਕਰਾਂਗਾ, ਤਾਂ ਜੋ ਇੱਥੋਂ ਦੇ ਲੋਕ ਖੁਸ਼ ਰਹਿਣ, ਉਹ ਤਰੱਕੀ ਕਰਨ, ਨੌਜਵਾਨਾਂ ਨੂੰ ਰੁਜ਼ਗਾਰ ਮਿਲੇ, ਵਪਾਰੀਆਂ ਦਾ ਕਾਰੋਬਾਰ ਵਧੇ ਅਤੇ ਅੰਮ੍ਰਿਤਸਰ ਦਾ ਨਾਮ ਦੁਨੀਆ ਦੇ ਨਕਸ਼ੇ 'ਤੇ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਡਾ: ਹਰਵਿੰਦਰ ਸਿੰਘ ਸੰਧੂ ਵੀ ਹਾਜ਼ਰ ਸਨ।

# ਇਫਟੂ ਦੀ ਰੈਲੀ 'ਚ ਪਹੁੰਚਣਗੇ ਰੇਹੜੀ ਵਰਕਰ



**ਨਵਾਂਸ਼ਹਿਰ, (ਮਨੋਜ ਲਾਡੀ, ਕੁਲਵਿੰਦਰ ਦੁਰਗਾਪੁਰੀਆ)** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਵੱਲੋਂ ਬੱਸ ਅੱਡਾ ਨਵਾਂਸ਼ਹਿਰ ਵਿਖੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮੌਕੇ ਕੀਤੀ ਜਾ ਰਹੀ ਜ਼ਿਲਾ ਪੱਧਰੀ ਰੈਲੀ 'ਚ ਰੇਹੜੀ ਵਰਕਰ ਯੂਨੀਅਨ ਅਤੇ ਪ੍ਰਵਾਸੀ ਮਜ਼ਦੂਰ ਯੂਨੀਅਨ ਹੁਮਹੁਮਾਕੇ ਪਹੁੰਚਣਗੇ।ਇਸ ਸੰਬੰਧੀ ਜਥੇਬੰਦੀਆਂ ਦੀਆਂ ਇੱਥੇ ਹੋਈ ਮੀਟਿੰਗ ਵਿੱਚ ਪਹਿਲੀ ਮਈ ਨੂੰ ਮੁਕੰਮਲ ਹੜਤਾਲ ਕਰਕੇ ਮਈ ਦਿਹਾੜੇ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।ਇਸ ਮੀਟਿੰਗ ਨੂੰ ਇਫਟੂ ਦੇ ਪਰਵਾਸੀ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਕੁਮਾਰ ਨਿਰਾਲਾ, ਰੇਹੜੀ ਵਰਕਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰੇ ਰਾਮ, ਹਰੀ ਲਾਲ, ਨੇ ਸੰਬੋਧਨ ਕੀਤਾ।ਆਗੂਆਂ ਨੇ ਕਿਹਾ ਕਿ ਪਹਿਲੀ ਮਈ ਦਾ ਦਿਹਾੜਾ ਮਜ਼ਦੂਰ ਜਮਾਤ ਦਾ ਇਤਿਹਾਸਕ ਦਿਹਾੜਾ ਹੈ ਜੋ ਮਜ਼ਦੂਰ ਜਮਾਤ ਸਾਰੀ ਦੁਨੀਆਂ ਵਿੱਚ ਮਨਾਉਂਦੀ ਹੈ।ਉਹਨਾਂ ਨੇ ਸੱਦਾ ਦਿੱਤਾ ਕਿ ਜ਼ਿਲ੍ਹੇ ਭਰ ਦੇ ਮਜ਼ਦੂਰ ਇਫਟੂ ਵੱਲੋਂ ਬੱਸ ਅੱਡਾ ਨਵਾਂਸ਼ਹਿਰ ਵਿਖੇ ਮਨਾਏ ਜਾ ਰਹੇ ਕੌਮਾਂਤਰੀ ਮਜ਼ਦੂਰ ਦਿਵਸ ਦੇ ਪਹਿਲੀ ਮਈ ਦੇ ਇਸ ਪ੍ਰੋਗਰਾਮ ਵਿੱਚ ਭਰਵੀਂ ਸ਼ਮੂਲੀਅਤ ਕਰਨ।

## ਬੇਦਖਲੀ ਨੋਟਿਸ

ਮੈਂ, ਦਵਿੰਦਰ ਕੌਰ ਪਤਨੀ ਲੇਟ ਸਰਨਜੀਤ ਸਿੰਘ ਵਾਸੀ ਅਜੀਤ ਨਗਰ, ਅਲੀਵਾਲ ਰੋਡ, ਕੈਪਟਨ ਵਾਲੀ ਗਲੀ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਤਿੰਦਰ ਸਿੰਘ ਅਤੇ ਉਸਦੀ ਪਤਨੀ ਨੀਤੂ ਅੱਤਰੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਨੀਲਮ ਕੁਮਾਰੀ ਪਤਨੀ ਲੇਟ ਪਵਨ ਕੁਮਾਰ ਵਾਸੀ ਮਕਾਨ ਨੰ: 160/2 ਬੁੱਤਾਂ ਵਾਲੀ ਗਲੀ, ਨੰਗਲ ਕੋਟਲੀ, ਮੰਡੀ ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਵੱਡਾ ਲੜਕਾ ਕਰਨ ਗੁਪਤਾ ਅਤੇ ਉਸ ਦੀ ਪਤਨੀ ਸ਼ਮਾ ਅਤੇ ਛੋਟਾ ਲੜਕਾ ਚੰਦਨ ਅਤੇ ਉਸ ਦੀ ਪਤਨੀ ਮਨਜੋਤ ਕੌਰ ਅਤੇ ਇਨ੍ਹਾਂ ਦੀ ਲੜਕੀ ਸਮਾਇਰਾ ਗੁਪਤਾ ਅਤੇ ਲੜਕੇ ਨਵੀਸ਼ ਗੁਪਤਾ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ -ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## PUBLIC NOTICE

I, Poonam Rani W/o Sh. Aman Prakash resident of House No. 24, Mohalla No. 6, Sadar Bazar, Jalandhar Cantt. declare that my father's name is misspelt as Rameh Kumar instead of Ramesh Kumar in my Matriculation certificate, But the correct Spellings of my father's name is Ramesh Kumar.

I, Manu W/o Ramesh Kumar Bansal R/o H. No. 325, Street No. 6 A, Baba Deep Singh Nagar, Near RCF Gate No.- 2, Kapurthala, Punjab declare that my name mentioned in my daughter's Matriculation certificate as Manju Bansal, so Manu and Manju Bansal is one and the same person. (9894)

I, Kanchan Verma W/o Amandeep Verma R/o H. No. 325, Street No. 6, Baba Deep Singh Nagar, Dhidianwala, RCF Kapurthala, Punjab, declare that after marriage I have changed my name from Kanchan Bansal to Kanchan Verma So Kanchan Bansal and Kanchan Verma is one and the same person.

It is for general information that I, Narinder Singh Sangha Son of Gulzara Singh residing at VPO. Kala Sanghian, Distt. Kapurthala-144522, Punjab declare that name of my father has been wrongly written as Gulzala Singh in my Passport No.- N4307419. The actual name of my father is Gulzara Singh, which may be amended accordingly. All Please Note.

We, Satnam Singh S/o Kartar Singh and Narinder Kaur W/o Satnam Singh both R/o 12-B, Ishwar Nagar, Kala Sanghian, Jalandhar declare that our son Gurpreet Singh is out of our control. We disinherit him from our moveable and immovable properties. We and our family shall not be held responsible for any of his acts, deeds and things. All please note.

30-APRIL-PAGE-7.qxd 4/29/2024 10:35 PM Page 1



# 'ਮਿਸ਼ਨ ਸਮੱਰਥ' ਸਰਕਾਰੀ ਸਿੱਖਿਆ ਦੇ ਘਾਣ ਦੀ ਕਵਾਇਦ : ਡੀ ਟੀ ਐੱਫ

**■ ਸਿਰਫ ਅੱਖਰ ਗਿਆਨ ਨਹੀਂ, ਬਲਕਿ ਸਰਵਪੱਖੀ ਸਿੱਖਿਆ ਦੇਣਾ ਸਰਕਾਰ ਦੀ ਜ਼ਿੰਮੇਵਾਰੀ : ਤਾਮਕੋਟ**

**ਮਾਨਸਾ (ਆਤਮਾ ਸਿੰਘ ਪਮਾਰ)**
ਪ੍ਰਥਮ ਨਾਂਅ ਦੀ ਐੱਨ.ਜੀ.ਓ. ਦੀ ਸਹਾਇਤਾ ਨਾਲ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਚਲਾਇਆ ਜਾ ਰਿਹਾ 'ਮਿਸ਼ਨ ਸਮੱਰਥ' ਹੁਸ਼ਿਆਰ ਵਿਦਿਆਰਥੀਆਂ ਦੇ ਸਮੇਂ ਦੀ ਬਰਬਾਦੀ ਤੇ ਅਧਿਆਪਕਾਂ ਦੀ ਬੇਲੋੜੀ ਖੱਜਲ-ਖੁਆਰੀ ਦਾ ਸਬੱਬ ਬਣਦਾ ਜਾ ਰਿਹਾ ਹੈ।ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਹੇਠ ਡੀ ਟੀ ਐੱਫ ਦੇ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਕਿਹਾ ਕਿ ਸਿੱਖਿਆ ਦਾ ਉਦੇਸ਼ ਵਿਦਿਆਰਥੀ ਦਾ ਸਰਵਪੱਖੀ ਵਿਕਾਸ ਹੁੰਦਾ ਹੈ, ਜਿਸ ਦੇ ਲਈ ਬੜੀ ਖੋਜ ਨਾਲ ਪਾਠਕ੍ਰਮ ਤੇ ਪੁਸਤਕਾਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਹੋਰ ਸਹਿ-ਵਿੱਦਿਅਕ ਗਤੀਵਿਧੀਆਂ ਉਲੀਕੀਆਂ ਜਾਂਦੀਆਂ ਹਨ, ਪ੍ਰੰਤੂ ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਇਸ ਅਖੌਤੀ 'ਮਿਸ਼ਨ' ਰਾਹੀਂ ਸਿਰਫ ਅੱਖਰ ਤੇ ਅੰਕ ਗਿਆਨ ਦੇਣ ਤੱਕ ਸੀਮਤ ਰਹਿ ਕੇ ਹਰੇਕ ਵਿਦਿਆਰਥੀ ਦੇ ਸਰਵਪੱਖੀ ਸਿੱਖਿਆ ਲੈਣ ਦੇ ਬੁਨਿਆਦੀ ਅਧਿਕਾਰ ਦੀ ਉਲੰਘਣਾ ਕਰ ਰਹੀ ਹੈ, ਜੋ ਕਿ 2009 ਦੇ ਮੁਫ਼ਤ ਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਦੀ ਉਲੰਘਣਾ ਹੈ, ਜੋ ਕਾਨੂੰਨ ਰਾਹੀਂ ਸੰਵਿਧਾਨਕ ਤੌਰ 'ਤੇ ਉਨ੍ਹਾਂ ਨੂੰ ਦਿੱਤਾ ਗਿਆ ਹੈ।ਅਸਲ ਵਿੱਚ ਪੰਜਾਬ ਸਰਕਾਰ ਅਜਿਹੇ ਗੈਰ-ਵਿਗਿਆਨਕ ਤੇ ਗੈਰ-ਸੰਵਿਧਾਨਕ ਪ੍ਰਾਜੈਕਟ ਚਲਾ ਕੇ ਆਪਣੀਆਂ ਨਾਕਾਮੀਆਂ ਨੂੰ ਛੁਪਾ ਰਹੀ ਹੈ।ਅਪ੍ਰੈਲ ਮਹੀਨਾ ਬੀਤ ਜਾਣ ਦੇ ਬਾਵਜੂਦ ਹਾਲੇ ਤੱਕ ਸਕੂਲਾਂ ਵਿੱਚ ਸਾਰੀਆਂ ਕਿਤਾਬਾਂ ਨਹੀਂ ਵੰਡੀਆਂ ਗਈਆਂ।ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀ ਤਾਇਨਾਤੀ ਚੋਣ ਡਿਊਟੀਆਂ 'ਤੇ ਹੋਣ ਕਾਰਨ ਅਧਿਆਪਕ ਸਕੂਲਾਂ 'ਚੋਂ ਬਾਹਰ ਹਨ। ਅਜਿਹੀ ਵਿੱਚ ਕੰਮ ਚਲਾਊ ਨੀਤੀ ਤਹਿਤ ਇਹ 'ਮਿਸ਼ਨ' ਚਲਾਇਆ ਜਾ ਰਿਹਾ ਹੈ ਤੇ ਅਧਿਆਪਕਾਂ 'ਤੇ ਬਿਨਾਂ ਕਿਤਾਬਾਂ ਤੋਂ ਬੱਚਿਆਂ ਨੂੰ ਪੜ੍ਹਾਉਣ ਲਈ ਜ਼ੋਰ ਪਾਇਆ ਜਾ ਰਿਹਾ ਹੈ।ਡੀ ਟੀ ਐੱਫ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਪ੍ਰੀਤ ਭੀਖੀ ਨੇ ਦੋਸ਼ ਲਾਇਆ ਕਿ ਇਸ ਤਰ੍ਹਾਂ ਦੇ ਪ੍ਰੋਜੈਕਟਾਂ ਰਾਹੀਂ ਵੱਡੀ ਗਿਣਤੀ ਵਿੱਚ ਅਧਿਆਪਕਾਂ ਨੂੰ 'ਟ੍ਰੇਨਰਾਂ' ਦੇ ਰੂਪ ਵਿੱਚ ਸਕੂਲ 'ਚੋਂ ਬਾਹਰ ਕੱਢ ਕੇ ਪੜ੍ਹਾਈ ਦਾ ਨੁਕਸਾਨ ਤਾਂ ਕੀਤਾ ਹੀ ਜਾ ਰਿਹਾ ਹੈ, ਨਾਲ ਹੀ ਇਹ ਹੁਸ਼ਿਆਰ ਤੇ ਹੋਣਹਾਰ ਵਿਦਿਆਰਥੀਆਂ ਨੂੰ ਪੜ੍ਹਨ ਤੋਂ ਰੋਕ ਕੇ ਉਨ੍ਹਾਂ ਨੂੰ ਕਮਜ਼ੋਰ ਵਿਦਿਆਰਥੀਆਂ ਨਾਲ ਚੱਲਣ ਲਈ ਮਜਬੂਰ ਕਰਨ ਦੀ ਕਵਾਇਦ ਵੀ ਹੈ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਕਿਹਾ ਕਿ ਵਿਭਾਗ ਵੱਲੋਂ ਜਾਰੀ ਕੀਤੇ ਹੁਕਮ ਹਾਸੋਹੀਣੇ ਹਨ। ਸਿਖਿਆਰਥੀ ਅਧਿਆਪਕ ਜਿਨ੍ਹਾਂ ਦਾ ਕੋਈ ਜ਼ਮੀਨੀ ਤਜਰਬਾ ਨਹੀਂ ਹੈ, ਉਹ ਕਿਸ ਤਰ੍ਹਾਂ ਵਿਦਿਆਰਥੀਆਂ ਦੀ ਸਹੀ ਟੈਸਟਿੰਗ ਕਰ ਸਕਦੇ ਹਨ? ਅਜਿਹੇ ਹੁਕਮ ਜ਼ਮੀਨੀ ਪੱਧਰ 'ਤੇ ਅਨੇਕਾਂ ਸਮੱਸਿਆਵਾਂ ਨਾਲ ਜੂਝਦੇ ਅਧਿਆਪਕ ਦੀ ਕਾਰਜ ਕੁਸ਼ਲਤਾ ਨੂੰ ਸ਼ੱਕ ਦੇ ਨਜ਼ਰੀਏ ਨਾਲ ਦੇਖਣ ਅਤੇ ਉਸ ਦੀ ਅਧਿਆਪਨ ਯੋਗਤਾ ਨੂੰ ਕਟਿਹਰੇ ਵਿੱਚ ਖੜ੍ਹਾ ਕਰਨ ਦਾ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਜਥੇਬੰਦੀ ਅਜਿਹੇ ਗੈਰ-ਜਮਹੂਰੀ, ਨਾਦਰਸ਼ਾਹੀ ਫੁਰਮਾਨਾਂ ਦਾ ਡੱਟਵਾਂ ਵਿਰੋਧ ਕਰੇਗੀ।ਇਸ ਮੌਕੇ ਗੁਰਬਚਨ ਹੀਰੇਵਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਗੁਰਦੀਪ ਝੁੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਰੇਨੂੰ ਬਾਲਾ, ਅਮਰਪ੍ਰੀਤ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਆਸਰਾ ਫਾਊਂਡੇਸ਼ਨ ਵੱਲੋਂ ਅੱਖਾਂ ਦਾ ਮੁਫ਼ਤ ਕੈਂਪ



**ਬਰੇਟਾ (ਗੋਬਿੰਦ ਸ਼ਰਮਾ)**-ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਜਿਊਣਾ ਮੱਲ ਕਪੂਰ ਚੰਦ ਦੀ ਯਾਦ ਨੂੰ ਸਮਰਪਤ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਲੱਗਣ ਵਾਲਾ ਅੱਖਾਂ ਦਾ 112ਵਾਂ ਕੈਂਪ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਵਿਖੇ ਸੰਕਰਾ ਆਈ ਹਸਪਤਾਲ ਲੁਧਿਆਣਾ ਵੱਲੋਂ ਲਗਾਇਆ ਗਿਆ, ਜਿਸ ਵਿੱਚ 565 ਲੋੜਵੰਦਾਂ ਨੂੰ ਚੈੱਕ ਕਰਕੇ 68 ਮਰੀਜ਼ ਫਰੀ ਲੈਂਜ਼ ਪਾਉਣ ਲਈ ਸਿਲੈਕਟ ਕੀਤੇ ਗਏ। ਟੀਮ ਆਸਰਾ ਦੇ ਪ੍ਰਧਾਨ ਡਾਕਟਰ ਗਿਆਨ ਚੰਦ ਅਜ਼ਾਦ, ਵਾਈਸ ਪ੍ਰਧਾਨ ਡਾਕਟਰ ਜਲਵਿੰਦਰ ਸਿੰਘ, ਸੋਸ਼ਲ ਮੀਡੀਆ ਇੰਚਾਰਜ ਬੰਤ ਸਿੰਘ ਵੱਲੋਂ ਆਏ ਹੋਏ ਮਰੀਜ਼ਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੇ ਸਾਂਭ ਸੰਭਾਲ ਬਾਰੇ ਵਿਸਤਾਰ ਪੂਰਵਕ ਦੱਸਿਆ ਗਿਆ। ਮੁੱਖ ਮਹਿਮਾਨ ਸਮਾਜ ਸੇਵੀ ਪ੍ਰਕਾਸ਼ ਚੰਦ ਬਾਂਸਲ ਕੁਲਰੀਆਂ ਵੱਲੋਂ ਟੀਮ ਆਸਰਾ ਦੀ ਹੌਸਲਾ ਅਫਜ਼ਾਈ ਕਰਦਿਆਂ ਆਪਣੇ ਵੱਲੋਂ 11000 ਰੁਪਏ ਲੋੜਵੰਦਾਂ ਦੀ ਮਦਦ ਲਈ ਦਿੱਤੇ ਗਏ ਹਰ ਕੈਂਪ ਵਿੱਚ ਦਵਾਈਆਂ ਦੀ ਸੇਵਾ ਮਹਿੰਦਰ ਸਿੰਘ ਕਟੋਦੀਆ ਸੰਸਥਾਪਕ ਸਾਵਨ ਐਜੂਕੇਸ਼ਨਲ ਟਰੱਸਟ ਚੰਡੀਗੜ੍ਹ ਵੱਲੋਂ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਕੈਂਪ ਵਿੱਚ ਪਹੁੰਚੇ ਮੈਡਮ ਮੰਜੂ ਰਾਣੀ ਪ੍ਰਧਾਨ ਸਲੱਮ ਫਾਊਂਡੇਸ਼ਨ ਮਾਨਸਾ, ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਦੀ ਟੀਮ ਮਾਸਟਰ ਕੁਲਵੰਤ ਸਿੰਘ ਦੀ ਅਗਵਾਈ ਹੇਠ ਅਤੇ ਜ਼ਿਲ੍ਹਾ ਰੂਰਲ ਯੂਥ ਐਸੋਸੀਏਸ਼ਨ ਮਾਨਸਾ ਦੇ ਪ੍ਰਧਾਨ ਸਟੇਟ ਐਵਾਰਡੀ ਰਜਿੰਦਰ ਕੁਮਾਰ ਨੇ ਟੀਮ ਆਸਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਟੀਮ ਆਸਰਾ ਵੱਲੋਂ ਲਗਾਏ ਜਾ ਰਹੇ ਕੈਂਪ ਬਹੁਤ ਹੀ ਵੱਡਾ ਨੇਕ ਉਪਰਾਲਾ ਹੈ। ਹਰ ਕੈਂਪ ਵਿੱਚ ਲੰਗਰ ਦੀ ਸੇਵਾ ਬਾਬਾ ਰਣਜੀਤ ਸਿੰਘ ਜੀ ਟੈਣੀ ਮੁੱਖ ਪ੍ਰਬੰਧਕ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਵੱਲੋਂ ਕੀਤੀ ਜਾਂਦੀ ਹੈ।

# ਰੇਲ ਗੱਡੀ ਦੀ 'ਧਮਕ' ਨਾਲ ਚਾਰ ਘਰਾਂ ਦੀਆਂ ਛੱਤਾਂ ਡਿੱਗੀਆਂ, ਕਈ ਮਕਾਨਾਂ 'ਚ ਆਈਆਂ ਤਰੇੜਾਂ

**ਪੀੜਤਾਂ ਨੇ ਕੀਤੀ ਮੁਆਵਜ਼ੇ ਦੀ ਮੰਗ, ਐੱਸ ਡੀ ਐੱਮ, ਤੇ ਡੀ ਐੱਸ ਪੀ ਨੇ ਕੀਤਾ ਦੌਰਾ**





**ਧੂਰੀ (ਰਾਜੇਸ਼ਵਰ ਪਿੰਟੂ, ਬਿਨੀ ਗਰਗ)**-ਸਥਾਨਕ ਸ਼ਹਿਰ ਦੇ ਵਾਰਡ ਨੰਬਰ 20 ਅਜ਼ਾਦ ਨਗਰ ਵਿੱਚ ਬੀਤੀ ਕੱਲ੍ਹ ਰੇਲ ਗੱਡੀ ਦੀ ਧਮਕ ਨਾਲ ਚਾਰ ਮਕਾਨਾਂ ਦੀਆਂ ਛੱਤਾਂ ਗਿਰਨ, ਹੋਰ ਮਕਾਨਾਂ ਵਿੱਚ ਤਰੇੜਾਂ ਆਉਣ ਦਾ ਸਮਾਚਾਰ ਮਿਲਿਆ ਹੈ, ਪਰ ਕਿਸੇ ਵੀ ਜਾਨੀ ਨੁਕਸਾਨ ਤੋਂ ਬਚਾਅ ਰਿਹਾ, ਪਰ ਪਰਿਵਾਰਾਂ ਦੇ ਮਕਾਨਾਂ ਅੰਦਰ ਪਏ ਕਾਫੀ ਸਾਮਾਨ ਦਾ ਨੁਕਸਾਨ ਹੋ ਗਿਆ। ਮੁਹੱਲਾ ਨਿਵਾਸੀ ਸ਼ੀਲੋ, ਮੱਖਣੀ, ਪਾਸ਼ੀ, ਲਾਜ਼ੀ, ਜਗਦੀਸ਼ ਤੇ ਕੇਵਲ ਨੇ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਲਿਖੇ ਪੱਤਰ ਵਿੱਚ ਕਿਹਾ ਗਿਆ ਕਿ ਸਾਡੇ ਘਰਾਂ ਦੇ ਨੇੜੇ ਲੁਧਿਆਣਾ ਰੇਲਵੇ ਲਾਇਨ ਲੰਘਦੀ ਹੈ, ਜਦੋਂ ਕੋਈ ਵੀ ਰੇਲ ਗੱਡੀ ਇਥੋਂ ਲੰਘਦੀ ਹੈ ਤਾਂ ਸਾਡੇ ਘਰਾਂ ਵਿੱਚ ਜ਼ੋਰ ਨਾਲ 'ਧਮਕ' ਪੈਂਦੀ ਹੈ ਤੇ ਸਾਡੇ ਘਰ ਹਿੱਲਣ ਲੱਗ ਜਾਂਦੇ ਹਨ। ਲੰਘੀ 27 ਅਪ੍ਰੈਲ ਨੂੰ ਰੇਲ ਗੱਡੀ ਦੀ ਧਮਕ ਪੈਣ ਨਾਲ ਸਾਡੇ ਚਾਰ ਮਕਾਨਾਂ ਦੀਆਂ ਛੱਤਾਂ ਡਿੱਗ ਗਈਆਂ, ਬਾਕੀ ਮਕਾਨਾਂ ਵਿੱਚ ਤਰੇੜਾਂ ਆ ਗਈਆਂ ਤੇ ਕਈ ਝੁੱਗੀਆਂ ਵੀ ਨੁਕਸਾਨੀਆਂ ਗਈਆਂ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮਕਾਨਾਂ ਵਿੱਚ ਤਰੇੜਾਂ ਆਈਆਂ ਹਨ, ਉਹ ਮਕਾਨ ਵੀ ਕਿਸੇ ਵੇਲੇ ਗਿਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮਕਾਨ ਗਿਰਨ ਕਾਰਨ ਉਨ੍ਹਾਂ ਨੂੰ ਗਰਮੀ ਦੇ ਮੌਸਮ ਵਿੱਚ ਬਾਹਰ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਤੇ ਗਰੀਬੀ ਹੋਣ ਕਾਰਨ ਉਹ ਆਪਣੇ ਮਕਾਨਾਂ ਨੂੰ ਦੁਬਾਰਾ ਬਣਾਉਣ ਦੇ ਸਮੱਰਥ ਵੀ ਨਹੀਂ ਹਨ। ਉਨ੍ਹਾਂ ਘਰਾਂ ਦੀ ਉਸਾਰੀ ਲਈ ਮੁਆਵਜ਼ੇ ਦੀ ਮੰਗ ਕਰਦਿਆਂ ਉਨ੍ਹਾਂ ਦੇ ਮੁੜ ਵਸੇਬੇ ਦੀ ਗੱਲ ਵੀ ਆਖੀ।
ਮੌਕੇ 'ਤੇ ਮੌਜੂਦ ਨਗਰ ਕੌਂਸਲਰ ਨਰਪਿੰਦਰ ਸਿੰਘ ਗੋਰਾ ਨੇ ਪੀੜਤਾਂ ਨੂੰ ਵੱਧ ਤੋਂ ਵੱਧ ਮੁਆਵਜ਼ਾ ਦੇਣ ਦੀ ਅਪੀਲ ਕਰਦਿਆਂ ਪੀੜਤਾਂ ਦੀ ਬਾਂਹ ਫੜਨ ਦੀ ਮੰਗ ਕੀਤੀ। ਜਦੋਂ ਇਸ ਸਬੰਧੀ ਐੱਸ.ਡੀ.ਐੱਮ. ਧੂਰੀ ਅਮਿਤ ਗੁਪਤਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਡੀ.ਐੱਸ.ਪੀ. ਧੂਰੀ ਤੇ ਨਗਰ ਕੌਂਸਲ ਦੀ ਟੀਮ ਨਾਲ ਗਿਰੇ ਮਕਾਨਾਂ ਦਾ ਦੌਰਾ ਕੀਤਾ ਹੈ। ਹਾਦਸਾ ਵਾਪਰਨ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਰਿਪੋਰਟ ਬਣਾ ਕੇ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਭੇਜੀ ਜਾਵੇਗੀ ਅਤੇ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

# ਭਾਜਪਾ ਨੇ ਪੰਜਾਬ ਨੂੰ ਤਬਾਹ ਕਰਨ 'ਚ ਕੋਈ ਕਸਰ ਨਹੀਂ ਛੱਡੀ : ਅਮਰਜੀਤ ਕੌਰ ਸਾਹੋਕੇ

**■ ਕਾਂਗਰਸ ਉਮੀਦਵਾਰ ਬੀਬੀ ਸਾਹੋਕੇ ਦੇ ਹੱਕ 'ਚ ਚੋਣ ਜਲਸਾ**



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸਭਾ ਹਲਕਾ ਫਰੀਦਕੋਟ ਤੋਂ ਕਾਂਗਰਸ ਦੀ ਉਮੀਦਵਾਰ ਬੀਬੀ ਅਮਰਜੀਤ ਕੌਰ ਸਾਹੋਕੇ ਦੇ ਹੱਕ ਵਿੱਚ ਚੋਣ ਜਲਸਾ ਵਾਰਡ ਨੰ. 3 ਵਿਖੇ ਸੀਨੀਅਰ ਕਾਂਗਰਸੀ ਆਗੂ ਮਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਹਿਰ ਤੇ ਵੱਖ ਵੱਖ ਪਿੰਡਾਂ ਦੇ ਲੋਕਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਉਪਿੰਦਰ ਸਿੰਘ ਗਿੱਲ, ਹਲਕਾ ਇੰਚਾਰਜ ਰਜਿੰਦਰ ਛਾਬੜਾ, ਬਲਾਕ ਪ੍ਰਧਾਨ ਸਵਰਨ ਸਿੰਘ ਆਦੀਵਾਲ, ਕੌਂਸਲਰ ਕਮਲਪ੍ਰੀਤ ਕੌਰ, ਸੀਨੀਅਰ ਕਾਂਗਰਸੀ ਆਗੂ ਮਨਜੀਤ ਸਿੰਘ ਮਾਨ, ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਅਤੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਕਾਂਗਰਸ ਦੀ ਉਮੀਦਵਾਰ ਬੀਬੀ ਅਮਰਜੀਤ ਕੌਰ ਸਾਹੋਕੇ ਨੇ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬੀਆਂ ਨੂੰ ਸਬਜ਼ਬਾਗ ਦਿਖਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਜਿੱਥੇ ਪੰਜਾਬ ਦੇ ਸਮੁੱਚੇ ਵਿਭਾਗਾਂ 'ਚ ਭ੍ਰਿਸ਼ਟਾਚਾਰ ਤੇ ਨਸ਼ਿਆਂ ਦਾ ਬੋਲਬਾਲਾ ਹੈ, ਉਥੇ ਹੀ ਅਮਨ ਕਾਨੂੰਨ ਸਥਿਤੀ ਇਸ ਤਰ੍ਹਾਂ ਬਦ ਤੋਂ ਬਦਤਰ ਹੋ ਚੁੱਕੀ ਹੈ। ਸਰੇਆਮ ਗੈਂਗਸਟਰਾਂ ਵੱਲੋਂ ਫਿਰੌਤੀਆਂ ਵਸੂਲੀਆਂ ਜਾ ਰਹੀਆਂ ਹਨ ਤੇ ਕਤਲੋਗਾਰਦ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਮੋਦੀ ਸਰਕਾਰ ਵੱਲੋਂ ਪਿਛਲੇ ਦਸ ਸਾਲਾਂ ਵਿੱਚ ਦੇਸ਼ ਦੇ ਸਰਕਾਰੀ ਅਨੇਕਾਂ ਹੀ ਵਿਭਾਗਾਂ ਨੂੰ ਖਤਮ ਕਰਕੇ ਆਪਣੇ ਕੁੱਝ ਸਰਮਾਏਦਾਰ ਨਜ਼ਦੀਕੀਆਂ ਨੂੰ ਸੌਂਪਿਆ ਗਿਆ ਹੈ। ਉਨ੍ਹਾ ਕਿਹਾ ਕਿ ਪੰਜਾਬ ਸੂਰਬੀਰਾਂ, ਯੋਧਿਆਂ ਦੀ ਧਰਤੀ ਹੈ, ਜਿਨ੍ਹਾਂ ਨੇ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਕਰਵਾਇਆ ਤੇ ਹਰੀ ਕ੍ਰਾਂਤੀ ਲਿਆ ਕੇ ਦੇਸ਼ ਦਾ ਢਿੱਡ ਭਰਿਆ, ਪਰ ਮੋਦੀ ਸਰਕਾਰ ਵੱਲੋਂ ਕਿਸਾਨੀ ਨੂੰ ਤਬਾਹ ਕਰਨ ਵਾਲੇ ਕਾਲੇ ਕਾਨੂੰਨ ਲਾਗੂ ਕੀਤੇ। ਪੰਜਾਬ ਦੇ ਸੰਘਰਸ਼ਸ਼ੀਲ ਕਿਸਾਨਾਂ ਵੱਲੋਂ 7 ਸੌ ਤੋਂ ਵਧੇਰੇ ਸ਼ਹੀਦੀਆਂ ਦੇ ਕਾਲੇ ਕਾਨੂੰਨ ਰੱਦ ਕਰਵਾਏ ਗਏ। ਕਾਂਗਰਸੀ ਆਗੂਆਂ ਨੇ ਕਿਹਾ ਕਿ ਜਿਹੜੀ ਭਾਜਪਾ ਨੇ ਪੰਜਾਬ ਨੂੰ ਤਬਾਹ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ, ਹੁਣ ਉਸੇ ਭਾਜਪਾ ਵੱਲੋਂ ਪੰਜਾਬ ਵਿੱਚ ਆਪਣੇ ਉਮੀਦਵਾਰ ਉਤਾਰੇ ਗਏ ਹਨ, ਜੋ ਪੰਜਾਬ ਦੀ ਤਰੱਕੀ ਦੀਆਂ ਦੁਹਾਈਆਂ ਪਾ ਰਹੇ ਹਨ। ਕਾਂਗਰਸ ਦੀ ਉਮੀਦਵਾਰ ਬੀਬੀ ਅਮਰਜੀਤ ਕੌਰ ਸਾਹੋਕੇ ਨੇ ਕਿਹਾ ਕਿ ਮੈਂ ਫਰੀਦਕੋਟ ਦੀ ਧੀ, ਮੋਗਾ ਦੀ ਨੂੰਹ ਤੇ ਪਿਛਲੇ ਲੰਮੇ ਸਮੇਂ ਤੋਂ ਤੁਹਾਡੇ ਵਿੱਚ ਵਿਚਰ ਰਹੀ ਹਾਂ, ਜੇਕਰ ਤੁਸੀ ਮੈਨੂੰ ਜਿਤਾ ਕੇ ਪਾਰਲੀਮੈਂਟ ਵਿੱਚ ਭੇਜੋਗੇ ਤਾਂ ਮੇਰੀ ਉਹ ਵੋਟ ਮੋਦੀ ਸਰਕਾਰ ਨੂੰ ਦੇਸ਼ ਤੋਂ ਲਾਂਭੇ ਕਰਨ ਲਈ ਹੋਵੇਗੀ।

# ਮਾਤਾ ਸੁੰਦਰੀ ਗਰੁੱਪ ਦਾ ਬੀ ਐੱਡ ਨਤੀਜਾ ਰਿਹਾ ਸ਼ਾਨਦਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**
ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ ਢੱਡੇ ਦੀ ਸਾਖਾ ਮਾਤਾ ਸੁੰਦਰੀ ਗਰਲਜ ਕਾਲਜ ਆਫ਼ ਐਜੂਕੇਸ਼ਨ, ਢੱਡੇ ਦੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪਿਛਲੇ ਦਿਨੀਂ ਐਲਾਨੇ ਗਏ ਬੀ ਐੱਡ ਭਾਗ ਦੂਜਾ (ਸਮੈਸਟਰ ਤੀਜਾ) ਦਾ ਨਤੀਜਾ ਸ਼ਾਨਦਾਰ ਰਿਹਾ। ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ ਅਤੇ ਗੁਰਬਿੰਦਰ ਸਿੰਘ ਬੱਲੀ ਨੇ ਇਸ ਨਤੀਜੇ ਤੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਮਾਤਾ ਸੁੰਦਰੀ ਗਰੁੱਪ ਦੀ ਹਮੇਸ਼ਾ ਇਹੀ ਕੋਸ਼ਿਸ ਰਹੀ ਹੈ ਕਿ ਵਿਦਿਆਰਥੀਆਂ ਦੀ ਭਲਾਈ ਲਈ ਹਰ ਪੱਖੋਂ ਮੁਕੰਮਲ ਤੇ ਵਧੀਆਂ ਸਹੂਲਤਾਂ ਨਾਲ ਲੈੱਸ ਪੜ੍ਹਾਈ ਦੀਆਂ ਉਪਰਲੀਆਂ ਸਿਖਰਾਂ 'ਤੇ ਲਿਜਾਇਆ ਜਾਵੇ ਤਾਂ ਜੁ ਬੀ.ਐੱਡ ਦੀ ਟ੍ਰੇਨਿੰਗ ਤੋਂ ਬਾਅਦ ਵਿਦਿਆਰਥੀ ਸਕੂਲਾਂ ਤੇ ਕਾਲਜਾਂ ਵਿੱਚ ਜਾ ਕੇ ਵਧੀਆਂ ਨਤੀਜੇ ਦੇ ਸਕਣ ਅਜਿਹੇ ਅਧਿਆਪਕਾਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਦੇਣਾ ਸਾਡਾ ਮੁੱਖ ਮਕਸਦ ਹੈ। ਡਾਇਰੈਕਟਰ ਐਡਮਨਿਸਟੇਰਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਇਨ੍ਹਾਂ ਸ਼ਾਨਦਾਰ ਨਤੀਜਿਆਂ ਲਈ ਵਿਦਿਆਰਥਣਾਂ ਅਤੇ ਉਨ੍ਹਾ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਸੰਸਥਾ ਦੇ ਪਲੇਸਮੈਂਟ ਸੈੱਲ ਦੀ ਪੂਰੀ ਕੋਸ਼ਿਸ ਰਹੇਗੀ ਕਿ ਇਨ੍ਹਾਂ ਡਿਗਰੀ ਪ੍ਰਾਪਤ ਵਿਦਿਆਰਥੀਆਂ ਨੂੰ ਜਲਦ ਤੋਂ ਜਲਦ ਨੌਕਰੀਆਂ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਜਾਵੇ ਤਾਂ ਜੁ ਵਿਦਿਆਰਥੀ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ।ਉਨ੍ਹਾਂ ਕਿਹਾ ਕਿ ਸਾਨੂੰ ਪੂਰੀ ਉਮੀਦ ਹੈ ਕਿ ਇਸ ਵਾਰ ਦੇ ਨਤੀਜੇ ਵਿੱਚ ਸੰਸਥਾ ਦੀਆਂ ਵਿਦਿਆਰਥਣਾਂ ਯੂਨੀਵਰਸਿਟੀ ਮੈਰਿਟ ਵਿੱਚ ਸਥਾਨ ਹਾਸਲ ਕਰ ਸਕਦੀਆਂ ਹਨ।
ਸੰਸਥਾ ਦੇ ਪ੍ਰਿੰਸੀਪਲ ਪ੍ਰੋ. ਰਾਜ ਸਿੰਘ ਬਾਘਾ ਨੇ ਦੱਸਿਆ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਡੇ ਵਿਦਿਆਰਥੀਆਂ ਦਾ ਨਤੀਜਾ ਅੱਵਲ ਰਿਹਾ ਹੈ।ਉਨ੍ਹਾਂ ਕਿਹਾ ਕਿ ਸਮਾਜ ਵਿੱਚ ਅਧਿਆਪਕ ਦਾ ਰੁਤਬਾ ਹਮੇਸਾ ਹੀ ਵੱਡਾ ਹੈ ਕਿਉਂਕਿ ਅਧਿਆਪਕ ਹੀ ਸਾਡੇ ਸਮਾਜ ਨੂੰ ਸਹੀ ਦਿਸ਼ਾ ਦੇਣ ਲਈ ਵਿਦਿਆਰਥੀਆਂ ਦਾ ਚਾਨਣ ਮੁਨਾਰਾ ਹੁੰਦਾ ਹੈ।ਬੀ.ਐੱਡ ਵਿਭਾਗ ਦੇ ਮੁਖੀ ਪ੍ਰੋ. ਵੀਰਪਾਲ ਕੌਰ ਨੇ ਦੱਸਿਆ ਕਿ ਸਾਡੇ ਬੀ.ਐੱਡ ਵਿਭਾਗ ਦੀਆਂ ਬਹੁਤ ਹੀ ਹੋਣਹਾਰ 10 ਵਿਦਿਆਰਥਣਾਂ ਅਰਸ਼ਦੀਪ ਕੌਰ, ਅਮਨਦੀਪ ਕੌਰ, ਬੇਅੰਤ ਕੌਰ, ਗੁਰਪ੍ਰੀਤ ਕੌਰ, ਜਸਮੀਨ ਕੌਰ, ਖੁਸ਼ਪ੍ਰੀਤ ਕੌਰ, ਕਮਲਦੀਪ ਕੌਰ, ਲਭਪ੍ਰੀਤ ਕੌਰ, ਰੁਚਿਕਾ ਅਤੇ ਸੋਮਨਜੀਤ ਕੌਰ ਨੇ ਕ੍ਰਮਵਾਰ 95.33% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਤਿੰਨ ਵਿਦਿਆਰਥਣਾਂ ਅਮਨਜੋਤ ਕੌਰ, ਜਸਪ੍ਰੀਤ ਕੌਰ, ਮੋਨਿਕਾ ਰਾਣੀ ਨੇ 94.66% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ 5 ਵਿਦਿਆਰਥਣਾਂ ਬੇਅੰਤ ਕੌਰ, ਆਯੂਸਿਕੀ ਗਰਗ, ਹਰਨੀਤ ਕੌਰ, ਨੀਸ਼ੂ ਅਤ ਵੰਸਿਕਾਂ ਨੇ 93.66% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕੀਤਾ।ਸੰਸਥਾ ਦੇ ਖ਼ਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਤੇ ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਨੇ ਸਮੂਹ ਸਟਾਫ਼ ਤੇ ਵਿਦਿਆਰਥਣਾਂ ਨੂੰ ਸ਼ੁਭਇਛਾਵਾਂ ਦਿੱਤੀਆਂ ਅਤੇ ਇਸ ਸ਼ਾਨਦਾਰ ਨਤੀਜੇ ਦੀ ਵਧਾਈ ਦਿੱਤੀ।ਇਸ ਮੌਕੇ ਦੀ ਪੋਲਰ ਸਟਾਰ ਸਕੂਲ ਦੇ ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ, ਪ੍ਰੋ. ਅਸ਼ੀਸ ਤਿਵਾਰੀ (ਮੁਖੀ ਆਈ.ਟੀ ਸੈੱਲ), ਪ੍ਰੋ. ਗੁਰਕੀਰਤ ਸਿੰਘ (ਮੁਖੀ ਸਾਇੰਸ ਵਿਭਾਗ), ਪ੍ਰੋ. ਅਮਨਦੀਪ ਕੌਰ (ਐਜੂਕੇਸ਼ਨ), ਜਸਵਿੰਦਰ ਸਿੰਘ (ਮੁਖੀ ਫ਼ਿਜ਼ੀਕਲ ਵਿਭਾਗ), ਪ੍ਰੋ. ਹਰਸ਼ ਰਾਣੀ (ਮੁਖੀ ਕਮਰਸ ਵਿਭਾਗ), ਪ੍ਰੋ. ਗੁਰਪ੍ਰੀਤ ਕੌਰ (ਗਣਿਤ ਵਿਭਾਗ), ਪ੍ਰੋ. ਰਣਜੀਤ ਕੌਰ (ਮੁਖੀ ਕੰਪਿਊਟਰ ਵਿਭਾਗ), ਪ੍ਰੋ. ਰਾਜਵਿੰਦਰ ਕੌਰ (ਮੁਖੀ ਸਮਾਜ ਸਾਸਤਰ ਵਿਭਾਗ), ਪ੍ਰੋ. ਸ਼ਾਮ ਲਾਲ (ਪੰਜਾਬੀ ਵਿਭਾਗ), ਪ੍ਰੋ. ਸੋਨਦੀਪ ਕੌਰ (ਮੁਖੀ ਐਫ.ਟੀ ਵਿਭਾਗ), ਪ੍ਰੋ. ਰਵਿੰਦਰ ਕੁਮਾਰ (ਮੁਖੀ ਹਿੰਦੀ ਵਿਭਾਗ), ਵੀਰਇੰਦਰ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਅਰੁਣ ਕੁਮਾਰ ਹਾਜ਼ਰ ਸਨ।

# ਇਲਾਕਾ ਵਿਕਾਸ ਕਮੇਟੀ ਦੀ ਮੀਟਿੰਗ

**ਬਰੇਟਾ (ਗੋਬਿੰਦ ਸ਼ਰਮਾ)**
ਇੱਥੇ ਇਲਾਕਾ ਵਿਕਾਸ ਕਮੇਟੀ ਦੀ ਇੱਕ ਮੀਟਿੰਗ ਹੋਈ।ਇਸ ਵਿੱਚ ਇਲਾਕੇ ਦੀਆਂ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਕਮੇਟੀ ਆਗੂਆਂ ਨੇ ਲੋਕ ਸਭਾ ਚੋਣਾਂ ਦੌਰਾਨ ਆਪਣੀ ਸਰਗਰਮੀ ਦੇ ਹਿੱਸੇ ਵਜੋਂ ਇਲਾਕੇ ਦੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਚੋਣ ਲੜ ਰਹੇ ਉਮੀਦਵਾਰਾਂ ਨੂੰ ਦੇਣ ਦਾ ਐਲਾਨ ਕੀਤਾ।ਮੀਟਿੰਗ ਦੌਰਾਨ ਇਸ ਗੱਲ 'ਤੇ ਸਹਿਮਤੀ ਸੀ ਕਿ ਬਰੇਟਾ ਇਲਾਕਾ ਵਿਕਾਸ ਕਾਰਜਾਂ ਪੱਖੋਂ ਅਣਗੌਲਿਆ ਰਿਹਾ ਹੈ।ਇਲਾਕੇ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਜਿਵੇਂ ਰੇਲਵੇ ਓਵਰ ਬ੍ਰਿਜ, ਸਕੂਲਾਂ ਵਿੱਚ ਸਾਇੰਸ ਪੜ੍ਹਨ ਲਈ ਪੂਰੀਆਂ ਸਹੂਲਤਾਂ, ਗੋਬਿੰਦਪੁਰਾ ਥਰਮਲ ਪਲਾਂਟ ਦੀ ਥਾਂ 'ਤੇ ਕੋਈ ਰੁਜ਼ਗਾਰ ਮੁਖੀ ਪ੍ਰੋਜੈਕਟ ਲਗਾਉਣਾ, ਟੇਲਾਂ ਤੱਕ ਪੂਰਾ ਨਹਿਰੀ ਪਾਣੀ ਦੇਣਾ, ਖੇਡ ਅਕੈਡਮੀ ਸਥਾਪਤ ਕਰਨਾ, ਸਬ ਤਹਿਸੀਲ ਬਰੇਟਾ ਸ਼ਹਿਰ ਵਿੱਚ ਲਿਆਉਣਾ, ਡੀ ਏ ਵੀ ਸਕੂਲ ਵਾਲੀ ਥਾਂ 'ਤੇ ਮਿੰਨੀ ਸਕੱਤਰੇਤ ਬਣਾਉਣਾ ਆਦਿ ਵੱਲ ਕਿਸੇ ਵੀ ਸਰਕਾਰ ਨੇ ਧਿਆਨ ਨਹੀਂ ਦਿੱਤਾ।ਇਨ੍ਹਾਂ ਮੰਗਾਂ ਸਬੰਧੀ ਚੋਣ ਲੜ ਰਹੇ ਉਮੀਦਵਾਰਾਂ ਨਾਲ ਵਿਚਾਰ ਚਰਚਾ ਕੀਤੀ ਜਾਵੇਗੀ ਅਤੇ ਮੰਗ ਪੱਤਰ ਤੇ ਲਿਖਤੀ ਵਾਅਦਾ ਲਿਆ ਜਾਵੇਗਾ।ਇਸ ਸਮੇਂ ਹੋਰਨਾਂ ਤੋਂ ਇਲਾਵਾ ਦਸੌਂਧਾ ਸਿੰਘ ਬਹਾਦਰਪੁਰ, ਜਗਜੀਤ ਗੋਬਿੰਦਪੁਰਾ, ਗੁਰਤੇਜ ਖੁੜਾਲ, ਅੰਮ੍ਰਿਤ ਪਾਲ ਨੰਬਰਦਾਰ, ਗਮਦੂਰ ਨੰਬਰਦਾਰ, ਸੋਮੇਸ਼ ਬਾਲੀ ਬਰੇਟਾ, ਜੋਗਿੰਦਰ ਕਮਲ, ਸੰਜੀਵ ਗੋਇਲ, ਖੇਮ ਚੰਦ ਬਰੇਟਾ ਆਦਿ ਆਗੂ ਹਾਜ਼ਰ ਸਨ।

# ਪੰਜਾਬ ਵਿਰੋਧੀ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਨੂੰ ਪੰਜਾਬੀ ਇਨ੍ਹਾਂ ਚੋਣਾਂ 'ਚ ਨਕਾਰਨ : ਉਮੈਦਪੁਰੀ



**ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉੱਪਲ)**
ਹਮੇਸ਼ਾ ਹੀ ਪੰਜਾਬ ਤੇ ਪੰਜਾਬੀਆਂ ਦੇ ਵਿਰੁੱਧ ਰਹੀਆਂ ਦਿੱਲੀ ਤੋਂ ਚੱਲਣ ਵਾਲੀਆਂ ਰਾਜਨੀਤਕ ਪਾਰਟੀਆਂ ਨੂੰ ਇਨ੍ਹਾਂ ਚੋਣਾਂ ਵਿੱਚ ਲੋਕ ਵੱਡੇ ਪੱਧਰ 'ਤੇ ਨਕਾਰਦੇ ਹੋਏ ਪੰਜਾਬ ਹਿਤੈਸ਼ੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀਆਂ ਜਿੱਤਾਂ ਦਰਜ ਕਰਾਉਣ।ਇਸ ਗੱਲ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਦੇ ਅਬਜ਼ਰਵਰ ਜਥੇਦਾਰ ਸੰਤਾ ਸਿੰਘ ਉਮੈਦਪੁਰ, ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਮੰਡੀ ਗੋਬਿੰਦਗੜ੍ਹ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਭਰਵੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕੀਤਾ।ਇਨ੍ਹਾਂ ਮੀਟਿੰਗਾਂ ਨੂੰ ਸੂਬਾ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਕਰਮਜੀਤ ਸਿੰਘ ਭਗੜਾਣਾ, ਸੂਬਾ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਭਾਂਬਰੀ, ਸਾਬਕਾ ਕੌਂਸਲਰ ਬਲਦੇਵ ਸਿੰਘ ਭੰਗੂ, ਜਥੇਦਾਰ ਨਾਜ਼ਰ ਸਿੰਘ ਮੰਡੀ, ਜ਼ਿਲ੍ਹਾ ਪ੍ਰਧਾਨ ਬੀ.ਸੀ ਵਿੰਗ ਗੁਰਪ੍ਰੀਤ ਸਿੰਘ ਨੋਨੀ, ਸੀਨੀਅਰ ਆਗੂ ਫੋਰਮੈਨ ਬਲਵੀਰ ਸਿੰਘ ਸਿੱਧੂ, ਜਥੇਦਾਰ ਕੁਲਵਿੰਦਰ ਸਿੰਘ ਭੰਗੂ, ਹਲਕਾ ਆਬਜ਼ਰਵਰ ਜਤਿੰਦਰ ਸਿੰਘ ਧਾਲੀਵਾਲ, ਜਥੇਦਾਰ ਜਰਨੈਲ ਸਿੰਘ ਮਾਜਰੀ, ਡਾ. ਅਰਜੁਨ ਸਿੰਘ ਪ੍ਰਧਾਨ, ਬਾਬਾ ਨਿਸ਼ਾਨ ਸਿੰਘ, ਸੀਨੀਅਰ ਆਗੂ ਅਜੀਤ ਸਿੰਘ ਬੰਟੀ, ਬਲਵਿੰਦਰ ਸਿੰਘ ਸ਼ਾਂਤੀ ਨਗਰ, ਬੀਬੀ ਰੁਪਿੰਦਰ ਕੌਰ ਮੰਡੀ, ਬੀਬੀ ਪੂਨਮ ਗੋਸਾਈ, ਬੀਬੀ ਸੁਖਵਿੰਦਰ ਕੌਰ ਸੁੱਖੀ ਆਦਿ ਨੇ ਸੰਬੋਧਨ ਕੀਤਾ। ਰਾਜੂ ਖੰਨਾ ਨੇ ਅਪੀਲ ਕੀਤੀ ਕਿ ਉਹ ਇੰਡਸਟਰੀ ਨੂੰ ਪ੍ਰਫੁੱਲਤ ਕਰਨ ਲਈ ਤੇ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੂੰ ਵੱਡੀ ਜਿੱਤ ਦਰਜ ਕਰਾਉਣ ਤਾਂ ਜੁ ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਦੀ ਅਵਾਜ਼ ਦਿੱਲੀ ਦੀ ਸੰਸਦ ਵਿੱਚ ਗੂੰਜ ਸਕੇ। ਗੁਰਪ੍ਰੀਤ ਸਿੰਘ ਰਾਜੂ ਖੰਨਾ ਦੀ ਅਗਵਾਈ ਵਿੱਚ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਵੱਲੋਂ ਮੰਡੀ ਗੋਬਿੰਦਗੜ੍ਹ ਦੇ ਵਾਰਡ 1, 2, 22, 23 ਤੇ 29 ਵਿੱਚ ਜਿਥੇ ਭਰਵੀਆਂ ਮੀਟਿੰਗਾਂ ਕੀਤੀਆਂ ਉਥੇ ਵੱਖ-ਵੱਖ ਵਾਰਡਾਂ ਵਿੱਚ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੂੰ ਲੱਡੂਆਂ ਨਾਲ ਵੀ ਤੋਲਿਆ ਗਿਆ।ਇਨ੍ਹਾਂ ਮੀਟਿੰਗਾਂ ਵਿੱਚ ਹਲਕਾ ਅਬਜ਼ਰਵਰ ਜਥੇਦਾਰ ਹਰਬੰਸ ਸਿੰਘ ਬਡਾਲੀ, ਸੂਬਾ ਸਲਾਹਕਾਰ ਅਮਰਦੀਪ ਸਿੰਘ ਪ੍ਰਿਸ ਛੱਤਵਾਲ, ਜਥੇਦਾਰ ਹਰਮੀਤ ਸਿੰਘ ਖਾਲਸਾ, ਸੱਤਪਾਲ ਸਿੰਘ ਸੱਤਾ, ਰੌਸ਼ਨ ਸਿੰਘ ਮੰਡੀ, ਚਰਨਜੀਤ ਸਿੰਘ ਚੰਨਾ, ਬੀਬੀ ਦਿਆਵੰਤੀ, ਸਾਬਕਾ ਕੌਂਸਲਰ ਬਿਕਰਮ ਸਿੰਘ ਬੀਕਾ, ਰਵਿੰਦਰਜੀਤ ਸਿੰਘ ਭੰਗੂ, ਗੁਰਜੀਤ ਸਿੰਘ ਮੰਗਾ, ਨਿਰਮਲ ਸਿੰਘ, ਹਰਪਾਲ ਸਿੰਘ ਮੰਗੋ, ਸਤਨਾਮ ਸਿੰਘ ਡਡਹੇੜੀ, ਕੇਸਰ ਸਿੰਘ, ਹਰਜੀਤ ਸਿੰਘ ਸੋਨੂੰ, ਅਵਤਾਰ ਸਿੰਘ ਰਿੰਕੂ, ਨੀਲਾ ਇਕਬਾਲ ਨਗਰ, ਅਮਰੀਕ ਸਿੰਘ, ਡਾ ਮਨਜੀਤ ਸਿੰਘ, ਗੁਰਪ੍ਰੀਤ ਸਿੰਘ, ਜਸਪਾਲ ਸਿੰਘ ਬਿੱਟੂ, ਨਿਰਭੈ ਸਿੰਘ ਫੋਰਮੈਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

# ਵਿਸ਼ੇਸ਼ਪਾਲ ਸਿੰਘ ਭਾਟੀਆ ਦੀ ਯਾਦ 'ਚ ਪ੍ਰੇਰਨਾ ਦਿਵਸ ਹੋਇਆ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**
ਸੰਤ ਨਿਰੰਕਾਰੀ ਸਤਿਸੰਗ ਭਵਨ ਬ੍ਰਾਂਚ ਵਿਖੇ ਵਿਸ਼ੇਸ਼ਪਾਲ ਸਿੰਘ ਭਾਟੀਆ, ਜੋ ਬ੍ਰਹਮਲੀਨ ਹੋ ਗਏ ਸਨ। ਉਨ੍ਹਾਂ ਦੀ ਯਾਦ ਵਿੱਚ ਪ੍ਰੇਰਣਾ ਦਿਵਸ ਮਨਾਇਆ ਗਿਆ।ਇਸ ਸ਼ਰਧਾਂਜਲੀ ਸਮਾਰੋਹ ਦੇ ਵਿੱਚ ਸਤਿਗੁਰ ਮਾਤਾ ਸੁਦੀਕਸ਼ਾ ਜੀ ਮਹਾਰਾਜ ਦਾ ਸੰਦੇਸ਼ ਦੇਣ ਲਈ ਪਰਮ ਸਤਿਕਾਰਯੋਗ ਐਚ.ਐਸ. ਚਾਵਲਾ ਜੀ ਮੈਂਬਰ ਇੰਚਾਰਜ ਪ੍ਰਚਾਰ ਪ੍ਰਸਾਰ ਵਿਭਾਗ ਦਿੱਲੀ ਤੋ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ। ਉਹਨਾਂ ਨੇ ਪ੍ਰਵਚਨਾ ਵਿੱਚ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦਾ ਆਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਵਿਸ਼ੇਸ਼ਪਾਲ ਸਿੰਘ ਭਾਟੀਆ ਪ੍ਰਮਾਤਮਾ ਨੂੰ ਜਾਣ ਕੇ ਆਪਣਾ ਜੀਵਨ ਸੇਵਾ , ਸਿਮਰਨ, ਸਤਿਸੰਗ ਕਰਦੇ ਹੋਏ, ਹਰ ਇੱਕ ਨਾਲ ਪਿਆਰ, ਸਤਿਕਾਰ, ਨਿਮਰਤਾ ਦੀ ਭਾਵਨਾ ਨਾਲ ਕਾਫੀ ਲੰਮਾ ਅਰਸਾ ਸੰਤ ਨਿਰੰਕਾਰੀ ਮਿਸ਼ਨ ਬ੍ਰਾਂਚ ਫਰੀਦਕੋਟ ਦੇ ਸੰਯੋਜਕ ਦੀ ਸੇਵਾ ਨਿਭਾਅ ਕੇ ਜੀਵਨ ਸਫਲ ਕਰਕੇ ਗਏ ਹਨ। ਸਾਨੂੰ ਵੀ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਮਾਨਵਤਾ ਦੇ ਭਲੇ ਲਈ ਜੀਵਨ ਬਤੀਤ ਕਰਨਾ ਚਾਹੀਦਾ ਹੈ।ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ, ਪੰਜਾਬ ਦੀਆ ਵੱਖ-ਵੱਖ ਬ੍ਰਾਂਚਾਂ ਤੋਂ ਮੁਖੀ, ਸੰਯੋਜਕ, ਖੇਤਰੀ ਸੰਚਾਲਕ , ਸ਼ਿਖਸ਼ਕ, ਰਿਸ਼ਤੇਦਾਰ, ਦੋਸਤ, ਮਿੱਤਰ, ਸ਼ਹਿਰ ਨਿਵਾਸੀ, ਧਾਰਮਿਕ, ਸਮਾਜਿਕ, ਰਾਜਨੀਤਕ ਆਗੂ ਪਹੁੰਚੇ ਹੋਏ ਸਨ।ਅੰਤ ਪਰਵਾਰ ਵੱਲੋਂ ਐਚ.ਐਸ.ਉਪਾਸ਼ਕ ਜੀ (ਇੰਗਲੈਂਡ) ਵਾਲਿਆਂ ਵਲੋਂ ਸਰਬੱਤ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ।

# ਕੌਮਾਂਤਰੀ ਦਿਵਸ ਮਨਾਉਣ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ ਹੋਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਕੌਮਾਂਤਰੀ ਮਈ ਦਿਵਸ ਮਨਾਉਣ ਦੀ ਤਿਆਰੀ ਸਬੰਧੀ ਮੀਟਿੰਗ ਰਾਜ ਮਿਸਤਰੀ ਯੂਨੀਅਨ ਦੇ ਪ੍ਰਧਾਨ ਹਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਮਿਹਨਤਕਸ਼ ਲੋਕਾਂ ਨੂੰ ਇੱਕ ਮਈ ਨੂੰ ਸਵੇਰੇ 10 ਵਜੇ ਨੇੜੇ ਮੌੜ ਚੌਂਕ ਬਿਜਲੀ ਦਫ਼ਤਰ ਰਾਮਪੁਰਾ ਵਿਖੇ ਕਾਫ਼ਲੇ ਬੰਨ੍ਹ ਕੇ ਪਹੁੰਚਣ ਦਾ ਸੱਦਾ ਦਿੱਤਾ ਗਿਆ ਤੇ ਕਿਹਾ ਕਿ ਮਜ਼ਦੂਰਾਂ ਨੇ 8 ਘੰਟੇ ਕੰਮ ਕਰਨ ਤੇ ਹੋਰ ਮੰਗਾਂ ਦੀ ਮੰਗ ਸਬੰਧੀ ਮਈ 1886 ਵਿੱਚ ਕੁਰਬਾਨੀਆਂ ਦਿੱਤੀਆਂ ਸਨ ਤੇ ਸਰਮਾਏਦਾਰੀ ਤੋਂ ਆਪਣੀਆਂ ਹੱਕੀ ਮੰਗਾਂ ਮਨਵਾਈਆਂ ਸਨ, ਪਰ ਮੌਕੇ ਦੀਆਂ ਹਕੂਮਤਾਂ ਤੇ ਕੇਂਦਰ ਸਰਕਾਰ ਵੱਲੋਂ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਤਹਿਤ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਮਜ਼ਦੂਰ ਵਿਰੋਧੀ ਵਿਰੋਧੀ ਅਤੇ ਸਰਮਾਏਦਾਰ ਪੱਖੀ ਫ਼ੈਸਲੇ ਲਾਗੂ ਕੀਤੇ ਜਾ ਰਹੇ ਹਨ ਅਤੇ ਕੰਮ ਦਾ ਸਮਾਂ ਵੀ 12 ਘੰਟੇ ਕੀਤਾ ਗਿਆ ਹੈ ਤੇ ਮਜ਼ਦੂਰਾਂ ਨੂੰ ਆਪਣੀ ਕਿਰਤ ਨੂੰ ਬਚਾਉਣ ਲਈ ਜਥੇਬੰਦ ਹੋਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਜਗਜੀਤ ਸਿੰਘ ਲਹਿਰਾ, ਹਰਮੇਸ਼ ਕੁਮਾਰ ਰਾਮਪੁਰਾ, ਜਗਦੀਸ਼ ਸਿੰਘ ਰਾਮਪੁਰਾ, ਮਜਦੂਰ ਗੁਰਜੰਟ ਸਿੰਘ, ਮਹਿੰਦਰ ਸਿੰਘ, ਕਾਕਾ ਸਿੰਘ, ਨੱਥਾ ਸਿੰਘ, ਲਾਲ ਸਿੰਘ ਬਾਠ, ਰਾਮ ਸਿੰਘ ਮੌਜੂਦ ਸਨ।ਮਈ ਦਿਵਸ 'ਤੇ ਇਨਕਲਾਬੀ ਕੇਂਦਰ ਪੰਜਾਬ ਇਲਾਕਾ ਰਾਮਪੁਰਾ, ਭੱਠਾ ਮਜ਼ਦੂਰ ਯੂਨੀਅਨ, ਰਾਜ ਮਜਦੂਰ ਯੂਨੀਅਨ, ਤਰਕਸ਼ੀਲ ਸੁਸਾਇਟੀ, ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ, ਬੀਕੇ ਡਕੌਂਦਾ ਧਨੇਰ ਯੂਨੀਅਨ, ਜਮਹੂਰੀ ਅਧਿਕਾਰ ਸਭਾ, ਟੈਕਨੀਕਲ ਸਰਵਿਸ ਯੂਨੀਅਨ, ਡੀ ਟੀ ਐਫ ਅਧਿਆਪਕ ਯੂਨੀਅਨ, ਇੰਪਲਾਈ ਫੈਡਰੇਸ਼ਨ ਪਹਿਲਵਾਨ, ਪੈਨਸ਼ਨਰ ਯੂਨੀਅਨ ਬਿਜਲੀ ਬੋਰਡ, ਜਥੇਬੰਦੀਆਂ ਵੀ ਸ਼ਾਮਲ ਹੋਣਗੀਆਂ ਅਤੇ ਹੋਰ ਵੀ ਭਰਾਤਰੀ ਜਥੇਬੰਦੀਆਂ ਤੇ ਇਲਾਕਾ ਨਿਵਾਸੀਆਂ ਨੂੰ ਮਈ ਦਿਵਸ ਤੇ 1 ਮਈ ਨੂੰ 10 ਵਜੇ ਸਵੇਰੇ ਪਹੁੰਚਣ ਦਾ ਸੱਦਾ ਦਿੱਤਾ ਹੈ।

# ਯੂਥ ਵੈੱਲਫੇਅਰ ਕਲੱਬ ਨੇ ਸਥਾਪਨਾ ਦਿਵਸ ਮੌਕੇ ਜਾਗਰਣ ਕਰਵਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਯੂਥ ਵੈੱਲਫੇਅਰ ਕਲੱਬ ਨੇ 13ਵੇਂ ਸਥਾਪਨਾ ਦਿਵਸ ਮੌਕੇ ਚਿੰਤਪੁਰਨੀ ਧਾਮ ਵਿਖੇ ਮਾਂ ਭਗਵਤੀ ਦਾ ਜਾਗਰਣ ਕਰਵਾਇਆ ਗਿਆ। ਸਭ ਤੋਂ ਪਹਿਲਾਂ ਮੋਗਾ ਹਲਕੇ ਦੀ ਵਿਧਾਇਕਾ ਡਾ: ਅਮਨਦੀਪ ਕੌਰ ਅਰੋੜਾ, ਕਲੱਬ ਦੇ ਸਰਪ੍ਰਸਤ ਤੇ ਡਿਪਟੀ ਮੇਅਰ ਅਸ਼ੋਕ ਧਮੀਜਾ, ਪ੍ਰਧਾਨ ਨੀਰਜ ਬਠਲਾ ਤੇ ਹੋਰ ਅਧਿਕਾਰੀਆਂ ਨੇ ਮਾਂ ਭਗਵਤੀ ਦੇ ਦਰਬਾਰ 'ਚ ਦੀਪਕ ਜਗਾਉਣ ਦੀ ਰਸਮ ਅਦਾ ਕੀਤੀ। ਇਸ ਦੌਰਾਨ ਹਲਕਾ ਵਿਧਾਇਕ ਡਾ: ਅਮਨਦੀਪ ਕੌਰ ਅਰੋੜਾ ਨੇ ਮੋਗਾ ਯੂਥ ਵੈੱਲਫੇਅਰ ਕਲੱਬ ਵੱਲੋਂ ਕਰਵਾਏ ਧਾਰਮਿਕ ਸਮਾਗਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕਲੱਬ ਵੱਲੋਂ 13 ਸਾਲਾਂ ਤੋਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਣ ਸਮੇਤ ਆਰਥਿਕ ਸਹਾਇਤਾ ਦਿੱਤੀ ਜਾ ਰਹੀ ਹੈ, ਜਿਸ ਦੀ ਸ਼ਲਾਘਾ ਕੀਤੀ ਜਾ ਸਕਦੀ ਹੈ। ਇਸ ਜਾਗਰਣ ਦੌਰਾਨ ਸ਼ੀਤਲਾ ਦੁਰਗਾ ਭਜਨ ਮੰਡਲੀ ਮੋਗਾ ਵੱਲੋਂ ਗਣਪਤੀ ਦੀ ਪੂਜਾ ਕਰਕੇ ਜਾਗਰਣ ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਗੌਤਮ ਜਲੰਧਰੀ ਨੇ ਰੰਗ ਬਰਸੇ ਦਰਬਾਰ ਮਾਈਆ ਰੰਗ ਬਰਸੇ, ਚਲੋ ਬੁਲਾਵਾ ਆਇਆ ਹੈ, ਮਾਤਾ ਨੇ ਬੁਲਾ ਹੈ ਆਦਿ ਗੀਤ ਗਾ ਕੇ ਸਾਰਿਆਂ ਨੂੰ ਮੰਤਰਮੁਗਧ ਕਰ ਦਿੱਤਾ। ਇਸ ਦੌਰਾਨ ਹਲਕਾ ਵਿਧਾਇਕ ਡਾ: ਅਮਨਦੀਪ ਕੌਰ ਅਰੋੜਾ ਨੂੰ ਸਿਰੋਪਾਓ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਜਾਗਰਣ ਦੌਰਾਨ ਮਾਂ ਭਗਵਤੀ ਦੀ ਆਰਤੀ ਕਰਕੇ ਲੰਗਰ ਪ੍ਰਸ਼ਾਦ ਅਤੁੱਟ ਵਰਤਾਇਆ ਗਿਆ। ਇਸ ਮੌਕੇ ਕਲੱਬ ਦੇ ਸਰਪ੍ਰਸਤ ਅਸ਼ੋਕ ਧਮੀਜਾ ਤੇ ਪ੍ਰਧਾਨ ਨੀਰਜ ਬਠਲਾ ਨੇ ਦੱਸਿਆ ਕਿ ਕਲੱਬ ਵੱਲੋਂ ਪਿਛਲੇ 13 ਸਾਲਾਂ ਤੋਂ ਲੋੜਵੰਦ ਪਰਿਵਾਰਾਂ ਨੂੰ ਹਰ ਮਹੀਨੇ ਰਾਸ਼ਨ ਵੰਡ ਕੇ ਉਨ੍ਹਾਂ ਦੀ ਆਰਥਿਕ ਮਦਦ ਕੀਤੀ ਜਾ ਰਹੀ ਹੈ ਤੇ ਕਲੱਬ ਵੱਲੋਂ ਸਮਾਜ ਸੇਵੀ ਕਾਰਜ ਲਗਾਤਾਰ ਜਾਰੀ ਹਨ। ਇਸ ਮੌਕੇ ਦੀਪਕ ਮਿਗਲਾਨੀ, ਸੰਦੀਪ ਗਰਗ, ਡਿੰਪਲ ਰਾਜਦੇਵ, ਪ੍ਰਭਜੋਤ ਸਿੰਘ ਗਿੱਲ, ਸਮਰਾ ਲਾਲ ਕਾਲੀ, ਸੁਰੇਸ਼ ਮਿੱਢਾ, ਸੰਜੇ ਕੋਛੜ, ਗੁਲਸ਼ਨ ਅਰੋੜਾ, ਜਤਿੰਦਰ ਜੱਸਾ, ਬਿੱਲਾ ਧਮੀਜਾ, ਬੰਟੀ ਪੋਪਲੀ, ਵਿਕਾਸ ਜਿੰਦਲ, ਦੀਪਕ ਕਾਲੜਾ, ਮੋਹਿਤ ਮਿਗਲਾਨੀ, ਵਿਪਨ ਮਿਗਲਾਨੀ।

# ਯਾਦਗਾਰੀ ਹੋ ਨਿੱਬੜਿਆ ਮਾਲਵਾ ਲਿਖਾਰੀ ਸਭਾ ਦਾ ਕਵੀ ਦਰਬਾਰ



**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦਾ ਮਹੀਨਾਵਾਰ ਸਮਾਗਮ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਦੀ ਪ੍ਰਧਾਨਗੀ ਵਿੱਚ ਹੋਇਆ ਤੇ ਪ੍ਰਧਨਾਗੀ ਮੰਡਲ ਵਿੱਚ ਉਨ੍ਹਾਂ ਨਾਲ ਰਜਿੰਦਰ ਸਿੰਘ ਰਾਜਨ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:), ਉੱਘੇ ਗ਼ਜ਼ਲਕਾਰ ਡਾ. ਪਰਮਜੀਤ ਸਿੰਘ ਦਰਦੀ ਅਤੇ ਸਭਾ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਲੋਟੇ ਸ਼ਾਮਲ ਹੋਏ।ਹਾਜ਼ਰ ਸਾਹਿਤਕਾਰਾਂ ਵੱਲੋਂ ਵਿਸਾਖੀ ਦੇ ਇਨਕਲਾਬੀ ਦਿਹਾੜੇ ਨਾਲ ਜੁੜੇ ਗੌਰਵਮਈ ਇਤਿਹਾਸ ਬਾਰੇ ਵਿਸਥਾਰ ਪੂਰਬਕ ਚਰਚਾ ਕੀਤੀ ਗਈ।ਪ੍ਰਸਿੱਧ ਸਿੱਖ ਚਿੰਤਕ ਸੁਰਿੰਦਰਪਾਲ ਸਿੰਘ ਸਿਦਕੀ ਵਧੀਕ ਚੀਫ਼ ਸਕੱਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਕਿਹਾ ਕਿ ਖਾਲਸਾ ਸਾਜਨਾ ਦਿਵਸ ਦੀ ਘਟਨਾ ਨੇ ਦਇਆ, ਧਰਮ, ਮੋਹਕਮ, ਹਿੰਮਤ ਤੇ ਸਾਹਿਬ ਦੇ ਰੂਪ ਵਿੱਚ ਮਾਨਵੀ ਜੀਵਨ ਮੁੱਲਾਂ ਦੇ ਬ੍ਰਹਿਮੰਡੀ ਸਿਧਾਂਤ ਨੂੰ ਅਮਲੀ ਰੂਪ ਵਿੱਚ ਰੂਪਮਾਨ ਕੀਤਾ।ਰਜਿੰਦਰ ਸਿੰਘ ਰਾਜਨ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਲੋਕ ਹਿਤੈਸ਼ੀ ਕਦਮ ਨੇ ਦੱਬੇ-ਕੁਚਲੇ ਲੋਕਾਂ ਵਿੱਚ ਸਾਮਰਾਜ ਦੀਆਂ ਚੂਲਾਂ ਹਿਲਾਉਣ ਦੀ ਹਿੰਮਤ ਅਤੇ ਦਲੇਰੀ ਭਰ ਦਿੱਤੀ।ਕਰਮ ਸਿੰਘ ਜ਼ਖ਼ਮੀ ਨੇ ਕਿਹਾ ਕਿ ਗੁਰੂ ਸਾਹਿਬ ਨੇ ਉਨ੍ਹਾਂ ਲੋਕਾਂ ਨੂੰ ਹਥਿਆਰ ਫੜਾ ਕੇ ਜਰਨੈਲ ਹੋਣ ਦਾ ਮਾਣ ਬਖ਼ਸ਼ਿਆ, ਜਿਨ੍ਹਾਂ ਨੂੰ ਕੋਈ ਬਰਾਬਰ ਵੀ ਖੜਨ ਨਹੀਂ ਦਿੰਦਾ ਸੀ। ਕੁਲਵੰਤ ਖਨੌਰੀ ਨੇ ਕਿਹਾ ਕਿ ਇਸੇ ਦਿਨ ਵਾਪਰੇ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਨੂੰ ਹੋਰ ਪ੍ਰਚੰਡ ਕੀਤਾ।

# ਨਵੇਂ ਵਿਸ਼ਵਕਰਮਾ ਭਵਨ ਦੀ ਦੂਜੀ ਮੰਜ਼ਲ ਦਾ ਪਿਆ ਲੈਂਟਰ

**■ ਭਵਨ ਦੇ ਮੁਕੰਮਲ ਹੋਣ ਨਾਲ ਇਲਾਕਾ ਵਾਸੀਆਂ ਨੂੰ ਵੀ ਮਿਲੇਗੀ ਸਹੂਲਤ : ਚਰਨ ਸਿੰਘ**



**ਨਾਭਾ (ਵਰਿੰਦਰ ਵਰਮਾ)**-ਨਾਭਾ ਸ਼ਹਿਰ ਅੰਦਰ ਨਾਭਾ-ਭਾਦਸੋਂ ਸੜਕ 'ਤੇ ਕਰੋੜਾਂ ਦੀ ਲਾਗਤ ਨਾਲ ਬਣਨ ਵਾਲੇ ਵਿਸ਼ਵਕਰਮਾ ਭਵਨ ਦੀ ਦੂਜੀ ਮੰਜ਼ਲ ਦਾ ਤਕਰੀਬਨ 13000 ਸਕੇਅਰ ਫੁੱਟ ਦਾ ਲੈਂਟਰ ਪਾਇਆ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਪ੍ਰਧਾਨ ਚਰਨ ਸਿੰਘ ਰਲਹਣ ਐੱਮ ਡੀ ਮਲਕੀਤ ਐਗਰੋਟੈਕ ਨੇ ਕਿਹਾ ਕਿ ਇਸ ਬਣ ਰਹੇ ਵਿਸ਼ਵਕਰਮਾ ਭਵਨ ਦੇ ਤਿਆਰ ਹੋਣ ਨਾਲ ਜਿੱਥੇ ਭਾਈਚਾਰੇ ਨੂੰ ਫਾਇਦਾ ਹੋਵੇਗਾ, ਉੱਥੇ ਇਲਾਕਾ ਵਾਸੀਆਂ ਨੂੰ ਵੀ ਸਹੂਲਤ ਮਿਲੇਗੀ, ਕਿਉਂਕਿ ਇਸ ਭਵਨ ਵਿੱਚ ਪਹਿਲੀ ਤੇ ਦੂਜੀ ਮੰਜ਼ਲ 'ਚ ਸਾਰੀਆਂ ਸਹੂਲਤਾਂ ਨਾਲ ਲੈਸ ਕਮਿਊਨਿਟੀ ਹਾਲ ਬਣਾਇਆ ਗਿਆ ਹੈ।ਉਨ੍ਹਾ ਕਿਹਾ ਕਿ ਜਿੱਥੇ ਕੋਈ ਵੀ ਲੋੜਵੰਦ ਵਿਅਕਤੀ ਆਪਣਾ ਕੋਈ ਵੀ ਸਮਾਗਮ ਕਰ ਸਕਦਾ ਹੈ। ਉਨ੍ਹਾ ਕਿਹਾ ਕਿ ਅਖੀਰਲੀ ਮੰਜ਼ਲ 'ਤੇ ਬੇਸਹਾਰਾ ਬਜ਼ੁਰਗਾਂ ਲਈ ਬਿਰਧ ਆਸ਼ਰਮ ਬਣਾਇਆ ਜਾਵੇਗਾ ਤੇ ਨਾਲ ਭਗਵਾਨ ਵਿਸ਼ਵਕਰਮਾ ਮੰਦਰ ਦੀ ਉਸਾਰੀ ਹੋਵੇਗੀ।ਇਹ ਸਾਰਾ ਕਾਰਜ ਦਾਨੀ ਸੱਜਣਾਂ, ਭਾਈਚਾਰੇ ਦੇ ਸਹਿਯੋਗ ਸਦਕਾ ਅਰੰਭਿਆ ਗਿਆ ਹੈ, ਜਿਸ ਉੱਤੇ ਹੁਣ ਤੱਕ ਸਮੇਤ ਜਮੀਨ ਤਕਰੀਬਨ ਤਿੰਨ ਕਰੋੜ ਦਾ ਖਰਚ ਆ ਚੁੱਕਿਆ ਹੈ ਤੇ ਉਸਰੀ ਦਾ ਕੰਮ ਵੱਡੇ ਪੱਧਰ 'ਤੇ ਜਾਰੀ ਹੈ, ਜਿਸ ਨੂੰ ਲੈ ਕੇ ਨਾਭਾ ਹੀ ਨਹੀਂ ਸਗੋਂ ਹੋਰਨਾਂ ਹਲਕਿਆਂ ਦੇ ਲੋਕਾਂ ਵਿੱਚ ਵੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਦਿਲ ਖੋਲ੍ਹ ਕੇ ਇਸ ਨਵੇਂ ਬਣਨ ਵਾਲੇ ਭਵਨ ਲਈ ਮਾਲੀ ਮਦਦ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਜੋ ਵੀ ਵਿਅਕਤੀ ਇਸ ਭਵਨ ਵਿੱਚ ਮਾਲੀ ਮਦਦ ਕਰੇਗਾ, ਉਸ ਨੂੰ ਇਨਕਮ ਟੈਕਸ ਤੋਂ ਵੀ ਛੋਟ ਮਿਲੇਗੀ।ਇਸ ਮੌਕੇ ਪ੍ਰਧਾਨ ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਚਰਨ ਸਿੰਘ ਰਲਹਣ ਐੱਮ ਡੀ ਮਲਕੀਤ ਐਗਰੋਟੈਕ, ਹਰੀ ਸਿੰਘ ਐੱਮ ਡੀ ਪ੍ਰੀਤ ਗਰੁੱਪ, ਦੇਵ ਮਾਨ ਵਿਧਾਇਕ ਨਾਭਾ, ਸੰਤੋਖ ਸਿੰਘ ਸੇਠ ਐੱਮ ਡੀ ਹੀਰਾ ਕੰਬਾਈਨ, ਸਤਵਿੰਦਰ ਸਿੰਘ ਟੌਹੜਾ, ਪਾਖਰ ਸਿੰਘ ਸਹੋਲੀ ਸੀਨੀਅਰ ਮੀਤ ਪ੍ਰਧਾਨ, ਲਖਵਿੰਦਰ ਸਿੰਘ ਲੱਖੀ ਐੱਮ ਡੀ ਗਹੀਰ ਕੰਬਾਈਨ, ਭਗਵੰਤ ਸਿੰਘ ਮਣਕੂ ਭਾਦਸੋਂ, ਧੰਨਜੇ ਵਾਲੀਆ ਇੰਡਸਟਰੀ, ਗੁਰਤੇਜ ਸਿੰਘ ਮੀਨ, ਤਰਲੋਚਨ ਸਿੰਘ, ਗੁਰਤੇਜ ਸਿੰਘ ਠੇਕੇਦਾਰ, ਜ਼ੋਰਾਂ ਸਿੰਘ ਕੌਲ, ਗੁਰਮੇਲ ਸਿਆਣ, ਅਮਰੀਕ ਸਿੰਘ ਐੱਮ ਡੀ ਗੁਰਦਿਆਲ ਕੰਬਾਈਨ, ਗੁਰਮੀਤ ਸਿੰਘ, ਗੁਰਦੀਪ ਸਿੰਘ ਖਾਲਸਾ, ਲਖਵੀਰ ਸਿੰਘ, ਨਰੰਜਣ ਸਿੰਘ ਐੱਮ ਡੀ ਐੱਨ ਐੱਸ ਕੰਬਾਈਨ, ਕੁਲਦੀਪ ਸਿੰਘ ਐੱਮ ਡੀ ਸਿਆਣ ਕੰਬਾਈਨ ਤੋਂ ਇਲਾਵਾ ਪਤਵੰਤੇ ਸੱਜਣ ਮੌਜੂਦ ਸਨ।

## ਦੇਸ਼ ਭਗਤ ਯੂਨੀਵਰਸਿਟੀ ਨੇ ਕਰਵਾਇਆ ਕਰੀਅਰ ਕਾਊਂਸਲਿੰਗ ਸੈਮੀਨਾਰ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਤੇ ਦੇਸ਼ ਭਗਤ ਗਲੋਬਲ ਸਰਵਿਸਿਜ਼ ਵੱਲੋਂ ਕਰੈਸਟ ਬੈੱਲ ਦੇ ਸਹਿਯੋਗ ਨਾਲ ਕਰੀਅਰ ਕਾਊਂਸਲਿੰਗ ਸੈਮੀਨਾਰ ਕਰਾਇਆ ਗਿਆ। ਹਿਮਾਂਸ਼ੂ ਕੌਸ਼ਿਕ ਤੇ ਕਰੈਸਟ ਬੈੱਲ ਤੋਂ ਉਨ੍ਹਾਂ ਦੀ ਟੀਮ ਹਾਜ਼ਰ ਸੀ।ਮੀਡੀਆ ਡਾਇਰੈਕਟਰ ਡਾ. ਸੁਰਜੀਤ ਕੌਰ ਪਥੇਜਾ ਨੇ ਸਵਾਗਤੀ ਭਾਸ਼ਣ ਦਿੱਤਾ।ਹਿਮਾਂਸ਼ੂ ਕੌਸ਼ਿਕ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਡੀਬੀਯੂ ਵਿੱਚ ਪੜ੍ਹਨਾ ਉਨ੍ਹਾਂ ਦੇ ਨੈੱਟਵਰਕ ਨੂੰ ਬਣਾਉਣ ਵਿੱਚ ਮਦਦ ਕਰਦਾ ਹੈ।ਨੈੱਟਵਰਕਿੰਗ ਤੇ ਹਵਾਲੇ ਇੱਕ ਕਰੀਅਰ ਬਣਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਮਾਰਗ ਦਰਸ਼ਨ ਤੋਂ ਬਿਨਾਂ ਕੋਈ ਵਿਅਕਤੀ ਆਪਣੀ ਮੰਜ਼ਲ ਨਿਰਧਾਰਤ ਨਹੀਂ ਕਰ ਸਕਦਾ। ਤੁਹਾਡਾ ਵਿਹਾਰ, ਨਰਮ ਹੁਨਰ ਤੇ ਸਖ਼ਤ ਹੁਨਰ ਤੁਹਾਡੇ ਸੰਦਰਭ ਬਿੰਦੂਆਂ ਵਜੋਂ ਕੰਮ ਕਰਦੇ ਹਨ।ਉਨ੍ਹਾਂ ਦੱਸਿਆ ਕਿ ਟੂਰਿਸਟ ਵੀਜ਼ਾ ਦੀ ਖੋਜ ਕਰਕੇ ਕੋਈ ਵੀ ਆਪਣੇ ਸੀਵੀ ਨੂੰ ਮਜ਼ਬੂਤ ਕਰ ਸਕਦਾ ਹੈ। ਉਹ ਦੇਸ਼ ਭਗਤ ਯੂਨੀਵਰਸਿਟੀ ਦੇ ਸਹਿਯੋਗ ਨਾਲ ਥਿਊਰੀ ਤੇ ਪ੍ਰੈਕਟੀਕਲ ਦੇ ਕੋਰਸ ਸਿਖਾਉਣਗੇ, ਜੋ ਤੁਹਾਨੂੰ ਕੰਮ ਨੂੰ ਸੁਖਾਲਾ ਬਣਾ ਦੇਵੇਗਾ। ਆਖਰਕਾਰ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਕਿੰਨੀ ਮਿਹਨਤ ਕਰਦੇ ਹੋ।ਖੋਜ ਨਿਰਦੇਸ਼ਕ ਪ੍ਰਮੋਦ ਮੰਡਲ ਨੇ ਵਿਦਿਆਰਥੀਆਂ ਨੂੰ ਇਸ ਸੈਮੀਨਾਰ ਦੇ ਉਦੇਸ਼ਾਂ ਤੋਂ ਜਾਣੂ ਕਰਾਇਆ। ਮੰਡਲ ਨੇ ਦੱਸਿਆ ਕਿ ਡੀ.ਬੀ.ਯੂ ਤੇ ਕ੍ਰਿਸਟ ਬੈੱਲ ਦੇ ਸਹਿਯੋਗ ਨਾਲ ਆਨਲਾਈਨ ਕੋਰਸਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਯੂਨੀਵਰਸਿਟੀ ਆਫ ਅਮਰੀਕਾ ਤੇ ਵਾਸ਼ਿੰਗਟਨ ਯੂਨੀਵਰਸਿਟੀ ਆਫ ਸਾਇੰਸ ਐਂਡ ਟੈਕਨਾਲੋਜੀ ਨਾਲ ਸਾਂਝੇਦਾਰੀ ਵਿੱਚ ਡੀਬੀਯੂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਕੋਰਸਾਂ ਤੇ ਹੁਨਰਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ।

# ਸ੍ਰੀ ਕ੍ਰਿਸ਼ਨਾ ਸੇਵਾ ਦਲ ਨੇ ਸਥਾਪਨਾ ਦਿਵਸ ਮਨਾਇਆ




ਸ੍ਰੀ ਕ੍ਰਿਸ਼ਨਾ ਸੇਵਾ ਦਲ ਵੱਲੋਂ ਮਨਾਏ ਗਏ ਸਥਾਪਨਾ ਦਿਵਸ ਦਾ ਦ੍ਰਿਸ਼।

**ਮਲੋਟ (ਗੁਰਮੀਤ ਸਿੰਘ ਮੱਕੜ)**
ਸਥਾਨਕ ਮੰਡੀ ਹਰਜੀ ਰਾਮ ਵਿਖੇ ਸਥਿਤ ਕ੍ਰਿਸ਼ਨਾ ਮੰਦਰ ਧਰਮਸ਼ਾਲਾ ਵਿਖੇ ਸ਼੍ਰੀ ਕ੍ਰਿਸ਼ਨਾ ਸੇਵਾ ਦਲ ਨੇ 24ਵਾਂ ਸਥਾਪਨਾ ਦਿਵਸ ਮਨਾਉਂਦੇ ਹੋਏ ਸਾਦਾ ਪ੍ਰੰਤੂ ਪ੍ਰਭਾਵਸ਼ਾਲੀ ਸਮਾਗਮ ਕੀਤਾ। ਇਸ ਮੌਕੇ ਮਹਾਂਵੀਰ ਗਊਸ਼ਾਲਾ ਦੇ ਮੁੱਖ ਸੇਵਾਦਾਰ ਸੰਦੀਪ ਜੂਰੀ ਪਾਰਿਕ ਨੇ ਮੁੱਖ ਮਹਿਮਾਨ ਤੇ ਐੱਸ.ਐੱਮ.ਓ. ਡਾ. ਸੁਨੀਲ ਬਾਂਸਲ, ਟ੍ਰੈਫਿਕ ਇੰਚਾਰਜ ਹਰਪਾਲ ਸਿੰਘ, ਕ੍ਰਿਸ਼ਨ ਗੋਇਲ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਸਮਾਜਸੇਵੀ ਜਗਨ ਨਾਥ ਸ਼ਰਮਾ ਨੇ ਸ਼੍ਰੀ ਕ੍ਰਿਸ਼ਨਾ ਸੇਵਾ ਦਲ ਵੱਲੋਂ ਪਿਛਲੇ ਸਾਲਾਂ ਤੋਂ ਕੀਤੀ ਜਾ ਰਹੀ ਲੋਕ ਸੇਵਾ ਬਾਰੇ ਲੋਕਾਂ ਨੂੰ ਦੱਸਿਆ। ਇਸ ਦੌਰਾਨ ਮਹਾਂਵੀਰ ਗਊਸ਼ਾਲਾ ਦੇ ਮੁੱਖ ਸੇਵਾਦਾਰ ਸੰਦੀਪ ਜੂਰੀ ਪਾਰਿਕ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਸੁਰਿੰਦਰ ਮਦਾਨ, ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਕੋਆਰਡੀਨੇਟਰ ਮਨੋਜ ਅਸੀਜਾ ਆਦਿ ਨੇ ਸ਼੍ਰੀ ਕ੍ਰਿਸ਼ਨਾ ਸੇਵਾ ਦਲ ਵੱਲੋਂ ਕੀਤੇ ਜਾ ਰਹੇ ਸਮਾਜ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੀ ਕ੍ਰਿਸ਼ਨਾ ਸੇਵਾ ਦਾਲ ਵੱਲੋਂ ਸ਼ਹਿਰ ਦੀਆਂ ਵੱਖ ਵੱਖ ਧਾਰਮਿਕ ਤੇ ਸਮਾਜਸੇਵੀ ਸੰਸਥਾਵਾਂ, ਆਏ ਹੋਏ ਮੁੱਖ ਮਹਿਮਾਨਾਂ ਦੇ ਨਾਲ ਹੀ ਸੇਵਾ ਦਲ ਦੇ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਸਮਾਜਸੇਵੀ ਕੰਮਾਂ ਵਿੱਚ ਅੱਗੇ ਹੋ ਕੇ ਕੰਮ ਕਰਨ ਵਾਲੇ ਸੋਹਣ ਲਾਲ ਗੁੰਬਰ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਸ਼੍ਰੀ ਕ੍ਰਿਸ਼ਨਾ ਸੇਵਾ ਦਲ ਦੇ ਪ੍ਰਧਾਨ ਅਨਿਲ ਗੋਦਾਰਾ (ਰਾਮ) ਨੇ ਸਹਿਯੋਗ ਦੇਣ ਵਾਲੇ ਲੋਕਾਂ ਤੇ ਆਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਾਬਾ ਖੇਤਰ ਪਾਲ ਧਾਮ ਦੇ ਪ੍ਰਧਾਨ ਵਿਜੈ ਬਜਾਜ, ਸੰਦੀਪ ਸਿਡਾਨਾ, ਮੋਨੂੰ ਗਰਗ, ਸ਼ਿਵ ਪੂਰੀ ਦੇ ਪ੍ਰਧਾਨ ਜੰਗਬਾਜ਼ ਸ਼ਰਮਾ, ਬਜਰੰਗ ਦਲ ਹਿੰਦੁਸਤਾਨ ਦੇ ਆਗੂ ਪ੍ਰਵੀਨ ਮਦਾਨ, ਓਮ ਪ੍ਰਕਾਸ਼ ਜੁਨੇਜਾ, ਸਾਹਿਲ ਮੋਂਗਾ, ਗੁਰਦੇਵ ਸਰਾਂ, ਸ੍ਰੀ ਵੈਸ਼ਨੂੰ ਦੁਰਗਾ ਮੰਦਿਰ ਦੇ ਪ੍ਰਧਾਨ ਜਗਜੀਵਨ ਸੁਖੀਜਾ, ਮਨੀ ਮਹੇਸ਼ ਸੰਸਥਾ ਦੇ ਪ੍ਰਧਾਨ ਮੋਹਨ ਅਰੋੜਾ, ਬਾਬਾ ਅਮਰ ਨਾਥ ਸੇਵਾ ਦਲ ਦੇ ਪ੍ਰਧਾਨ ਹਰਚਰਨ ਸਿੰਘ ਸ਼ੈਰੀ, ਭਾਈ ਘਨੱਈਆ ਸੇਵਾ ਦਲ ਦੇ ਲਜਿੰਦਰ ਕਾਲੜਾ, ਭਾਜਪਾ ਦੇ ਮੰਡਲ ਪ੍ਰਧਾਨ ਸੁਸ਼ੀਲ ਜਲਹੋਤਰਾ, ਸੰਦੀਪ ਵਰਮਾ, ਸਤੀਸ਼ ਕੋਚਰ, ਸ਼ਾਲੂ ਕਮਰਾ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

30-APR-PAGE-8.qxd 4/29/2024 10:51 PM Page 1



# ਬਲਾਕ ਪ੍ਰਾਇਮਰੀ ਸਿੱਖਿਆ ਮਾਹਿਲਪੁਰ ਬਲਾਕ 1 'ਚ 59 ਸਕੂਲਾਂ 'ਚੋਂ 26 ਸਿੰਗਲ ਟੀਚਰ, 2 ਨੂੰ ਲੱਗਾ ਤਾਲਾ



ਮੋਹਤੀਆਣਾ (ਜਤਗਾਰ ਸਿੰਘ ਭੁੰਗਰਨੀ)- ਰਾਇਟ ਟੂ ਐਜੂਕੇਸ਼ਨ ਐਕਟ 2009 ਅਤੇ ਮੂਲ ਸੰਵਿਧਾਨਕ ਅਧਿਕਾਰਾਂ ਦੀ ਧਾਰਾ 15 ਦੇਸ਼ ਅੰਦਰ ਹਰ ਤਰ੍ਹਾਂ ਦੀਆਂ ਵਿਤਕਰੇ ਭਰੀਆਂ ਭਾਵਨਾਵਾਂ ਦਾ ਵਿਰੋਧੀ ਹੈ।ਪਰ ਦੁਖਦਾਈ ਇਹ ਹੈ ਕਿ ਸਰਕਾਰਾਂ ਦੀਆਂ ਸਵਾਰਥੀ ਸੋਚਾਂ ਮੁਢਲੀ ਸਿੱਖਿਆ ਦੀਆਂ ਜੜ੍ਹਾਂ ਵਿਚ ਭੇਦਭਾਵ ਦੀ ਜ਼ਹਿਰ ਦਾ ਤੇਲ ਦੇ ਕੇ ਮੂਲ ਅਤੇ ਲਾਜ਼ਮੀ ਸਿੱਖਿਆ ਦੇ ਅਧਾਰ ਨੂੰ ਖਤਮ ਕਰ ਰਹੀਆਂ ਹਨ ਅਤੇ ਮੂਲ ਅਧਿਕਾਰਾਂ ਦੀ ਰੱਖਿਆ ਕਰਨ ਵਾਲੇ ਪੂਰੀ ਤਰ੍ਹਾਂ ਅਵੇਸਲੇਪਨ ਦਾ ਸ਼ਿਕਾਰ ਹੋ ਰਹੇ ਹਨ।ਇਸ ਸਬੰਧ ਵਿਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸੂਚਨਾ ਅਧਿਕਾਰ ਐਕਟ 2005 ਦੇ ਤਹਿਤ ਮਾਹਿਲਪੁਰ ਬਲਾਕ 1 ਦੇ ਦਫਤਰ ਤੋਂ ਪ੍ਰਾਪਤ ਸੂਚਨਾ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਬਲਾਕ 1 ਦੇ ਕੁੱਲ 59 ਸਕੂਲਾਂ ਵਿਚ 3458 ਬੱਚਿਆਂ ਨੂੰ ਪੜ੍ਹਾਉਣ ਲਈ 26 ਸਕੂਲ ਸਿੰਗਲ ਟੀਚਰ ਹਨ, 2 ਸਕੂਲ ਬਲਾਕ ਵਿਚ ਬੰਦ ਹੋ ਚੁੱਕੇ ਹਨ ਜਿਨ੍ਹਾਂ ਵਿਚ (ਭਾਰਤਪੁਰ ਰਾਜਪੂਤਾਂ ਅਤੇ ਕੋਠੀ) ਆਦਿ ਹਨ ਅਤੇ 7 ਸਕੂਲ ਬਿਨਾਂ ਅਧਿਆਪਕਾਂ ਤੋਂ ਹਨ।ਧੀਮਾਨ ਨੇ ਦੱਸਿਆ ਕਿ ਸਕੂਲਾਂ ਵਿਚ ਜਨਰਲ ਕੈਟਾਗਰੀ ਦੇ ਬੱਚਿਆਂ ਨੂੰ ਡ੍ਰੈਸ ਨਾ ਦੇਣਾ ਇਕ ਕੋਝਾ ਮਜ਼ਾਕ ਹੈ।ਸਭ ਤੋਂ ਦੁਖਦਾਈ ਇਹ ਹੈ ਕਿ ਦੇਸ਼ ਵਿਚ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਵੀ ਚੁੱਪ ਹਨ ਤੇ ਪੰਜਾਬ ਵਿਧਾਨ ਸਭਾ ਅੰਦਰ ਵੀ ਮੌਜੂਦਾ 92 ਵਿਧਾਇਕ ਵੀ ਚੁੱਪੀ ਸਾਧ ਕੇ ਬੈਠੇ ਹਨ।ਪੰਜਾਬ ਅੰਦਰ ਸਕੂਲ ਆਫ ਐਮੀਨੈਂਸ ਅਤੇ ਸਮਾਰਟ ਸਕੂਲ ਬਣਾਉਣ ਵਾਲਿਆਂ ਨੂੰ ਸਕੂਲਾਂ ਵਿਚ ਭੇਦਭਾਵ ਕਿਉਂ ਨਜ਼ਰ ਨਹੀਂ ਆ ਰਿਹਾ।ਧੀਮਾਨ ਨੇ ਦੱਸਿਆ ਕਿ ਸੈਂਟਰ ਹੈਡ ਟੀਚਰਾਂ ਦੀਆਂ ਕੁੱਲ 8, ਐਚ ਟੀ ਦੀਆਂ 19 ਅਤੇ ਈ ਟੀ ਟੀ ਟੀਚਰਾਂ ਦੀਆਂ 129 ਅਸਾਮੀਆਂ ਮਨਜ਼ੂਰ ਹਨ ਤੇ ਉਨ੍ਹਾਂ ਵਿਚੋਂ ਸੀ ਐਚ ਟੀ ਦੀਆਂ 4 ਭਰੀਆਂ ਹਨ, ਸੀ ਐਚ ਟੀ ਦੀਆਂ 14 ਅਤੇ ਈ ਟੀ ਟੀ ਦੀਆਂ 60 ਭਰੀਆਂ ਹੋਈਆਂ ਹਨ ਅਤੇ ਸੀ ਐਚ ਟੀ ਦੀਆਂ 4 ਖਾਲੀ ਹਨ, ਐਚ ਟੀ ਦੀਆਂ 5 ਖਾਲੀ ਹਨ ਅਤੇ ਈ ਟੀ ਟੀ ਦੀਆਂ ਕੁੱਲ 70 ਅਸਾਮੀਆਂ ਖਾਲੀ ਰੱਖ ਕੇ ਪੰਜਾਬ ਸਰਕਾਰ ਦਾ ਸਿੱਖਿਆ ਤੰਤਰ ਨਿਰਦੋਸ਼ ਬੱਚਿਆਂ ਦਾ ਭਾਰੀ ਨੁਕਸਾਨ ਕਰ ਰਹੀ ਹੈ। ਧੀਮਾਨ ਨੇ ਅੱਗੇ ਦੱਸਿਆ ਕਿ ਸਕੂਲਾਂ ਵਿਚ ਭਾਵੇਂ ਐਲ ਕੇ ਜੀ, ਯੂ ਕੇ ਜੀ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਛੋਟੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਸ਼ਾਇਦ ਹੀ ਕੋਈ ਮਨੋਵਿਗਿਆਨਕ ਦਾ ਗਿਆਨ ਰੱਖਣ ਵਾਲਾ ਸਿੱਖਿਆ ਅਧਿਆਪਕ ਵੇਖਣ ਨੂੰ ਮਿਲੇਗਾ, ਜਿਹੜਾ ਕਿ ਬੱਚਿਆਂ ਨੂੰ ਚੰਗੀ ਤਰ੍ਹਾਂ ਸਮਝਣ ਦੇ ਯੋਗ ਹੋਵੇ।ਇਨ੍ਹਾਂ ਬੱਚਿਆਂ ਨੂੰ ਸਪੈਸ਼ਲ ਸਿੱਖਿਅਤ ਟੀਚਰਾਂ ਦੀ ਲੋੜ ਹੁੰਦੀ ਹੈ। ਧੀਮਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਮੁਢਲੀ ਸਿੱਖਿਆ ਦੇ ਖੇਤਰ ਵਿਚੋਂ ਸਾਰੀ ਤਰ੍ਹਾਂ ਦੇ ਬੱਚਿਆਂ ਨਾਲ ਭੇਦਭਾਵ ਹਰ ਹਾਲਤ ਵਿਚ ਖਤਮ ਹੋਣੇ ਚਾਹੀਦੇ ਹਨ ਤੇ ਇਹ ਸਵਾਲ ਦਾ ਜਵਾਬ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਵੀ ਦੇਣਾ ਪਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਪਣੇ ਸੰਵਿਧਾਨਕ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ ਤੇ ਵਿਤਕਰੇ ਖਤਮ ਕਰਨ ਲਈ ਅਵਾਜ਼ ਬੁਲੰਦ ਕਰਨ ਲਈ ਅੱਗੇ ਆਉਣ।

# 10 ਏਕੜ ਕਣਕ ਸੜ ਕੇ ਸੁਆਹ



ਮਾਹਿਲਪੁਰ (ਸਰਵੀ) - ਨੰਗਲ ਰੋੜ ਤੇ ਪੈਂਦੇ ਪਿੰਡ ਗੜ੍ਹੀ ਮੱਟੋਂ ਦੇ ਖੇਤਾਂ ਵਿੱਚ ਖੜੀ ਕਣਕ ਨੂੰ ਦੁਪਹਿਰ ਤਿੰਨ ਵਜੇ ਦੇ ਕਰੀਬ ਅੱਗ ਲੱਗ ਜਾਣ ਨਾਲ ਲਗਭਗ 10 ਏਕੜ ਕਣਕ ਸੜ ਕੇ ਸੁਆਹ ਹੋ ਗਈ।ਆਲੇ ਦੁਆਲੇ ਪਿੰਡਾਂ ਦੇ ਲੋਕਾਂ ਨੇ ਇਕੱਠੇ ਹੋ ਕੇ ਅਤੇ ਨਵਾਂਸ਼ਹਿਰ ਅਤੇ ਗੜ੍ਹਸ਼ੰਕਰ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਦਰਸ਼ਨ ਸਿੰਘ ਮੱਟੂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਸਕੱਤਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਗ ਲੱਗਣ ਦਾ ਕਾਰਨ ਬਿਜਲੀ ਦੀਆਂ ਤਾਰਾਂ ਦੀ ਸਪਾਰਕਿੰਗ ਦੱਸਿਆ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਮਾਂ ਗੁਆ ਚੁੱਕੀਆਂ ਬਿਜਲੀ ਦੀਆਂ ਪੁਰਾਣੀਆਂ ਤਾਰਾਂ ਨੂੰ ਬਦਲਿਆ ਜਾਵੇ ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਿਹਨਾਂ ਕਿਸਾਨਾਂ ਦੀ ਕਣਕ ਸੜੀ ਹੈ ਉਹਨਾਂ ਨੂੰ 40 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ। ਜਿਹਨਾਂ ਕਿਸਾਨਾਂ ਦੀ ਫਸਲ ਸੜੀ ਹੈ। ਉਹਨਾਂ ਸੰਬੰਧੀ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਸਕੱਤਰ ਦਰਸ਼ਨ ਸਿੰਘ ਮੱਟੂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਿਲਬਾਗ ਸਿੰਘ ਪੁੱਤਰ ਮੰਗਾਰਾਮ ਢਾਈ ਏਕੜ, ਜੁਝਾਰ ਸਿੰਘ ਮੱਟੂ ਸਰਪੰਚ 3 ਏਕੜ, ਜੱਸੀ ਗ੍ਰੇਮੀਆ 4 ਏਕੜ, ਰਾਣਾ ਜੰਗ ਬਹਾਦਰ ਸਿੰਘ 4 ਕਨਾਲ, ਸੁਖਵੀਰ ਸਿੰਘ 2 ਕਨਾਲ ਕੁੱਲ 10 ਏਕੜ ਦੇ ਕਰੀਬ ਕਣਕ ਸੜ ਕੇ ਸੁਆਹ ਹੋ ਗਈ ਹੈ। ਦਰਸ਼ਨ ਸਿੰਘ ਮੱਟੂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਸਕੱਤਰ, ਜਸਵੀਰ ਸਿੰਘ ਲੰਬੜਦਾਰ, ਜੁਝਾਰ ਸਿੰਘ ਮੱਟੂ ਸਰਪੰਚ, ਦਿਲਬਾਗ ਸਿੰਘ, ਪਿਆਰਾ ਸਿੰਘ, ਕੇਵਲ ਸਿੰਘ,ਜੋਗਾ ਸਿੰਘ ਜਤਿੰਦਰ ਸਿੰਘ ਆਦਿ ਹਾਜ਼ਰ ਸਨ।

# ਯਾਮਿਨੀ ਗੋਮਰ ਦੇ ਹੱਕ 'ਚ ਹੋਈ ਚੋਣ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ



ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ) -ਬਲਾਕ ਕਾਂਗਰਸ ਦਫਤਰ ਟਾਂਡਾ ਪਹੁੰਚੀ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਕਾਂਗਰਸ ਉਮੀਦਵਾਰ ਯਾਮਿਨੀ ਗੋਮਰ ਦਾ ਕਾਂਗਰਸੀ ਵਰਕਰਾਂ ਅਤੇ ਨਗਰ ਵਾਸੀਆਂ ਨੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ ਦੀ ਅਗਵਾਈ ਵਿਚ ਭਰਵਾਂ ਸਵਾਗਤ ਕੀਤਾ। ਇਸ ਦੌਰਾਨ ਵਰਕਰ ਮੀਟਿੰਗ ਨੇ ਵੱਡੀ ਗਿਣਤੀ ਵਿਚ ਵਰਕਰਾਂ ਅਤੇ ਨਗਰ ਵਾਸੀਆਂ ਦੀ ਆਮਦ ਨੇ ਵੱਡੀ ਰੈਲੀ ਦਾ ਰੂਪ ਧਾਰਨ ਕਰ ਲਿਆ। ਸਾਬਕਾ ਮੰਤਰੀ ਗਿਲਜੀਆਂ, ਜਨਰਲ ਸਕੱਤਰੀ ਪੰਜਾਬ ਕੈਪਟਨ ਸੰਦੀਪ ਸਿੰਘ ਸੰਧੂ ਅਤੇ ਲੋਕ ਸਭਾ ਇੰਚਾਰਜ ਅਸ਼ਵਨੀ ਸ਼ਰਮਾ ਲੁਧਿਆਣਾ ਦੀ ਮੌਜੂਦਗੀ ਵਿਚ ਵਰਕਰਾਂ ਨੇ ਜਿੱਥੇ ਪਾਰਟੀ ਦਫਤਰ ਪਹੁੰਚੀ ਗੋਮਰ ਦਾ ਭਰਵਾਂ ਸਵਾਗਤ ਕੀਤਾ ਉੱਥੇ ਪਾਰਟੀ ਫ਼ੰਡ ਦੇ ਰੂਪ ਵਿਚ ਝੋਲੀ ਭਰ ਦਿੱਤੀ।

ਇਸ ਦੌਰਾਨ ਵੱਖ ਵੱਖ ਬੁਲਾਰਿਆਂ ਸਾਬਕਾ ਮੰਤਰੀ ਗਿਲਜੀਆਂ, ਕੈਪਟਨ ਸੰਧੂ, ਸਾਬਕਾ ਪ੍ਰਧਾਨ ਦੇਸ ਰਾਜ ਡੋਗਰਾ, ਕੌਂਸਲਰ ਗੁਰਪ੍ਰੀਤ ਕੌਰ ਸਚਦੇਵਾ, ਪ੍ਰਧਾਨ ਗੁਰਸੇਵਕ ਮਾਰਸ਼ਲ, ਸਰਪੰਚ ਅਮ੍ਰਿਤਪਾਲ, ਗੁਲਸ਼ਨ ਭਗਤ, ਬ੍ਰਮ ਸੈਣੀ, ਗੁਰਜੀਤ ਸਿੰਘ ਡਿੰਪਾ, ਜੋਗਿੰਦਰ ਸਿੰਘ ਗਿਲਜੀਆਂ, ਰਵਿੰਦਰ ਜੀਤ ਸਿੰਘ ਬੁੱਚੀਪਿੰਡ, ਸੇਠ ਰਾਮ ਸੈਣੀ, ਦਲਜੀਤ ਸਿੰਘ ਗਿਲਜੀਆਂ, ਮਾਸਟਰ ਰਵਿੰਦਰ ਸਿੰਘ, ਰਾਜ ਕੁਮਾਰੀ ਆਦਿ ਬੁਲਾਰਿਆਂ ਨੇ ਮੋਦੀ ਅਤੇ ਸੂਬੇ ਦੀ ਆਪ ਸਰਕਾਰ ਦੀ ਨਾਕਾਮੀਆਂ ਦੀ ਪੋਲ ਖੋਲੀ। ਇਸ ਮੌਕੇ ਯਾਮਿਨੀ ਗੋਮਰ ਨੇ ਆਖਿਆ ਕਿ ਰੋਜ਼ਗਾਰ, ਮਹਿੰਗਾਈ ਅਤੇ ਸਹੂਲਤਾਂ ਦੇਣ ਦੇ ਮੁੱਦੇ 'ਤੇ ਕੇਂਦਰ ਅਤੇ ਸੂਬਾ ਸਰਕਾਰ ਬੁਰੀ ਤਰਾਂ ਨਕਾਮ ਹੋਈ ਹੈ। ਕਾਂਗਰਸ ਪਾਰਟੀ ਹੀ ਲੋਕਾਂ ਦੀ ਭਲਾਈ ਵਾਲੀ ਸਰਕਾਰ ਅਤੇ ਰੋਜ਼ਗਾਰ ਦੇ ਸਕਦੀ ਹੈ।

# ਲਾਇਲਪੁਰ ਖ਼ਾਲਸਾ ਕਾਲਜ 'ਚ 'ਅੱਖ ਦੀਆਂ ਸਮੱਸਿਆਵਾਂ' ਵਿਸ਼ੇ 'ਤੇ ਲੈਕਚਰ



ਜਲੰਧਰ (ਸ਼ੈਲੀ ਐਲਬਰਟ)- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਾਸਤੇ ਨਿਰੰਤਰ ਯਤਨਸ਼ੀਲ ਰਹਿੰਦਾ ਹੈ । ਇਸ ਤਹਿਤ ਕਾਲਜ ਦੇ ਫਿਜ਼ਿਓਥੈਰੇਪੀ ਵਿਭਾਗ ਦੁਆਰਾ ਅੱਖ ਦੀਆਂ ਸਮੱਸਿਆਵਾਂ ਵਿਸ਼ੇ 'ਤੇ ਇਕ ਅੰਤਰ-ਰਾਸ਼ਟਰੀ ਲੈਕਚਰ ਦਾ ਆਯੋਜਨ ਕੀਤਾ ਗਿਆ । ਜਿਸ ਵਿਚ ਮੁੱਖ ਵਕਤਾ ਵਜੋਂ ਡਾ. ਰੋਇਸਿਨ ਮੈਕੀ, ਰੌਇਲ ਹਸਪਤਾਲ ਆਫ ਚਿਲਡਰਨ, ਗਲਾਸਗੋ, ਯੂ.ਕੇ., ਪ੍ਰੋ. ਐਨ ਬੈਰੇਟ, ਲੀਡ ਟੀਚਿੰਗ ਹਸਪਤਾਲ, ਯੂ.ਕੇ., ਸ੍ਰੀ ਪੈਟਰਿਕ ਰਿਚਰਡਸਨ ਸਕੂਲ ਆਫ ਬਾਇਓਮੈਡੀਕਲ ਸਾਇੰਸਜ਼ ਅਲਸਰ ਯੂਨੀਵਰਸਿਟੀ ਯੂ.ਕੇ., ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰਿੰਸੀਪਲ ਡਾ. ਜਪਸਾਲ ਸਿੰਘ, ਡਾ. ਰਾਜੂ ਸ਼ਰਮਾ ਮੁਖੀ ਫਿਜ਼ਿਓਥੈਰੇਪੀ ਵਿਭਾਗ ਅਤੇ ਡਾ. ਜਸਵੰਤ ਕੌਰ ਪ੍ਰੋਗਰਾਮ ਆਰਗੇਨਾਈਜ਼ਰ ਨੇ ਮਹਿਮਾਨ ਵਕਤਿਆਂ ਨੂੰ ਗੁਲਦਸਤੇ ਦੇ ਕੇ ਉਨ੍ਹਾਂ ਦਾ ਸੁਆਗਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਫਿਜ਼ਿਓਥੈਰੇਪੀ ਵਿਭਾਗ ਦਾ ਇਹ ਲੈਕਚਰ ਕਰਵਾਉਣਾ ਇਕ ਨਿਵੇਕਲਾ ਉਪਰਾਲਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਲੈਕਚਰ ਤੋਂ ਅੱਖਾਂ ਤੇ ਇਸ ਸੰਬੰਧੀ ਸਮੱਸਿਆਵਾਂ ਬਾਰੇ ਗਿਆਨ ਹਾਸਲ ਕਰਨ ਲਈ ਪ੍ਰੇਰਿਆ। ਲੈਕਚਰ ਕਰਦਿਆਂ ਡਾ. ਰੋਇਸਿਨ ਮੈਕੀ ਨੇ ਅੱਖਾਂ ਦੀ ਰੀ-ਫਿਰੈਕਸ਼ਨ ਦੀ ਸਮੱਸਿਆ ਬਾਰੇ ਜਾਣਕਾਰੀ ਦਿੱਤੀ । ਪ੍ਰੋ. ਐਨ ਬੈਰੇਟ ਨੇ ਗਲੂਕੋਮਾ ਜਿਹੜੀ ਕਿ ਹਾਈ ਬਲੱਡ ਪਰੈਸ਼ਰ ਵਾਲਿਆਂ ਦੀ ਅੱਖਾਂ ਦੀ ਇਕ ਆਮ ਸਮੱਸਿਆ ਹੈ, ਬਾਰੇ ਜਾਣਕਾਰੀ ਦਿੱਤੀ। ਮਿਸਟਰ ਪੈਟਰਕਿ ਨੇ ਵੱਖ-ਵੱਖ ਤਰ੍ਹਾਂ ਦੇ ਅੱਖਾਂ ਦੇ ਲੈਨਜ਼ ਅਤੇ ਚਸ਼ਮਿਆਂ ਦੀ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੇ ਖਾਸ ਤੌਰ 'ਤੇ ਕੰਟੈਕਟ ਲੈਂਸ ਬਾਰੇ ਵਿਸਥਾਰ ਨਾਲ ਦੱਸਿਆ। ਪ੍ਰੋਗਰਾਮ ਦਾ ਸੰਚਾਲਤ ਡਾ. ਜਸਵੰਤ ਕੌਰ ਨੇ ਕੀਤਾ। ਅੰਤ ਵਿਚ ਸਾਰਿਆਂ ਦਾ ਧੰਨਵਾਦ ਪ੍ਰੋ. ਜਸਰੀਨ ਕੌਰ ਵਾਇਸ ਪ੍ਰਿੰਸੀਪਲ ਵਲੋਂ ਕੀਤਾ ਗਿਆ । ਇਸ ਮੌਕੇ ਫਿਜ਼ਿਓਥੈਰੇਪੀ ਵਿਭਾਗ ਦੇ ਸਮੂਹ ਸਟਾਫ ਮੈਂਬਰ ਸਾਹਿਬਾਨ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

# ਮੋਟਰਸਾਈਕਲ ਚੋਰੀ ਦੇ ਦੋਸ਼ 'ਚ 3 ਖਿਲਾਫ਼ ਮਾਮਲਾ ਦਰਜ

ਨਵਾਂਸ਼ਹਿਰ (ਮਨੋਜ ਲਾਡੀ)- ਪੁਲਸ ਨੇ ਵੱਖ-ਵੱਖ ਮਾਮਲਿਆਂ 'ਚ ਮੋਟਰਸਾਈਕਲ ਅਤੇ ਸਾਈਕਲ ਚੋਰੀ ਕਰਨ ਦੇ ਦੋਸ਼ ਵਿੱਚ 3 ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ।ਥਾਣਾ ਸਿਟੀ ਵਿੱਚ ਤਾਇਨਾਤ ਏ ਐੱਸ ਆਈ ਹਰਜਿੰਦਰ ਸਿੰਘ ਨੇ ਦੱਸਿਆ ਕਿ ਰਾਮਜੀ ਦਾਸ ਪੁੱਤਰ ਸਦਾਰਾਮ ਵਾਸੀ ਕੁਲਾਮ ਰੋਡ ਨਵਾਂਸ਼ਹਿਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਕੋਲ ਇਕ ਪੁਰਾਣਾ ਹੀਰੋ ਜੈੱਟ ਗੋਲਡ ਸਾਈਕਲ ਹੈ ਜਿਸਨੂੰ ਉਸਨੇ ਆਪਣੇ ਘਰ ਦੇ ਬਾਹਰ ਖੜਾ ਕੀਤਾ ਹੋਇਆ ਸੀ। ਜਦੋਂ ਉਹ ਘਰੋਂ ਬਾਹਰ ਆਇਆ ਤਾਂ ਉਸਦਾ ਸਾਈਕਲ ਬਾਹਰ ਨਹੀਂ ਸੀ।

ਉਸਨੇ ਦੱਸਿਆ ਕਿ ਉਸਨੂੰ ਯਕੀਨ ਹੈ ਕਿ ਉਸਦੇ ਘਰ ਦੇ ਬਾਹਰ ਘੁੰਮ ਰਹੇ ਤਿਰਲੋਕ ਉਰਫ਼ ਬੂੰਦੀ ਨੇ ਉਸਦਾ ਸਾਈਕਲ ਚੋਰੀ ਕਰ ਲਿਆ ਹੈ। ਐੱਸ ਐੱਚ ਓ ਹਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀ ਖਿਲਾਫ ਧਾਰਾ 379 ਤਹਿਤ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਇਸੇ ਤਰ੍ਹਾਂ ਇਕ ਹੋਰ ਮਾਮਲੇ ਸਬੰਧੀ ਜਾਣਕਾਰੀ ਦਿੰਦੇ।ਹੋਏ ਥਾਣਾ ਕਾਠਗੜ੍ਹ ਵਿਖੇ ਤਾਇਨਾਤ ਏ ਐੱਸ ਆਈ ਸਤਵੰਤ ਸਿੰਘ ਨੇ ਦੱਸਿਆ ਕਿ ਬਿਕਰਮਜੀਤ ਪੁੱਤਰ ਰਾਮ ਸਰੂਪ ਵਾਸੀ ਪਿੰਡ ਰਾਜੂਮਾਜਰਾ ਨੇ ਦੱਸਿਆ ਕਿ ਉਹ ਆਪਣੇ ਮੋਟਰਸਾਈਕਲ 'ਤੇ ਪਿੰਡ ਰੱਤੇਵਾਲ ਸਥਿਤ ਸਰਕਾਰੀ ਸੀ ਸੈ ਸਕੂਲ ਗਿਆ ਸੀ, ਉਸਦਾ ਮੋਟਰਸਾਈਕਲ ਬਾਹਰ ਖੜ੍ਹਾ ਸੀ।ਜਦੋਂ ਉਹ ਉੱਥੋਂ ਵਾਪਸ ਆਇਆ ਤਾਂ ਉਸਦਾ ਮੋਟਰਸਾਈਕਲ ਉੱਥੇ ਨਹੀਂ ਸੀ।ਉਸਨੇ ਦੱਸਿਆ ਕਿ ਉਹ ਆਪਣੇ ਤੌਰ 'ਤੇ ਮੋਟਰਸਾਈਕਲ ਦੀ ਭਾਲ ਕਰਦਾ ਰਿਹਾ।

ਹੁਣ ਉਸਨੂੰ ਯਕੀਨ ਹੈ ਕਿ ਉਸਦਾ ਮੋਟਰਸਾਈਕਲ ਹਰਮੇਸ਼ ਉਰਫ ਗੌਰਾ ਉਰਫ ਗੌਰਵ ਵਾਸੀ ਪਿੰਡ ਮਹਿੰਦੀਪੁਰ ਥਾਣਾ ਕਾਠਗੜ੍ਹ ਅਤੇ ਰਿਤਿਕ ਵਾਸੀ ਪਿੰਡ ਰੱਤੇਵਾਲ ਨੇ ਚੋਰੀ ਕੀਤਾ ਹੈ।ਪੁਲਸ ਨੇ ਉਕਤ ਸ਼ਿਕਾਇਤ ਦੇ ਆਧਾਰ 'ਤੇ ਉਕਤ ਮੁਲਜ਼ਮਾਂ ਖਿਲਾਫ ਧਾਰਾ 379 ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੇਹਰਚੰਦ ਪੌਲੀਟੈਕਨਿਕ ਕਾਲਜ ਦੇ ਵਿਦਿਆਰਥੀ ਦੀ ਨੌਕਰੀ ਲਈ ਚੋਣ



ਜਲੰਧਰ (ਸ਼ੈਲੀ ਐਲਬਰਟ) ਮੇਹਰਚੰਦ ਪੌਲੀਟੈਕਨਿਕ ਕਾਲਜ ਜਲੰਧਰ ਦੇ ਇਲੈਕਟ੍ਰੌਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ (ਈ.ਸੀ.ਈ.) ਵਿਭਾਗ ਦੇ ਵਿੱਕੀ ਦੀ ਮੈਗਾ ਇੰਜੀਨੀਅਰਸ, ਜਲੰਧਰ ਵਿੱਚ ਸਰਵਿਸ ਇੰਜੀਨੀਅਰ ਦੇ ਤੌਰ ਤੇ ਲਗਭਗ ਡੇਢ ਲਖ ਰੁਪਏ ਸਲਾਨਾ ਤਨਖਾਹ ਉੱਤੇ ਪਲੇਸਮੈਂਟ ਹੋਈ । ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਛੇ ਮਹੀਨੇ ਦੀ ਟ੍ਰੇਨਿੰਗ ਖਤਮ ਹੋਣ ਉਪਰੰਤ ਇਸ ਟ੍ਰੇਨੀ ਦੀ ਤਨਖਾਹ ਕੰਪਨੀ ਵੱਲੋਂ ਵਧਾ ਦਿਤੀ ਜਾਵੇਗੀ। ਪ੍ਰਿੰਸੀਪਲ ਨੇ ਵਿਭਾਗ ਮੁਖੀ ਪ੍ਰਿੰਸ ਮਦਾਨ, ਟ੍ਰੇਨਿੰਗ ਐਂਡ ਪਲੇਸਮੈਂਟ ਅਫਸਰ ਰਾਜੇਸ਼ ਕੁਮਾਰ, ਕੋ-ਆਰਡੀਨੇਟਰ ਮਨੀਸ਼ ਸਚਦੇਵਾ ਦੀ ਸ਼ਲਾਘਾ ਕੀਤੀ ਅਤੇ ਚੁਣੇ ਹੋਏ ਵਿਦਿਆਰਥੀ ਨੂੰ ਸਨਮਾਨਤ ਕੀਤਾ ਤੇ ਵਧਾਈ ਦਿੱਤੀ । ਮੇਹਰਚੰਦ ਪੌਲੀਟੈਕਨਿਕ ਵਿਚ ਇਸ ਸੈਸ਼ਨ ਦੌਰਾਨ 30 ਤੋਂ ਵੱਧ ਵਿਦਿਆਰਥੀ ਵੱਖ-ਵੱਖ ਕੰਪਨੀਆਂ ਵਿੱਚ ਸਿਲੈਕਟ ਹੋ ਚੁੱਕੇ ਹਨ ।

## ਸੇਂਟ ਸੋਲਜਰ ਲਾਅ ਕਾਲਜ 'ਚ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ

ਜਲੰਧਰ, (ਸ਼ੈਲੀ ਐਲਬਰਟ)- ਸੇਂਟ ਸੋਲਜਰ ਲਾਅ ਕਾਲਜ, ਜਲੰਧਰ ਵਿਖੇ ਕਾਲਜ ਡਾਇਰੈਕਟਰ ਡਾ. ਐਸ ਸੀ ਸ਼ਰਮਾ ਦੀ ਦੇਖ-ਰੇਖ ਹੇਠ ਵਿਦਿਆਰਥੀਆਂ ਦੀ ਵਿਦਾਇਗੀ ਪਾਰਟੀ ਦਾ ਆਯੋਜਨ ਬੜੇ ਉਤਸ਼ਾਹ ਨਾਲ ਕੀਤਾ ਗਿਆ। ਵਿਦਿਆਰਥੀ ਇਸ ਮੌਕੇ ਬਹੁਤ ਹੀ ਉਤਸ਼ਾਹਤ ਸਨ, ਪਰ ਥੋੜ੍ਹਾ ਉਦਾਸ ਵੀ ਸਨ ਕਿਉਂਕਿ ਇਹ ਉਨ੍ਹਾਂ ਦੇ ਜੂਨੀਅਰਾਂ ਅਤੇ ਸਹਿਪਾਠੀਆਂ ਨੂੰ ਅਲਵਿਦਾ ਕਹਿਣ ਦਾ ਸਮਾਂ ਸੀ। ਜੂਨੀਅਰਾਂ ਨੇ ਆਪਣੇ ਸੀਨੀਅਰਾਂ ਲਈ ਇੱਕ ਸ਼ਾਨਦਾਰ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਸੀ ਜਿਸ ਵਿੱਚ ਉਨ੍ਹਾਂ ਨੂੰ ਬੈਲੂਨ ਬੈਲੇਂਸਿੰਗ, ਟਾਇਟਲ, ਡੇਰ, ਡਾਂਸਿੰਗ ਚੈਲੇਂਜ, ਰੈਂਪ ਵਾਕ ਆਦਿ ਵਰਗੀਆਂ ਗੇਮਿੰਗ ਚੁਣੌਤੀਆਂ ਦਿੱਤੀਆਂ ਗਈਆਂ ਸਨ। ਕਾਲਜ ਡਾਇਰੈਕਟਰ ਨੇ ਮੁੱਖ ਮਹਿਮਾਨ ਐਮ ਡੀ ਮਨਹਰ ਅਰੋੜਾ, ਵਿਸ਼ੇਸ਼ ਮਹਿਮਾਨ ਡਾ. ਵੀਨਾ ਦਾਦਾ, ਇੰਚਾਰਜ ਪ੍ਰੋਫ਼ੈਸਰ ਮੋਨਿਕਾ ਖੰਨਾ ਅਤੇ ਪ੍ਰੋਫ਼ੈਸਰ ਰਿੰਕਾ ਰਾਣੀ ਅਤੇ ਸਮੂਹ ਸਟਾਫ਼ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਪਾਰਟੀ ਵਿੱਚ ਬਲਰਾਜ ਸਿੰਘ ਨੂੰ ਮਿਸਟਰ ਫੇਅਰਵੈਲ ਦਾ ਖਿਤਾਬ ਅਤੇ ਮਨਵੀਰ ਕੌਰ ਨੂੰ ਬੈਸਟ ਸਟੂਡੈਂਟ ਦਾ ਖਿਤਾਬ ਦਿੱਤਾ ਗਿਆ। ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਆਸ਼ੀਰਵਾਦ ਦਿੱਤਾ।

## 1 ਮਈ ਨੂੰ ਨਵਾਂਸ਼ਹਿਰ ਵਿਖੇ ਮਨਾਇਆ ਜਾਵੇਗਾ ਲੇਬਰ ਦਿਵਸ

ਬੰਗਾ (ਅਵਤਾਰ ਕਲੇਰ)-ਸੀ ਪੀ ਆਈ ਅਤੇ ਆਰ ਐਮ ਪੀ ਆਈ ਵਲੋਂ ਸਾਂਝੇ ਤੌਰ 'ਤੇ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਲੇਬਰ ਦਿਵਸ ਮਨਾਇਆ ਜਾਵੇਗਾ। ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਕਾਮਰੇਡ ਨਰੰਜਣ ਦਾਸ ਮੇਹਲੀ ਨੇ ਦੱਸਿਆ ਕਿ ਮੁੱਖ ਬੁਲਾਰੇ ਕਾਮਰੇਡ ਹਰਮੇਸ਼ ਰਤਨ ਚੇਅਰਮੈਨ ਕੰਟਰੋਲ ਕਮਿਸ਼ਨ ਸਟੇਟ ਕੌਂਸਲ ਸੀ ਪੀ ਆਈ ਪੰਜਾਬ ਵੀ ਇਸ ਮੌਕੇ ਪਹੁਚਣਗੇ। ਝੰਡੇ ਦੀ ਰਸਮ ਠੀਕ 11 ਵਜੇ ਕੀਤੀ ਜਾਵੇਗੀ। ਉਨ੍ਹਾਂ ਪਾਰਟੀ ਵਰਕਰਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਕਾਮਰੇਡ ਜਸਵਿੰਦਰ ਭੰਗਲ ਮੀਤ ਸਕੱਤਰ ਸੀ ਪੀ ਆਈ ਨਵਾਂਸ਼ਹਿਰ ,ਕਾਮਰੇਡ ਜਗਤਾਰ ਸਿੰਘ ਪੁੰਨੂੰਮਜਾਰਾ, ਕਾਮਰੇਡ ਪਰਮਿੰਦਰ ਮੇਨਕਾ ਤਹਿਸੀਲ ਸਕੱਤਰ ਬਲਾਚੌਰ, ਕਾਮਰੇਡ ਗੁਰਬਖਸ਼ ਕੌਰ ਰਾਹੋਂ ਪ੍ਰਧਾਨ ਇਸਤਰੀ ਸਭਾ ਜ਼ਿਲ੍ਹਾ ਨਵਾਂਸ਼ਹਿਰ, ਕਾਮਰੇਡ ਜੁਝਾਰ ਸਿੰਘ ,ਕਾਮਰੇਡ ਜੋਗਿੰਦਰ ਚਣਕੋਈ, ਕਾਮਰੇਡ ਹੁਸਨ ਲਾਲ ਮੇਹਲੀ ਬ੍ਰਾਂਚ ਸਕੱਤਰ ਸੀ ਪੀ ਆਈ ਮੇਹਲੀ, ਕਾਮਰੇਡ ਅਮਰਜੀਤ ਬੱਬੀ ਮੈਂਬਰ ਜ਼ਿਲ੍ਹਾ ਕੌਂਸਲ ਨਵਾਂਸ਼ਹਿਰ, ਕਾਮਰੇਡ ਪਵਨ ਕੁਮਾਰ ਮੀਤ ਸਕੱਤਰ ਬ੍ਰਾਂਚ ਮੇਹਲੀ ਆਦਿ ਹਾਜ਼ਰ ਸਨ।

## ਖ਼ੂਨਦਾਨ ਕੈਂਪ ਲਾਇਆ

ਨਵਾਂਸ਼ਹਿਰ (ਮਨੋਜ ਲਾਡੀ, ਦੁਰਗਾਪੁਰੀਆ) ਸਮਾਜ ਭਲਾਈ ਸੰਸਥਾ ਪਿੰਡ ਮਹਾਲੋਂ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ 7ਵਾਂ ਸਵੈ-ਇੱਛੁਕ ਖ਼ੂਨਦਾਨ ਕੈਂਪ ਲਾਇਆ ਗਿਆ ਜਿਸ ਵਿਚ ਲਗਪਗ 32 ਖ਼ੂਨਦਾਨੀਆਂ ਨੇ ਹਿੱਸਾ ਲਿਆ।ਇਸ ਦੌਰਾਨ ਆਪਣੇ ਸੰਬੋਧਨ ਵਿਚ ਖ਼ੂਨਦਾਨੀਆਂ ਨੇ ਕਿਹਾ ਕਿ ਅਜੋਕੇ ਸਮੇਂ ਵਿਚ ਸਾਨੂੰ ਬਾਬਾ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਸਮਾਜ ਸੇਵੀ ਕੰਮਾਂ ਵਿਚ ਹਿੱਸਾ ਲੈਣਾਂ ਚਾਹੀਦਾ ਹੈ ਅਤੇ ਨੌਜਵਾਨ ਵਰਗ ਨੂੰ ਸਮਾਜ ਅਤੇ ਦੇਸ਼ ਦੇ ਵਿਕਾਸ ਵਿਚ ਵੱਧ ਤੋਂ ਵੱਧ ਸਹਿਯੋਗ ਪਾਉਣਾ ਚਾਹੀਦਾ ਹੈ।ਇਸ ਮੌਕੇ ਸਮਾਜ ਭਲਾਈ ਸੰਸਥਾ ਦੇ ਮੈਂਬਰ ਪ੍ਰਧਾਨ ਲੱਡੂ, ਬੌਬੀ, ਜਗਤਾਰ (ਤਾਰੀ), ਡਾ. ਸੁਰਿੰਦਰਬੁੱਧ ਰਾਮ, ਜਗਤਾਰ ਸਿੰਘ, ਜਗਜੀਤ, ਬਲਵੀਰ ਸਿੰਘ, ਨਵਨੀਤ ਸਿੰਘ (ਮਿੱਠਾ) ਆਦਿ ਮੌਜੂਦ ਸਨ।

## ਲਧਾਣਾ ਝਿੱਕਾ ਤੇ ਹੀਓਂ ਵਿਖੇ ਐਂਟੀ ਮਲੇਰੀਆ ਦਿਵਸ ਮਨਾਇਆ



ਬੰਗਾ (ਅਵਤਾਰ ਕਲੇਰ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਪੀ ਐਚ ਸੀ ਸੁੱਜੋਂ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਪਿੰਡ ਲਧਾਣਾ ਝਿੱਕਾ ਅਤੇ ਪਿੰਡ ਹੀਓਂ ਵਿਖੇ ਐਂਟੀ ਮਲੇਰੀਆ ਦਿਵਸ ਮਨਾਇਆ ਗਿਆ।ਜਿਸ ਦੌਰਾਨ ਹਰਮੇਸ਼ ਲਾਲ ਹੈਲਥ ਇੰਸਪੈਕਟਰ ਅਤੇ ਰਾਜ ਕੁਮਾਰ ਮਲਟੀਪਰਪਜ ਹੈਲਥ ਵਰਕਰ ਨੇ ਲੋਕਾਂ ਨੂੰ ਮਲੇਰੀਆ ਬੁਖਾਰ ਦੇ ਲੱਛਣਾਂ, ਚਿੰਨਾਂ ਅਤੇ ਇਸ ਤੋਂ ਬਚਾਅ ਕਿਵੇਂ ਕਰਨਾ ਹੈ ਬਾਰੇ ਵਿਸਥਾਰਪੂਰਵਕ ਦੱਸਿਆ। ਉਨ੍ਹਾਂ ਦੇ ਦੱਸਿਆ ਕਿ ਸਾਨੂੰ ਆਪਣੇ ਆਲੇ ਦੁਆਲੇ ਸਾਫ਼ ਸਫ਼ਾਈ ਰੱਖਣੀ ਚਾਹੀਦੀ ਹੈ। ਰਾਤ ਨੂੰ ਸੌਣ ਸਮੇਂ ਮੱਛਰ ਭਜਾਉ ਯੰਤਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਮੱਛਰ ਦਾਨੀਆ ਲਗਾਂ ਕੇ ਕਮਰਿਆਂ ਨੂੰ ਜਾਲੀਦਾਰ ਦਰਵਾਜ਼ੇ ਲਗਾ ਕੇ ਸੌਣਾ ਚਾਹੀਦਾ ਹੈ।ਬੁਖਾਰ ਹੋਣ ਤੇ ਨੇੜੇ ਦੇ ਸਿਹਤ ਕੇਂਦਰ ਤੋਂ ਖ਼ੂਨ ਦੀ ਜਾਂਚ ਕਰਵਾਈ ਚਾਹੀਦੀ ਹੈ।ਸੌਣ ਸਮੇਂ ਪੂਰੀਆਂ ਬਾਹਾਂ ਦੇ ਕੱਪੜੇ ਪਹਿਨਣੇ ਚਾਹੀਦੇ ਹਨ। ਇਸ ਸਮੇਂ ਸੁਖਵਿੰਦਰ ਕੌਰ ਐਲ, ਐਚ,ਵੀ ਜਯੋਤੀ ਕਲਮ ਅਤੇ ਨੀਲਮ ਦੇਵੀ, ਡਾ ਦਿਲਜੀਤ ਕੁਮਾਰ ਸੀ ਐਚ ਓ ਅਤੇ ਜਤਿੰਦਰ ਕੌਰ ਆਸ਼ਾ ਵਰਕਰਾਂ ਵੀ ਹਾਜ਼ਰ ਸਨ।

## ਅਗਮਪ੍ਰੀਤ ਨੂੰ ਫੋਕ ਡਾਂਸ ਦੇ ਮੁਕਾਬਲਿਆਂ 'ਚ ਪਹਿਲਾ ਸਥਾਨ 'ਤੇ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਅਖਲ ਭਾਰਤੀ ਅਗਰਵਾਲ ਸੰਮੇਲਨ ਪੰਜਾਬ ਵੱਲੋਂ ਮੇਗਾ ਡਾਂਸ ਫੈਸਟ ਸਟੇਟ ਲੈਵਲ ਸਮਾਗਮ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਹੁਸ਼ਿਆਰਪੁਰ ਵਿਖੇ 28 ਅਪ੍ਰੈਲ 2024 ਨੂੰ ਕਰਵਾਇਆ ਗਿਆ। ਇਸ ਮੇਲੇ ਵਿੱਚ 6 ਤੋਂ 10 ਸਾਲ ਦੀ ਉਮਰ ਦੇ ਵਰਗ ਵਿੱਚ ਫੋਕ ਡਾਂਸ ਦੇ ਹੋਏ ਮੁਕਾਬਲਿਆਂ ਵਿੱਚ ਅਗਮਪ੍ਰੀਤ ਕੌਰ ਨੇ ਕੌਸ਼ਲ ਡਾਂਸ ਅਕੈਡਮੀ ਵੱਲੋਂ ਫੋਕ ਡਾਂਸ ਵਿੱਚ ਭਾਗ ਲਿਆ।ਇੰਨ੍ਹਾ ਫੋਕ ਮੁਕਾਬਲਿਆਂ ਵਿੱਚ ਉਸ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਪਹਿਲਾ ਸਥਾਨ ਪ੍ਰਾਪਤ ਕਰਕੇ ਜਿੱਥੇ ਉਹਨੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਉੱਥੇ ਉਸ ਨੇ ਕੌਸ਼ਲ ਅਕੈਡਮੀ ਦਾ ਵੀ ਨਾ ਰੌਸ਼ਨ ਕੀਤਾ।

# ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ ਧੀਆਂ ਦੇ ਰਹੀਆਂ ਵੋਟ ਦਾ ਸੁਨੇਹਾ 'ਮਾਪੇ ਬਜ਼ੁਰਗ ਨੌਜਵਾਨ, ਵੋਟ ਪਾਉਣ ਸਾਰੇ ਜਾਣ'

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)- ਭਾਰਤੀ ਚੋਣ ਕਮਿਸ਼ਨ ਵੱਲੋਂ ਲੋਕਤੰਤਰੀ ਪ੍ਰੰਪਰਾਵਾਂ ਦੀ ਮਜ਼ਬੂਤੀ ਲਈ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ ਧੀਆਂ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਵਿਚ ਘਰ-ਘਰ ਜਾ ਕੇ ਇੱਕ ਜੂਨ ਨੂੰ ਵੋਟ ਪਾਉਣ ਦਾ ਸੁਨੇਹਾ ਦੇ ਰਹੀਆਂ ਹਨ। ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਵੋਟਰ ਸਾਖਰਤਾ ਕਲੱਬਾਂ ਵੱਲੋਂ ਲਗਾਤਾਰ ਬੂਥ ਪੱਧਰ ਉਪਰ ਜਾ ਕੇ ਸਵੀਪ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ 1 ਜੂਨ ਨੂੰ ਵੱਧ ਤੋਂ ਵੱਧ ਵੋਟਾਂ ਦਾ ਭੁਗਤਾਨ ਕਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹਾ ਪੰਜਾਬ ਵਿੱਚ ਇੱਕ ਨੰਬਰ 'ਤੇ ਆਵੇ। ਉਨ੍ਹਾਂ ਦੱਸਿਆ ਕਿ ਹੁਣ ਇਸ ਲੋਕਤੰਤਰ ਦੇ ਯੱਗ ਵਿੱਚ ਮੋਹਾਲੀ ਜ਼ਿਲ੍ਹੇ ਦੀਆਂ ਧੀਆਂ ਵੱਲੋਂ ਮੋਰਚੇ ਸੰਭਾਲੇ ਗਾਏ ਹਨ। ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਦੀਆਂ ਵਿਦਿਆਰਥਣਾਂ ਨੇ ਲੋਕਤੰਤਰ ਦੀਆਂ ਬੋਲੀਆਂ ਪਾਉਂਦੇ ਹੋਏ ਰੈਲੀ ਕੱਢ ਕੇ ਲੋਕਾਂ ਨੂੰ ਵੋਟ ਪਾਉਣ ਲਈ ਅਪੀਲ ਕੀਤੀ। ਵੋਟਰ ਸਾਖਰਤਾ ਕਲੱਬਾਂ ਦੇ ਵਾਲੰਟੀਅਰ 'ਵੋਟ ਪਾਉਣ ਜਾਣਾ ਹੈ ਦੇਸ਼ ਦਾ ਪਰਵ ਮਨਾਉਣਾ ਹੈ', 'ਮੇਰਾ ਪਹਿਲਾ ਵੋਟ ਦੇਸ਼ ਦੇ ਨਾਮ' ਅਤੇ 'ਮਹਿਲਾਵਾਂ ਬਜ਼ੁਰਗ ਅਤੇ ਜਵਾਨ ਵੋਟ ਪਾਉਣ ਸਾਰੇ ਜਾਣ' ਦੇ ਨਾਅਰੇ ਲਗਾ ਕੇ ਲੋਕਤੰਤਰ ਦੇ ਇਸ ਮਹਾਂ ਤਿਉਹਾਰ ਨੂੰ ਮਨਾ ਰਹੇ ਹਨ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਛਲੀ ਕਲਾਂ ਦੀਆਂ ਵਿਦਿਆਰਥਣਾਂ ਨੇ ਬੂਥ ਉਪਰ ਜਾ ਕੇ ਮਹਿਲਾ ਵੋਟਰਾਂ ਨੂੰ ਇਕੱਤਰ ਕਰ ਮਹਿੰਦੀ ਲਾ ਕੇ ਲੋਕਤੰਤਰ ਦੀਆਂ ਤੀਆਂ ਮਨਾਈਆਂ। ਇਸੇ ਤਰ੍ਹਾਂ ਦਾ ਉਪਰਾਲਾ ਸਰਕਾਰੀ ਹਾਈ ਸਕੂਲ ਨਾਡਾ ਦੀਆਂ ਵਿਦਿਆਰਥਣਾਂ ਵੱਲੋਂ ਵੀ ਕੀਤਾ ਗਿਆ। ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਸਤਨਾਮ ਸਿੰਘ ਬਾਠ ਤੇ ਉਪ ਸਿੱਖਿਆ ਅਫਸਰ ਅੰਗਰੇਜ ਸਿੰਘ ਦੀ ਸਕੂਲ ਪੱਧਰ ਉਪਰ ਕੀਤੇ ਜਾ ਰਹੇ ਵੋਟਰ ਜਾਗਰੂਕਤਾ ਦੇ ਉਪਰਾਲਿਆਂ ਲਈ ਸ਼ਲਾਘਾ ਕੀਤੀ ਗਈ।

# ਦੀ ਇੰਪੀਰੀਅਲ ਸਕੂਲ ਗਰੀਨ ਕੈਂਪਸ ਦੇ ਵਿਦਿਆਰਥੀਆਂ ਨੇ ਤਗਮੇ ਜਿੱਤੇ



ਆਦਮਪੁਰ (ਪਰਮਜੀਤ ਸਿੰਘ)- ਇੰਪੀਰੀਅਲ ਸਕੂਲ ਗ੍ਰੀਨ ਕੈਂਪਸ ਦੇ ਵਿਦਿਆਰਥੀਆਂ ਨੇ ਕਪੂਰਥਲਾ ਵਿਖੇ ਕਰਵਾਈ ਗਈ ਦੂਸਰੀ ਪੰਜਾਬ ਸਟੇਟ ਵੋਵਿਨਮ ਚੈਂਪੀਅਨਸ਼ਿਪ ਵਿੱਚ 10 ਮੈਡਲ ਜਿੱਤ ਕੇ ਆਪਣੇ ਸਕੂਲ ਅਤੇ ਆਪਣੇ ਪਰਵਾਰ ਦਾ ਨਾਂਅ ਰੌਸ਼ਨ ਕੀਤਾ ਹੈ। ਇਹ ਮੁਕਾਬਲਾ ਵੋਵਿਨਮ ਐਸੋਸੀਏਸ਼ਨ ਆਫ਼ ਇੰਡੀਆ ਅਤੇ ਏਸ਼ੀਅਨ ਫੈਡਰੇਸ਼ਨ ਵੱਲੋਂ 28 ਅਪ੍ਰੈਲ ਨੂੰ ਸੁਹਾਗ ਪੈਲੇਸ ਜਲੰਧਰ ਰੋਡ ਕਪੂਰਥਲਾ ਵਿਖੇ ਕਰਵਾਇਆ ਗਿਆ। ਕ੍ਰਿਸਟੀਨਾ ਅਤੇ ਵਨਿਕਾ ਨੇ ਇਸ ਮੁਕਾਬਲੇ 'ਚ ਗੋਲਡ ਜਦੋਂਕਿ ਕ੍ਰਿਤਿਕਾ, ਕੋਮਲ, ਆਸ਼ੀ ਸ਼ਰਮਾ, ਪ੍ਰਕ੍ਰਿਤੀ, ਦ੍ਰਿਸ਼ਟੀ ਅਤੇ ਆਰੀਅਨ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚਾਂਦੀ ਦੇ ਤਗਮੇ ਜਿੱਤੇ। ਯਸ਼ਿਕਾ ਨੇ ਕਾਂਸੀ ਦਾ ਤਗਮਾ ਜਿੱਤਿਆ। ਸਕੂਲ ਪ੍ਰਿੰਸੀਪਲ ਸਵਿੰਦਰ ਕੌਰ ਮੱਲ੍ਹੀ ਨੇ ਸਾਰੇ ਜੇਤੂਆਂ ਅਤੇ ਉਨ੍ਹਾਂ ਦੇ ਕੋਚ ਅੰਜਲੀ ਗਿੱਲ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਆਉਣ ਵਾਲੇ ਸਮੇਂ ਵਿੱਚ ਚੰਗੇ ਭਵਿੱਖ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਦੇ ਚੇਅਰਮੈਨ ਜਗਦੀਸ਼ ਲਾਲ ਅਤੇ ਡਾਇਰੈਕਟਰ ਜਗਮੋਹਨ ਅਰੋੜਾ ਨੇ ਵਿਜਈ ਵਿਦਿਆਰਥੀਆਂ ਅਤੇ ਇਸ ਪ੍ਰਾਪਤੀ ਲਈ ਖੇਡ ਵਿਭਾਗ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਅਤੇ ਅੱਗੇ ਆਉਣ ਲਈ ਪ੍ਰੇਰਿਤ ਕੀਤਾ।

# ਡਾ. ਰਮਨ ਬਣੇ ਮੁਹੱਲਾ ਡਿਵੈੱਲਪਮੈਂਟ ਕਮੇਟੀ ਭਗਤਪੁਰਾ ਦੇ ਮੁੜ ਪ੍ਰਧਾਨ

ਫਗਵਾੜਾ ( ਜਸਵਿੰਦਰ ਢੱਡਾ) 2007 ਤੋਂ ਬਣੀ ਮੁਹੱਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਫਗਵਾੜਾ ਪਿਛਲੇ ਲੰਮੇ ਸਮੇਂ ਤੋਂ ਇਲਾਕੇ ਦੇ ਵਿਕਾਸ ਕਾਰਜਾ ਅਤੇ ਸਮਾਜ ਸੇਵੀ ਕੰਮਾਂ ਨਾਲ ਜਾਣੀ ਜਾਂਦੀ ਹੈ, ਜਿਸ ਨੇ ਇਲਾਕੇ ਦੇ ਵਿਕਾਸ ਕਾਰਜਾ 'ਚ ਮੋਢੀ ਹੋ ਭੂਮਿਕਾ ਨਿਭਾਈ ਦੀ ਮੁੜ ਚੋਣ ਸੰਬੰਧੀ ਇੱਕ ਵਿਸ਼ੇਸ਼ ਮੀਟਿੰਗ ਇਲਾਕਾ ਭਗਤਪੁਰਾ ਵਿਖੇ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਦਿਆਲ ਸਿੰਘ ਨੰਨੜਾ ਦੀ ਅਗਵਾਈ ਹੇਠ ਕੀਤੀ ਗਈ ਜਿਸ ਵਿੱਚ ਪ੍ਰਧਾਨ ਡਾ ਰਮਨ ਸ਼ਰਮਾ ਵਲੋਂ ਕੀਤੇ ਗਏ ਕਾਰਜਾ ਨੂੰ ਵੇਖਦੇ ਹੋਏ ਸਭਨਾਂ ਮੈਂਬਰਾ ਦੀ ਸਹਿਮਤੀ ਨਾਲ ਉਨ੍ਹਾਂ ਨੂੰ ਮੁੜ ਤੋਂ ਮੁੱਹਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਦਾ ਪ੍ਰਧਾਨ ਚੁਣਿਆ ਗਿਆ ਅਤੇ ਬਾਕਿ ਅਹੁਦੇਦਾਰ ਚੁਣਨ ਦੇ ਅਧਿਕਾਰ ਵੀ ਉਨ੍ਹਾਂ ਨੂੰ ਦਿੱਤੇ ਗਏ ਡਾ. ਰਮਨ ਇਸ ਕਮੇਟੀ 'ਚ 2007 ਤੋਂ ਲੈ ਕੇ (2024) ਹੁਣ ਤੱਕ ਪ੍ਰਧਾਨਗੀ ਕਰਦੇ ਆ ਰਹੇ ਹਨ। ਇਸ ਮੌਕੇ ਉਨ੍ਹਾਂ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਨ੍ਹਾਂ ਨੂੰ ਜੋ ਜ਼ੁੰਮੇਵਾਰੀ ਦਿੱਤੀ ਗਈ ਹੈ। ਉਹ ਜ਼ਿੰਮੇਵਾਰੀ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਵਿਕਾਸ ਦੇ ਕੰਮ ਅਤੇ ਸਮਾਜ ਸੇਵਾ ਦੇ ਕੰਮਾਂ 'ਚ ਉਹ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਘਾਟ ਨਹੀਂ ਰਹਿਣ ਦੇਣਗੇ। ਇਸ ਮੌਕੇ ਅਪਣੀ ਟੀਮ ਦੀ ਘੋਸ਼ਣਾ ਕੀਤੀ ਜਿਸ ਵਿੱਚ ਗੁਰਪਾਲਕ੍ਰਿਸ਼ਨ ਸਿੰਘ ਸਰਪ੍ਰਸਤ, ਨਰਿੰਦਰਪਾਲ ਸਿੰਘ ਮਾਹੀ (ਰਾਜੂ) ਸਲਾਹਕਾਰ, ਗੁਰਦਿਆਲ ਸਿੰਘ ਨੰਨੜਾ ਸੀਨੀਅਰ ਮੀਤ ਪ੍ਰਧਾਨ, ਜਸਵਿੰਦਰ ਪਾਲ ( ਨੀਲਾ) ਰਾਜਵਿੰਦਰ ਸਿੰਘ (ਸ਼ੇਰਾ) ਸਿਕੰਦਰ ਕਨੋਜੀਆ (ਕਾਕਾ) ਮੀਤ ਪ੍ਰਧਾਨ , ਸੰਦੀਪ ਸਿੰਘ ਜਰਨਲ ਸਕੱਤਰ, ਰੱਜਤ ਕਨੋਜੀਆ ਜੁਆਇਟ ਸਕੱਤਰ, ਮੁਕੇਸ਼ ਰੇਖੀ (ਲੱਕੀ) ਸੱਕਤਰ, ਗੁਰਮਤਿ ਸਿੰਘ (ਮੰਗਾ) ਕੈਸ਼ੀਅਰ, ਪ੍ਰਵੀਨ ਕਨੋਜੀਆ (ਬੱਬਲੂ) ਪ੍ਰਚਾਰ ਸਕੱਤਰ, ਮੈਡਮ ਧੰਨਦੀਪ ਕੌਰ ਲੀਗਲ ਅਡਵਾਈਜ਼ਰ ਆਦਿ ਨਿਯੁਕਤ ਕੀਤੇ ਗਏ। ਇਸ ਮੌਕੇ ਅਮਨ ਕੁਮਾਰ (ਕਾਲਾ) ਕਰਨ ਕਨੋਜੀਆ, ਸੋਰਵ ਕਨੋਜੀਆ (ਮੰਨੂੰ) ਹਰਸ਼, ਰਾਮ ਤਿਲਕ ਆਦਿ ਮੌਜੂਦ ਸਨ।

# ਚੋਣ ਫੀਸਦੀ ਵਧਾਉਣ ਲਈ ਚੋਣ ਕਮਿਸ਼ਨ ਨੇ ਸ਼ੁਰੂ ਕੀਤੀ ਅਨੋਖੀ ਪਹਿਲ

ਚੰਡੀਗੜ੍ਹ, (ਕ੍ਰਿਸ਼ਨ ਗਰਗ) ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਹੈ ਕਿ ਪਿਛਲੇ ਲੋਕ ਸਭਾ ਚੋਣ ਵਿਚ ਹੋਏ ਚੋਣ ਫੀਸਦੀ 70 ਫੀਸਦੀ ਸੀ ਅਤੇ ਇਸ ਵਾਰ ਇਸ ਨੂੰ ਘੱਟ ਤੋਂ ਘੱਟ 75 ਫੀਸਦੀ ਕਰਨ ਦਾ ਟੀਚਾ ਨਿਰਧਾਰਤ ਹੈ। ਇਸ ਲਈ ਵਿਭਾਗ ਵੱਲੋਂ ਅਨੋਖੀ ਪਹਿਲ ਕੀਤੀ ਗਈ ਹੈ, ਜਿਨ੍ਹਾਂ ਵਿਚ ਵੋਟਰ ਇਨ ਕਿਯੂ ਐਪ, ਵੋਟਰਾਂ ਨੂੰ ਵਿਆਹ ਦੀ ਤਰ੍ਹਾ ਚੋਣ ਦੇ ਸੱਦਾ ਕਾਰਡ ਅਤੇ ਗਲੋਬਲ ਸਿਟੀ ਗੁਰੂਗ੍ਰਾਮ ਦੀ ਬਹੁਮੰਜ਼ਿਲਾ ਸੋਸਾਇਟੀਆਂ ਵਿਚ 31 ਪੋਲਿੰਗ ਬੂਥ ਬਣਾਇਆ ਜਾਣਾ ਸ਼ਾਮਿਲ ਹੈ।ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ 29 ਅਪ੍ਰੈਲ ਤੋਂ ਚੋਣ ਦੀ ਨੋਟੀਫਿਕੇਸ਼ਨ ਜਾਰੀ ਕੀਤੀ ਜਾਵੇਗੀ ਅਤੇ ਸੂਬੇ ਦੇ 10 ਲੋਕ ਸਭਾ ਖੇਤਰਾਂ ਦੇ 1 ਕਰੋੜ 99 ਲੱਖ 81 ਹਜ਼ਾਰ 982 ਵੋਟਰ 10 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਉਨ੍ਹਾਂ ਦਸਿਆ ਕਿ ਅੰਬਾਲਾ ਵਿਧਾਨ ਸਭਾ ਖੇਤਰ ਵਿਚ 10 ਲੱਖ 51 ਹਜ਼ਾਰ 443 ਪੁਰਸ਼, 9 ਲੱਖ 35 ਹਜ਼ਾਰ 635 ਮਹਿਲਾ ਅਤੇ 76 ਟ੍ਰਾਂਸਜੇਂਡਰ ਵੋਟਰ ਹਨ। ਇਸ ਤਰ੍ਹਾ ਨਾਲ ਕੁਰੂਕਸ਼ੇਤਰ ਲੋਕ ਸਭਾ ਖੇਤਰ ਵਿਚ 9 ਲੱਖ 38 ਹਜ਼ਾਰ 29 ਪੁਰਸ਼, 8 ਲੱਖ 50 ਹਜ਼ਾਰ 439 ਮਹਿਲਾ, 23 ਟ੍ਰਾਂਸਜੇਂਡਰ, ਸਿਰਸਾ ਲੋਕ ਸਭਾ ਖੇਤਰ ਵਿਚ 10 ਲੱਖ 20 ਹਜ਼ਾਰ 510 ਪੁਰਸ਼, 9 ਲੱਖ 11 ਹਜ਼ਾਰ 339 ਮਹਿਲਾ, 41 ਟ੍ਰਾਂਸਜੇਂਡਰ ਵੋਟਰ ਹਨ। ਉਨ੍ਹਾਂ ਦੱਸਿਆ ਕਿ ਹਿਸਾਰ ਲੋਕ ਸਭਾ ਖੇਤਰ ਵਿਚ 9 ਲੱਖ 52 ਹਜਾਰ 598 ਪੁਰਸ਼, 8 ਲੱਖ 32 ਹਜ਼ਾਰ, 569 ਮਹਿਲਾ, 11 ਟ੍ਰਾਂਸਜੇਂਡਰ, ਕਰਨਾਲ ਵਿਧਾਨ ਸਭਾ ਖੇਤਰ ਵਿਚ 11 ਲੱਖ 3 ਹਜ਼ਾਰ 606 ਪੁਰਸ਼, 9 ਲੱਖ 92 ਾਰ;ਬ 721 ਮਹਿਲਾ, 37 ਟ੍ਰਾਂਸਜੇਂਡਰ, ਸੋਨੀਪਤ ਵਿਧਾਨ ਸਭਾ ਖੇਤਰ ਵਿਚ 9 ਲੱਖ 40 ਹਜਾਰ 969 ਪੁਰਸ਼, 8 ਲੱਖ 20 ਹਜਾਰ 483 ਮਹਿਲਾ ਅਤੇ 44 ਟ੍ਰਾਂਸਜੇਂਡਰ ਵੋਟਰ ਹਨ। ਅਗਰਵਾਲ ਨੇ ਦੱਸਿਆ ਕਿ ਰੋਹਤਕ ਵਿਧਾਨ ਸਭਾ ਖੇਤਰ ਵਿਚ ਵੋਟਰਾਂ ਦੀ ਗਿਣਤੀ 18 ਲੱਖ 83 ਹਜ਼ਾਰ 383 ਹੈ। ਇਸੇ ਤਰ੍ਹਾ ਭਿਵਾਨੀ- ਮਹੇਂਦਰਗੜ੍ਹ ਲੋਕ ਸਭਾ ਖੇਤਰ ਵਿਚ ਕੁੱਲ ਰਜਿਸਟਰਡ 17 ਲੱਖ 86 ਹਜ਼ਾਰ 942 ਵੋਟਰ ਹਨ । ਗੁੜਗਾਓਂ ਲੋਕ ਸਭਾ ਖੇਤਰ ਵਿਚ ਸੱਭ ਤੋਂ ਵੱਧ 25 ਲੱਖ 46 ਹਜ਼ਾਰ 91 ਵੋਟਰ ਹਨ ਜਦੋਂ ਕਿ ਫਰੀਦਾਬਾਦ ਲੋਕ ਸਭਾ ਖੇਤਰ ਵਿਚ ਵੋਟਰਾਂ ਦੀ ਗਿਣਤੀ 24 ਲੱਖ 14 ਹਜਾਰ 168 ਹੈ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਹੀਟ ਵੇਵ ਨੂੰ ਦੇਖਦੇ ਹੋਏ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਵਿਸ਼ੇਸ਼ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ-ਆਪਣੇ ਜ਼ਿਲ੍ਹਿਆਂ ਵਿਚ ਹੀਟ ਵੇਵ ਨੂੰ ਦੇਖਦੇ ਹੋਏ ਚੋਣ ਕੇਂਦਰਾਂ 'ਤੇ ਵੱਧ ਸਰੋਤਾਂ ਦੀ ਵਿਵਸਥਾ ਯਕੀਨੀ ਕਰਨ, ਜਿਨ੍ਹਾਂ ਵਿਚ ਠੰਢਾ ਪਾਣੀ, ਕੂਲਰ-ਪੱਖਾ ਅਤੇ ਟੈਂਟ ਦੀ ਵਿਵਸਥਾ ਸ਼ਾਮਲ ਹੈ। ਇਸੀ ਤਰ੍ਹਾ 85 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਅਤੇ ਦਿਵਆਂਗ ਵੋਟਰਾਂ ਦੀ ਸਹਾਇਤਾ ਲਈ ਵਾਲੰਟੀਅਰ ਦੇ ਨਾਲ-ਨਾਲ ਵਹੀਲ ਚੇਅਰ ਤੇ ਧੁੱਪ ਤੋਂ ਬਚਾਅ ਲਈ ਛੱਤਰੀ ਦੀ ਵਿਵਸਥਾ ਕਰਾਈ ਜਾਵੇ।

# ਪੰਜਾਬ ਪੈਨਸ਼ਨਰਜ਼ ਮਹਾਂ ਸੰਘ ਦੇ ਮੈਂਬਰਾਂ ਦੀ ਮੀਟਿੰਗ



ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)-ਪੰਜਾਬ ਪੈਨਸ਼ਨਰਜ਼ ਮਹਾਂ ਸੰਘ ਦੇ ਮੈਂਬਰਾਂ ਦੀ ਮੀਟਿੰਗ ਸੰਘ ਦੇ ਪ੍ਰਧਾਨ ਲੈਕਚਰਾਰ ਧਰਮ ਪਾਲ ਸੋਖਲ ਦੀ ਪ੍ਰਧਾਨਗੀ ਹੇਠ ਹੋਈ । ਸੰਘ ਦੇ ਸੀਨੀਅਰ ਮੈਂਬਰ ਲੈਕਚਰਾਰ ਲਛਮਣ ਸਿੰਘ ਅਤੇ ਪਵਨ ਕੁਮਾਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਸਰਕਾਰ ਵਲੋਂ ਪੈਨਸ਼ਨਰਾਂ ਨਾਲ ਕੀਤੀ ਵਾਅਦਾ ਖਿਲਾਫੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਵੱਡੇ ਵੱਡੇ ਦਾਅਵੇ ਕਰਕੇ ਸੱਤਾ ਵਿਚ ਆਈ ਪੰਜਾਬ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰਕੇ ਪੈਨਸ਼ਨਰਜ਼ਾਂ ਨਾਲ ਧੋਖਾ ਕੀਤਾ ਹੈ । ਸੰਘ ਦੇ ਪ੍ਰਧਾਨ ਲੈਕਚਰਾਰ ਧਰਮ ਪਾਲ ਸੋਖਲ ਨੇ ਕਿਹਾ ਕਿ ਲਾਭ ਨੂੰ ਉਡੀਕਦਿਆਂ ਪੰਜਾਬ ਵਿਚ 35 ਹਜ਼ਾਰ ਦੇ ਕਰੀਬ ਪੈਨਸ਼ਨਰਜ਼ ਅਕਾਲ ਚਲਾਣਾ ਕਰ ਗਏ ਹਨ । ਉਨ੍ਹਾਂ ਕਿਹਾ ਕਿ ਮਾਣਯੋਗ ਸਰਬਉੱਚ ਅਦਾਲਤ ਵਲੋਂ ਕੀਤੇ ਫੈਸਲੇ ਅਨੁਸਾਰ ਵਿੱਤੀ ਬੋਝ ਕਾਰਨ ਕਿਸੇ ਪੈਨਸ਼ਨਰ ਦੇ ਵਿੱਤੀ ਲਾਭ ਨਹੀਂ ਰੋਕੇ ਜਾ ਸਕਦੇ । ਸੰਘ ਦੇ ਮੈਂਬਰਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਮੁੱਖ ਚੋਣ ਕਮਿਸ਼ਨਰ ਤੋਂ ਮਨਜ਼ੂਰੀ ਲੈ ਕੇ ਉਕਤ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ ਨਹੀਂ ਤਾਂ ਉਹ ਲੋਕ ਸਭਾ ਚੋਣਾਂ ਵਿਚ ਨਤੀਜੇ ਭੁਗਤਣ ਲਈ ਤਿਆਰ ਰਹਿਣ । ਇਸ ਮੌਕੇ ਗੁਰਦਿਆਲ ਸਿੰਘ, ਹਰਚੰਦ ਸਿੰਘ, ਸੁਰਿੰਦਰਜੀਤ ਵਰਮਾ, ਨੌਹਰੀਆ ਸਿੰਘ, ਗੁਰਦੇਵ ਸਿੰਘ, ਸ਼ਾਮ ਲਾਲ, ਸੁਰਿੰਦਰਪਾਲ ਸਿੰਘ, ਨਿਰਮਲ ਸਿੰਘ, ਤਰਸੇਮ ਲਾਲ ਅਤੇ ਜੋਗਿੰਦਰ ਸਿੰਘ ਆਦਿ ਹਾਜ਼ਰ ਸਨ ।

# ਪਿੰਡ ਲੱਖਪੁਰ 'ਚ ਸਾਲਾਨਾ ਭੰਡਾਰਾ



ਫਗਵਾੜਾ ( ਡਾ. ਰਮਨ)- 108 ਬ੍ਰਹਮ ਗਿਆਨੀ ਭਗਤ ਜਵਾਲਾ ਦਾਸ ਜੀ ਮਹਾਰਾਜ ਅੰਗੀਠਾ ਸਾਹਿਬ ਪਿੰਡ ਲੱਖਪੁਰ ਤਹਿਸੀਲ ਫਗਵਾੜਾ ਵਿਖੇ ਸੁਆਮੀ ਪ੍ਰੇਮਾਨੰਦ ਦੀ ਅਗਵਾਈ ਹੇਠ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਭਗਤ ਜਵਾਲਾ ਦਾਸ ਅਤੇ ਸੁਆਮੀ ਰਾਮ ਚੇਤਨ ਦੀ ਯਾਦ ਨੂੰ ਸਮਰਪਤ ਸਲਾਨਾ ਭੰਡਾਰਾ ਕਰਵਾਇਆ ਗਿਆ। ਸਵੇਰੇ ਪੰਡਿਤ ਜੋਗਿੰਦਰ ਸ਼ਰਮਾ ਵਲੋਂ ਹਵਨ ਯੱਗ ਸੰਪੰਨ ਕਰਵਾਇਆ ਗਿਆ। ਇਸ ਮੌਕੇ ਸੁਆਮੀ ਰਵੀ ਪੁਰੀ ਹੁਸ਼ਿਆਰਪੁਰ, ਸੰਤ ਸ਼ਰਨ ਦਾਸ ਹੁਸ਼ਿਆਰਪੁਰ, ਬਾਬਾ ਕਰਨੈਲ ਸਿੰਘ ਲੱਖਪੁਰ ਅਤੇ ਮਹੰਤ ਰਾਮ ਜੀ ਲੱਖਪੁਰ ਨੇ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਭਗਤ ਜਵਾਲਾ ਦਾਸ ਅਤੇ ਸੁਆਮੀ ਰਾਮ ਚੇਤਨ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਉਹ ਜਿੱਥੇ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦੇ ਸਨ, ਉੱਥੇ ਹੀ ਵਾਤਾਵਰਣ ਨੂੰ ਪਿਆਰ ਕਰਨ ਵਾਲੇ ਅਤੇ ਵਿੱਦਿਆ ਦੇ ਮਹੱਤਵ ਨੂੰ ਵੀ ਸਮਝਦੇ ਸਨ। ਉਨ੍ਹਾਂ ਨੇ ਜਿੱਥੇ ਬਹੁਤ ਸਾਰੇ ਰੁੱਖ ਲਗਾਏ ਉੱਥੇ ਹੀ ਵਿੱਦਿਆ ਦੇ ਪ੍ਰਸਾਰ ਲਈ ਪਿੰਡ ਲੱਖਪੁਰ ਵਿਚ ਵਿੱਦਿਅਕ ਅਦਾਰੇ ਵੀ ਸ਼ੁਰੂ ਕਰਵਾਏ। ਸੇਵਾਦਾਰਾਂ ਵਲੋਂ ਭੰਡਾਰੇ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਮੌਕੇ ਰੇਸ਼ਮ ਸਿੰਘ, ਸੇਵਾ ਸਿੰਘ, ਗੋਪਾਲ ਕ੍ਰਿਸ਼ਨ, ਅਮਰਜੀਤ, ਰਣਜੀਤ ਸਿੰਘ, ਗੁਰਜੀਤ ਸਿੰਘ, ਗੁਰਮੀਤ ਸਿੰਘ ਢੱਡਵਾਲ, ਹਰਭਜਨ ਸਿੰਘ, ਰਿਪੁਦਮਨ ਸਿੰਘ ਗੋਨੀ, ਗੁਰਦੀਪ ਸਿੰਘ, ਤਰਲੋਚਨ ਸਿੰਘ, ਵੀਰਪਾਲ, ਸਨੀ, ਮੀਤਾ ਦੁਬਈ, ਮਨਜੀਤ ਸਿੰਘ, ਜਸਵਿੰਦਰ ਸਿੰਘ, ਆਰਿਫ ਰਾਣਾ, ਸੁਖਮਨ ਸੈਣੀ, ਅਰਸ਼ਦੀਪ ਸਿੰਘ, ਬਲਵੀਰ ਕੁਮਾਰ, ਸਤਪਾਲ ਚਿੜੀ, ਕਿਸ਼ਨ ਸਿੰਘ ਬਾਂਸਲ, ਨਛੱਤਰ ਸਿੰਘ ਢੱਡਵਾਲ, ਦੀਪੂ ਹਲਵਾਈ, ਸ੍ਰੀਰਾਮ ਜੀ, ਬਲਜੀਤ ਸਿੰਘ ਢੱਡਵਾਲ, ਰਾਮ ਸ਼ਰਨ, ਤਰਸੇਮ ਲਾਲ, ਕਾਕਾ, ਬੰਟੀ, ਸ਼ਾਮ ਬਾਬੂ, ਮਲਜਿੰਦਰ ਸਿੰਘ ਢੱਡਵਾਲ, ਸੁਰਿੰਦਰ ਸਿੰਘ ਐਨ.ਆਰ.ਆਈ. ਆਦਿ ਹਾਜ਼ਰ ਸਨ।

# ਪੀ ਸੀ ਐੱਮ ਐੱਸ ਡੀ ਕਾਲਜ ਨੇ ਅੰਤਮ ਸਾਲ ਦੇ ਵਿਦਿਆਰਥੀਆਂ ਨੂੰ ਅਲਵਿਦਾ ਆਖੀ



ਜਲੰਧਰ (ਇਕਬਾਲ ਸਿੰਘ ਉੱਭੀ)- ਪੀ.ਸੀ.ਐਮ.ਐਸ.ਡੀ. ਕਾਲਜ ਫ਼ਾਰ ਵੂਮੈਨ ਨੇ ਫਾਈਨਲ ਈਅਰ ਦੀਆਂ ਵਿਦਿਆਰਥਣਾਂ ਨੂੰ ਬੜੇ ਉਤਸ਼ਾਹ ਨਾਲ ਅਲਵਿਦਾ ਆਖੀ।ਇਸ ਦਿਨ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਸਨ।ਇਹ ਈਵੈਂਟ ਇੱਕ ਪੂਰਨ ਤਿਉਹਾਰ ਸੀ ਜੋ ਦੋਸਤਾਂ ਅਤੇ ਅਧਿਆਪਕਾਂ ਨਾਲ ਇਕੱਠੇ ਬਿਤਾਏ ਗਏ ਸਮੇਂ ਨੂੰ ਸਮਰਪਤ ਸੀ। ਸਮਾਗਮ ਦੀ ਸ਼ੁਰੂਆਤ ਇੱਕ ਵਿਦਿਆਰਥੀ ਦੁਆਰਾ ਕਲਾਸੀਕਲ ਡਾਂਸ ਪੇਸ਼ਕਾਰੀ ਨਾਲ ਕੀਤੀ ਗਈ। ਉਪਰੰਤ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਪੇਸ਼ ਕੀਤਾ। ਪ੍ਰਿੰਸੀਪਲ ਮੈਡਮ ਨੇ ਵਿਦਿਆਰਥੀਆਂ ਨੂੰ ਆਪਣੇ ਟੀਚਿਆਂ ਅਤੇ ਹਿੰਮਤ ਨਾਲ ਆਪਣੇ ਦਿਲਾਂ ਵਿਚ ਨਿਡਰਤਾ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ । ਉਨ੍ਹਾਂ ਨੇ ਕਾਲਜ ਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਉਨ੍ਹਾਂ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।ਉਨ੍ਹਾਂ ਨੇ 'ਡੂ ਯੂਅਰ ਜੌਬ ਵੈਲ' ਦੇ ਕਾਲਜ ਦੇ ਮਾਟੋ ਨੂੰ ਅੱਗੇ ਵਧਾਉਂਦੇ ਹੋਏ ਉਨ੍ਹਾਂ ਨੂੰ ਬਾਹਰ ਦੀ ਦੁਨੀਆ ਵਿੱਚ ਆਪਣੀ ਪਛਾਣ ਬਣਾਉਣ ਲਈ ਕਿਸਮਤ ਦੀ ਕਾਮਨਾ ਕੀਤੀ।ਐਮ.ਬੀ.ਈ.ਆਈ.ਟੀ ਸਮੈਸਟਰ ਚੌਥੇ ਅਤੇ ਪੂਜਾ ਐਮ.ਬੀ.ਈ.ਆਈ.ਟੀ ਸਮੈਸਟਰ ਦੂਜੇ ਦੀ ਅਰਪਨਜੋਤ ਨੇ ਆਪਣੇ ਸੰਬੋਧਨ ਵਿੱਚ ਸਲਾਹਕਾਰਾਂ ਅਤੇ ਅਧਿਆਪਕਾਂ ਦਾ ਉਨ੍ਹਾਂ ਦੇ ਕਾਲਜ ਸਫ਼ਰ ਨੂੰ ਯਾਦਗਾਰੀ ਬਣਾਉਣ ਵਿੱਚ ਪਾਏ ਵਡਮੁੱਲੇ ਯੋਗਦਾਨ ਲਈ ਧੰਨਵਾਦ ਪ੍ਰਗਟ ਕੀਤਾ।ਸਮਾਗਮ ਦੀ ਮੁੱਖ ਖਾਸੀਅਤ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਖੂਬਸੂਰਤ ਸੱਭਿਆਚਾਰਕ ਪੇਸ਼ਕਾਰੀਆਂ ਸਨ। ਇੱਕ ਮਾਡਲਿੰਗ ਮੁਕਾਬਲਾ ਹੋਇਆ ਜਿਸ ਵਿੱਚ ਬੀ.ਕਾਮ ਸਮੈਸਟਰ ਛੇਵੇਂ ਦੀ ਕਿਮਪ੍ਰੀਤ ਸੈਕਿੰਡ ਰਨਰਅੱਪ ਅਤੇ ਬੀ.ਕਾਮ ਸਮੈਸਟਰ ਛੇਵੇਂ ਦੀ ਜਸਪ੍ਰੀਤ ਫਸਟ ਰਨਰਅੱਪ ਰਹੀ। ਐਮ.ਕਾਮ ਸਮੈਸਟਰ ਦੂਜੇ ਦੀ ਮੁਸਕਾਨ ਕਾਲੀਆ ਨੇ ਸੀਨੀਅਰਜ਼ ਨਾਲ ਉਨ੍ਹਾਂ ਦੇ ਯੋਗਦਾਨ ਅਤੇ ਸਿੱਖਣ ਦੇ ਤਜਰਬੇ ਨੂੰ ਉਜਾਗਰ ਕਰਦੇ ਹੋਏ ਆਪਣਾ ਤਜਰਬਾ ਸਾਂਝਾ ਕੀਤਾ ਤਾਂ ਜੋ ਜੂਨੀਅਰ ਵੀ ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨਾਂ ਦੀ ਪਾਲਣਾ ਕਰ ਸਕਣ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਮੈਨੇਜਮੈਂਟ ਦੇ ਹੋਰ ਮਾਣਯੋਗ ਮੈਂਬਰਾਂ ਅਤੇ ਕਾਲਜ ਦੇ ਯੋਗ ਪ੍ਰਿੰਸੀਪਲ ਨੇ ਬਾਹਰ ਜਾਣ ਵਾਲੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਸਮਾਗਮ ਦੇ ਇੰਚਾਰਜ ਰਜਨੀ ਕਪੂਰ ਅਤੇ ਦਿਵਿਆ ਬੁਧੀਆ ਦੀ ਸ਼ਲਾਘਾ ਕੀਤੀ। ਸਟੇਜ ਦਾ ਸੰਚਾਲਨ ਸ਼ਿਖਾ ਪੁਰੀ, ਰਚਨਾ, ਬੀ.ਕਾਮ ਐਫ ਐਸ ਸਮੈਸਟਰ ਚੌਥੇ ਦੀਆਂ ਵਿਦਿਆਰਥਣਾਂ ਸਿਲਵੀ, ਦੀਪਾਂਸ਼ੀ ਅਤੇ ਐਮ.ਕਾਮ ਸਮੈਸਟਰ ਦੂਜੇ ਦੀ ਮੁਸਕਾਨ ਕਾਲੀਆ ਨੇ ਕੀਤਾ। ਸਾਰਾ ਸਮਾਗਮ ਸੈਂਟਰਲ ਐਸੋਸੀਏਸ਼ਨ ਦੇ ਯਤਨਾਂ ਸਦਕਾ ਕਰਵਾਇਆ ਗਿਆ।

# ਐੱਲ ਪੀ ਯੂ ਦੇ 750 ਤੋਂ ਵੱਧ ਨਵੀਨਤਾਕਾਰੀ ਪ੍ਰੋਜੈਕਟਾਂ ਦਾ ਪ੍ਰਦਰਸ਼ਨ



**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਵਿਖੇ ਵਿਦਿਆਰਥੀ ਖੋਜ ਅਤੇ ਪ੍ਰੋਜੈਕਟਾਂ ਦੇ ਵਿਭਾਗ ਨੇ 750 ਤੋਂ ਵੱਧ ਨਵੀਨਤਾਕਾਰੀ ਪ੍ਰੋਜੈਕਟਾਂ ਦਾ ਪ੍ਰਦਰਸ਼ਨ ਕਰਕੇ ਵਿਦਿਆਰਥੀਆਂ ਦੀ ਦੋ-ਰੋਜ਼ਾ ਨਵੀਨਤਾ ਅਤੇ ਰਚਨਾਤਮਕਤਾ ਦਾ ਜਸ਼ਨ ਮਨਾਇਆ। ਇਹ ਮੈਗਾ ਯੂਨੀਵਰਸਿਟੀ ਦੇ ਬਲਦੇਵ ਰਾਜ ਮਿੱਤਲ ਯੂਨੀਪੋਲਿਸ ਵਿਖੇ ਆਯੋਜਿਤ ਸਾਲਾਨਾ ਇਨੋਵੇਸ਼ਨ ਐਂਡ ਗ੍ਰੈਜੂਏਟਿੰਗ ਪ੍ਰੋਜੈਕਟ ਐਕਸਪੋ-2024- ਇਨੋਟੇਕ ਦਾ ਸੀ । ਸਾਲਾਨਾ ਪ੍ਰਦਰਸ਼ਨ ਲਈ ਚੁਣੇ ਗਏ ਖੇਤਰ ਸਨ: ਇੰਜੀਨੀਅਰਿੰਗ ਅਤੇ ਤਕਨਾਲੋਜੀ; ਖੇਤੀਬਾੜੀ; ਬੁਨਿਆਦੀ, ਸਿਹਤ ਅਤੇ ਸਹਿਯੋਗੀ ਵਿਗਿਆਨ; ਪ੍ਰਬੰਧਨ ਅਤੇ ਸਮਾਜਿਕ ਵਿਗਿਆਨ ਅਤੇ ਮਨੁੱਖਤਾਵਾਦੀ ਆਰਟਸ। ਪ੍ਰੋਜੈਕਟਾਂ ਨਾਲ ਸਬੰਧਤ ਉਦਯੋਗ ਦੇ ਕੁਲੀਨ ਮਹਿਮਾਨਾਂ ਨੇ ਹੋਣਹਾਰ ਐਲ ਪੀ ਯੂ ਦੇ ਵਿਦਿਆਰਥੀਆਂ ਦੇ ਯਤਨਾਂ ਦਾ ਨਿਰਣਾ ਕੀਤਾ। ਐਲ ਪੀ ਯੂ ਦੀ ਪ੍ਰੋ ਚਾਂਸਲਰ ਰਸ਼ਮੀ ਮਿੱਤਲ ਨੇ ਐਲ ਪੀ ਯੂ ਦੇ ਵਿਦਿਆਰਥੀਆਂ ਦੀ ਨਵੀਨਤਾਕਾਰੀ ਰਚਨਾਤਮਕਤਾ ਦਾ ਮੁਲਾਂਕਣ ਕਰਨ ਲਈ ਉਦਯੋਗ ਦੇ ਮਾਹਰਾਂ ਨੂੰ ਸੱਦਾ ਦਿੱਤਾ। ਵੱਖ-ਵੱਖ ਡੋਮੇਨਾਂ ਤੋਂ ਐਲ ਪੀ ਯੂ ਦੇ ਅਦੁੱਤੀ ਦਿਮਾਗਾਂ ਨੇ ਰੋਬੋਟਿਕਸ ਅਤੇ ਡਰੋਨਾਂ ਸਮੇਤ ਆਪਣੀਆਂ ਅਲੌਕਿਕ ਰਚਨਾਵਾਂ ਪੇਸ਼ ਕੀਤੀਆਂ। ਜ਼ਮੀਨ ਨੂੰ ਤੋੜਨ ਵਾਲੀ ਰੋਬੋਟਿਕ ਖੋਜ ਨੂੰ ਉਸਾਰੀ ਅਤੇ ਖੁਦਾਈ ਪ੍ਰਕਿਰਿਆਵਾਂ, ਖਾਸ ਕਰਕੇ ਸੁਰੰਗਾਂ ਅਤੇ ਗੁਫਾਵਾਂ ਵਿੱਚ ਟੱਕਰਾਂ ਅਤੇ ਹਾਦਸਿਆਂ ਦੇ ਦਬਾਅ ਦੇ ਮੁੱਦੇ ਨੂੰ ਹੱਲ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਤੰਗ ਥਾਵਾਂ ਤੇ ਨੈਵੀਗੇਟ ਕਰਨ ਲਈ ਆਪਣੀਆਂ ਵਿਲੱਖਣ ਸਮਰੱਥਾਵਾਂ ਦੀ ਵਰਤੋਂ ਕਰਦੇ ਹੋਏ, ਬਚਾਅ ਕਾਰਜਾਂ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾ ਸਕਦਾ ਹੈ। ਇਸ ਨੂੰ ਨਾਕਾਬੰਦੀਆਂ ਵਿੱਚੋਂ ਲੰਘਣ ਲਈ ਸਿਰਫ 1-ਫੁੱਟ ਸੁਰਾਗ 1 ਫੁੱਟ ਖੁੱਲ੍ਹਣ ਦੀ ਲੋੜ ਹੁੰਦੀ ਹੈ ਜੋ ਕਿ ਮਨੁੱਖਾਂ ਲਈ ਪਹੁੰਚ ਤੋਂ ਬਾਹਰ ਹੋਵੇਗਾ।ਆਲੇ-ਦੁਆਲੇ ਦੀ ਮੈਪਿੰਗ ਅਤੇ ਵਿਸ਼ਲੇਸ਼ਣ ਕਰਕੇ ਬਚਾਅ ਟੀਮਾਂ ਨੂੰ ਪੀੜਤਾਂ ਤੱਕ ਕੁਸ਼ਲਤਾ ਨਾਲ ਪਹੁੰਚਣ ਲਈ ਸਹੀ ਮਾਰਗ ਅਤੇ ਰੂਟ ਪ੍ਰਦਾਨ ਕਰਦਾ ਹੈ, ਜਿਵੇਂ ਕਿ ਉਤਰਾਖੰਡ ਵਿੱਚ ਸੁਰੰਗ ਦੇ ਢਹਿ ਜਾਣ ਵੇਲੇ ਲੋੜੀਂਦਾ ਸੀ । ਹੋਰ ਪ੍ਰੋਜੈਕਟਾਂ ਵਿੱਚ ਲਾਗਤ ਪ੍ਰਭਾਵਸ਼ਾਲੀ ਪੈਟਰੋਲ ਵਹੀਕਲ; ਆਧੁਨਿਕ ਅਤੇ ਪ੍ਰਾਚੀਨ ਸੱਭਿਆਚਾਰ ਨੂੰ ਪੂਰਾ ਕਰਨ ਲਈ ਪੈਡਲ ਹਾਰਮ; ਵਿਕਰਮ ਲੈਂਡਰ ਅਤੇ ਪ੍ਰਗਿਆਨ ਰੋਵਰ ਦੀ ਨਵੀਨਤਾਕਾਰੀ ਪ੍ਰਤੀਕ੍ਰਿਤੀ; ਲਾਗਤ ਪ੍ਰਭਾਵਸ਼ਾਲੀ ਹਾਈ ਸਪੀਡ ਟ੍ਰੇਨ ਰੇਲਵੇ - 3 ਡੀ ਪ੍ਰਿੰਟਰ; ਹਾਈਬ੍ਰਿਡ ਗੋ-ਕਾਰਟ; ਖੂਨ ਦੀ ਬਜਾਏ ਮਨੁੱਖੀ ਪਸੀਨੇ ਤੋਂ ਏ ਆਈ ਆਧਾਰਤ ਸ਼ੂਗਰ ਲੈਵਲ ਡਿਟੈਕਟਰ; ਘਰੇਲੂ ਦੌਰਾਨ ਵਰਤੇ ਜਾਣ ਵਾਲੇ ਕੇਲੇ ਬੈਗ ਦੇ ਰੂਪ ਵਿੱਚ ਕੰਪਰੇ; ਫਸਲਾਂ ਨੂੰ ਬਚਾਉਣ ਲਈ ਕੀੜੇ ਭਜਾਉਣ-ਰੋਬੋਟ; ਅਤੇ ਹੋਰ ਬਹੁਤ ਸਾਰੇ ਸਮਾਜਿਕ ਤੌਰ 'ਤੇ ਲਾਭਦਾਇਕ ਹਨ । ਪ੍ਰਦਰਸ਼ਨ ਤੋਂ ਪਹਿਲਾਂ, ਪ੍ਰੋ ਵਾਈਸ ਚਾਂਸਲਰ ਡਾ. ਲਵੀ ਰਾਜ ਗੁਪਤਾ ਨੇ ਵਿਦਿਆਰਥੀਆਂ ਨੂੰ ਪ੍ਰੋਜੈਕਟਾਂ ਨੂੰ ਪੜਾਅਵਾਰ ਬਣਾਉਣ ਬਾਰੇ ਮਾਰਗਦਰਸ਼ਨ ਕੀਤਾ। ਸੱਦੇ ਗਏ ਉਦਯੋਗ ਮਹਿਮਾਨ, ਗੰਗਾ ਐਕਰੋ-ਵੂਲਜ਼ ਲਿਮਟਿਡ ਦੇ ਪ੍ਰਧਾਨ ਅਮਿਤ ਥਾਪਰ ਨੇ ਵਿਦਿਆਰਥੀਆਂ ਦੇ ਵਿਕਾਸ ਲਈ ਐਲ ਪੀ ਯੂ ਦੇ ਪ੍ਰਗਤੀਸ਼ੀਲ ਅਤੇ ਵਿਗਿਆਨਕ ਵਾਤਾਵਰਣ ਦੀ ਸ਼ਲਾਘਾ ਕੀਤੀ ।

# ਮੁਹੱਲਾ ਟਿੱਬਾ ਸਾਹਿਬ 'ਚ ਡਾਕਟਰ ਰਾਜ ਦੇ ਹੱਕ 'ਚ ਭਰਵੀਂ ਮੀਟਿੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪਿਛਲੇ 10 ਸਾਲ ਦੇਸ਼ ਵਿੱਚ ਭਾਜਪਾ ਦਾ ਰਾਜ ਰਿਹਾ ਅਤੇ 10 ਸਾਲ ਹੀ ਹੁਸ਼ਿਆਰਪੁਰ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਬਣਦੇ ਰਹੇ ਪਰ ਇਸ ਦੇ ਬਾਵਜੂਦ ਹੁਸ਼ਿਆਰਪੁਰ ਦੇ ਮੱਥੇ 'ਤੇ ਲੱਗਿਆ ਹੋਇਆ ਪਛੜੇਪਨ ਦਾ ਦਾਗ ਨਹੀਂ ਹਟਾਇਆ ਜਾ ਸਕਿਆ । ਇਹ ਵਿਚਾਰ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 23 ਅਧੀਨ ਆਉਂਦੇ ਮੁਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਵਿਖੇ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਉਮੀਦਵਾਰ ਡਾਕਟਰ ਰਾਜ ਕੁਮਾਰ ਚੱਬੇਵਾਲ ਦੇ ਹੱਕ ਵਿੱਚ ਭਰਵੀਂ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਆਮ ਆਦਮੀ ਪਾਰਟੀ ਦੇ ਸੂਬਾ ਜੁਆਇੰਟ ਸਕੱਤਰ ਸਤਵੰਤ ਸਿੰਘ ਸਿਆਣ ਅਤੇ ਆਪ ਕੌਂਸਲਰ ਮਨਜੀਤ ਕੌਰ ਰੂਹੀ ਦੀ ਅਗਵਾਈ ਵਿੱਚ ਕਰਵਾਈ ਗਈ ਇਸ ਭਰਵੀਂ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਭਾਜਪਾ ਦੇ ਕੁਸ਼ਾਸਨ ਉੱਤੇ ਤਕੜੇ ਵਾਰ ਕਰਦਿਆਂ ਕਿਹਾ ਕਿ ਭਾਜਪਾ ਦੇ ਚੁਣੇ ਹੋਏ ਸੰਸਦ ਮੈਂਬਰ ਸੋਮ ਪ੍ਰਕਾਸ਼ ਨੇ ਚੋਣ ਜਿੱਤਣ ਤੋਂ ਬਾਅਦ ਲੋਕਾਂ ਨੂੰ ਮੂੰਹ ਤੱਕ ਨਹੀਂ ਵਿਖਾਇਆ, ਵਿਕਾਸ ਦੇ ਕੰਮ ਕਰਵਾਉਣੇ ਤਾਂ ਬੜੀ ਦੂਰ ਦੀ ਗੱਲ ਹੈ। ਹੁਣ ਫਿਰ ਉਸੇ ਦੀ ਪਤਨੀ ਨੂੰ ਟਿਕਟ ਦੇ ਕੇ ਭਾਜਪਾ ਨੇ ਪਹਿਲਾਂ ਹੀ ਹਾਰ ਕਬੂਲ ਲਈ ਹੈ। ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਜੁਆਇੰਟ ਸਕੱਤਰ ਸਤਵੰਤ ਸਿੰਘ ਸਿਆਣ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਲਈ ਇੱਕ ਤਜਰਬੇਕਾਰ ਤੇਜ਼ ਤਰਾਰ ਅਤੇ ਨੌਜਵਾਨ ਨੁਮਾਇੰਦਾ ਡਾ. ਰਾਜ ਰੂਪ ਵਿੱਚ ਸਾਡੀ ਝੋਲੀ ਪਾਇਆ ਹੈ।ਜੋ ਸਾਡੇ ਹੱਕਾਂ ਲਈ ਪਾਰਲੀਮੈਂਟ ਵਿੱਚ ਬੱਬਰ ਸ਼ੇਰ ਵਾਂਗ ਦਹਾੜੇਗਾ। ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਆਪ ਉਮੀਦਵਾਰ ਡਾਕਟਰ ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਦੇਸ਼ ਦੀਆਂ ਰਵਾਇਤੀ ਪਾਰਟੀਆਂ ਨੇ ਦੇਸ਼ ਦੇ ਲੋਕਾਂ ਨੂੰ ਗਲੀਆਂ ਨਾਲੀਆਂ ਦੇ ਮੁੱਦੇ ਵਿੱਚ ਉਲਝਾ ਕੇ ਰੱਖਿਆ ਹੈ। ਪਰ ਉਹ ਹਲਕੇ ਦੇ ਲੋਕਾਂ ਨਾਲ ਵਾਅਦਾ ਕਰਦੇ ਹਨ ਕਿ ਹੁਣ ਜਿੱਤਣ ਉਪਰੰਤ ਉਹ ਹੁਸ਼ਿਆਰਪੁਰ ਦੇ ਮੱਥੇ 'ਤੇ ਲੱਗਾ ਹੋਇਆ ਪਛੜੇਪਨ ਦਾ ਦਾਗ ਮਿਟਾਉਣ ਲਈ ਇੱਥੇ ਵੱਡੀ ਇੰਡਸਟਰੀ, ਰੇਲਵੇ ਤੇ ਸੜਕਾਂ ਦਾ ਜਾਲ ਵਿਛਾ ਦੇਵੇਗਾ। ਇਸ ਚੋਣ ਰੈਲੀ ਨੂੰ ਮੇਅਰ ਸੁਰਿੰਦਰ ਕੁਮਾਰ ਸ਼ਿੰਦਾ, ਕੌਂਸਲਰ ਮਨਜੀਤ ਕੌਰ ਰੂਹੀ, ਮਨਜੋਤ ਕੌਰ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ, ਕੌਂਸਲਰ ਹਰਵਿੰਦਰ ਸਿੰਘ ਬਿੰਦਰ, ਕੈਪਟਨ ਹਰਭਜਨ ਸਿੰਘ, ਹਰਜਿੰਦਰ ਸਿੰਘ ਗੋਪੀ ਨੇ ਵੀ ਸੰਬੋਧਨ ਕੀਤਾ । ਇਸ ਮੌਕੇ ਉਚੇਚੇ ਤੌਰ 'ਤੇ ਸੰਤ ਬਾਬਾ ਬਲਵੀਰ ਸਿੰਘ ਟਿੱਬਾ ਸਾਹਿਬ, ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ, ਸੰਤ ਬਾਬਾ ਮਹਾਂਵੀਰ ਸਿੰਘ ਤਾਜੇਵਾਲ ਮੌਜੂਦ ਸਨ, ਜਿਨ੍ਹਾਂ ਨੇ ਡਾਕਟਰ ਰਾਜ ਕੁਮਾਰ ਚੱਬੇਵਾਲ, ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਮੇਅਰ ਸੁਰਿੰਦਰ ਸ਼ਿੰਦਾ ਅਤੇ ਹੋਰ ਮਹਿਮਾਨਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ । ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ, ਬਲਵੀਰ ਸਿੰਘ ਸੈਣੀ, ਮਾਸਟਰ ਮਨਜੀਤ ਸਿੰਘ ਹੁੰਦਲ, ਜਸਪ੍ਰੀਤ ਸਿੰਘ ਜੱਸੀ ਹੁੰਦਲ, ਅਮਰਜੀਤ ਸਿੰਘ, ਸਰਬਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਮੁਹੱਲਾ ਵਾਸੀ ਹਾਜ਼ਰ ਸਨ।

# ਖ਼ਰਾਬ ਮੌਸਮ ਦੇ ਬਾਵਜੂਦ ਜਲੰਧਰ 'ਚ ਕਣਕ ਦੀ ਰਿਕਾਰਡ ਖ਼ਰੀਦ

**ਜਲੰਧਰ, (ਸੁਰਿੰਦਰ ਕੁਮਾਰ)**- ਜਲੰਧਰ ਜ਼ਿਲ੍ਹੇ ਨੇ ਇਕ ਮਹੱਤਵਪੂਰਨ ਕਾਮਯਾਬੀ ਹਾਸਲ ਕਰਦਿਆਂ ਪਿਛਲੇ ਕੁਝ ਦਿਨਾਂ ਦੌਰਾਨ ਖ਼ਰਾਬ ਮੌਸਮ ਦੇ ਬਾਵਜੂਦ 5.17 ਲੱਖ ਮੀਟਰਿਕ ਟਨ ਕਣਕ ਦੀ ਖ਼ਰੀਦ ਦੇ ਟੀਚੇ ਤਹਿਤ ਅੱਧ ਤੋਂ ਵੱਧ 2.90 ਲੱਖ ਮੀਟਰਿਕ ਟਨ ਕਣਕ ਦੀ ਖ਼ਰੀਦ ਕਰ ਲਈ ਗਈ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਮੰਡੀਆਂ ਵਿੱਚ ਕਿਸਾਨਾਂ ਤੇ ਆੜ੍ਹਤੀਆਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ ਦੇ ਮੱਦੇਨਜ਼ਰ ਚੱਲ ਰਹੀ ਕਣਕ ਦੀ ਖ਼ਰੀਦ ਪ੍ਰਕਿਰਿਆ ਦਾ ਜਾਇਜ਼ਾ ਲੈਣ ਲਈ ਮੰਡੀਆਂ ਦੇ ਦੌਰੇ ਕੀਤਾ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮੁੱਖ ਸਕੱਤਰ ਪੰਜਾਬ ਵਲੋਂ ਜਾਰੀ ਹਦਾਇਤਾਂ ਅਨੁਸਾਰ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਜ਼ਿਲ੍ਹੇ ਵਿੱਚ ਕਣਕ ਦੀ ਖ਼ਰੀਦ ਪ੍ਰਕਿਰਿਆ ਦਾ ਜਾਇਜ਼ਾ ਲੈਣ ਲਈ ਦੌਰੇ ਕੀਤੇ ਜਾ ਰਹੇ ਹਨ ਅਤੇ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ। ਆਦਮਪੁਰ ਦੀ ਬਾਹੁਦੀਨ ਮੰਡੀ ਦਾ ਦੌਰਾ ਕਰਦਿਆਂ ਡਿਪਟੀ ਕਮਿਸ਼ਨਰ ਵਲੋਂ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨਾਲ ਵਿਸਥਾਰ ਨਾਲ ਗੱਲਬਾਤ ਕੀਤੀ ਗਈ, ਜਿਨ੍ਹਾ ਵਲੋਂ ਪ੍ਰਸ਼ਾਸਨ ਦੁਆਰਾ ਕਣਕ ਦੀ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਕੀਤੇ ਗਏ ਸੁਚੱਜੇ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।ਪਿੰਡ ਚੱਕ ਰਾਜੂ ਸਿੰਘ ਦੇ ਕਿਸਾਨ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੇ ਗਏ ਸੰਜੀਦਾ ਯਤਨਾਂ ਸਦਕਾ ਉਹ ਆਪਣੀ ਫ਼ਸਲ ਨੂੰ ਉਸੇ ਦਿਨ ਵੇਚ ਕੇ ਅਦਾਇਗੀ ਪ੍ਰਾਪਤ ਕਰ ਸਕਿਆ ਹੈ। ਖ਼ਰੀਦੀ ਗਈ ਕਣਕ ਦੀ ਚੁਕਾਈ ਬਾਰੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਲੋਂ ਪਹਿਲੀ ਵਾਰ 27000 ਮੀਟਰਿਕ ਟਨ ਤੋਂ ਵੱਧ ਕਣਕ ਦੀ ਚੁਕਾਈ ਕਰਕੇ ਨਵੀਂ ਮਿਸਾਲ ਕਾਇਮ ਕੀਤੀ ਗਈ ਹੈ ਅਤੇ ਪਿਛਲੇ ਤਿੰਨ ਦਿਨਾਂ ਤੋਂ ਰੋਜ਼ਾਨਾ 25000 ਮੀਟਰਿਕ ਟਨ ਕਣਕ ਦੀ ਚੁਕਾਈ ਕੀਤੀ ਜਾ ਰਹੀ ਹੈ। ਡਾ. ਅਗਰਵਾਲ ਨੇ ਦੱਸਿਆ ਕਿ ਵੱਖ-ਵੱਖ ਖ਼ਰੀਦ ਏਜੰਸੀਆਂ ਵਲੋਂ 2.90 ਲੱਖ ਮੀਟਰਿਕ ਟਨ ਕਣਕ ਦੀ ਖ਼ਰੀਦ ਕਰਕੇ ਪਹਿਲਾਂ ਹੀ 587 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿੱਚ ਕੀਤੀ ਜਾ ਚੁੱਕੀ ਹੈ ।

ਡਾ.ਅਗਰਵਾਲ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਮੰਡੀਆਂ ਵਿੱਚ ਕਣਕ ਦੀ ਸੁਚੱਜੀ ਖ਼ਰੀਦ ਪ੍ਰਕਿਰਿਆ ਲਈ ਸੁਚਾਰੂ ਖ਼ਰੀਦ ਪ੍ਰਬੰਧਾਂ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਵਲੋਂ ਸਮੁੱਚੀ ਖ਼ਰੀਦ ਪ੍ਰਕਿਰਿਆ ਦੌਰਾਨ ਕਿਸਾਨਾਂ ਨੂੰ ਹਰ ਸਹੂਲਤ ਮੁਹੱਈਆ ਕਰਵਾਉਣ ਲਈ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਵੀ ਦੁਹਰਾਇਆ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਰੋਜ਼ਾਨਾ ਖ਼ਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ।

# ਬੱਡੋਂ ਵਿਖੇ ਖਾਲਸਾ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ 10 ਵੀਂ ਦਾ ਨਤੀਜਾ ਸ਼ਾਨਦਾਰ ਰਿਹਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 10ਵੀਂ ਜਮਾਤ ਦੇ ਨਤੀਜੇ ਵਿੱਚ ਖਾਲਸਾ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬੱਡੋਂ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਏ ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੱਕੀ ਨੇ ਦੱਸਿਆ ਕਿ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ। ਉਨ੍ਹਾਂ ਦੱਸਿਆ ਕਿ ਸਾਰੇ ਵਿਦਿਆਰਥੀ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਏ ਅਤੇ ਸਕੂਲ ਦੀ ਵਿਦਿਆਰਥਣ ਅਮਨਦੀਪ ਕੌਰ ਡਾਂਡੀਆਂ ਨੇ ਪਹਿਲਾ ਸਥਾਨ ਅਤੇ ਸਰਬਜੀਤ ਕੌਰ ਰੂਪੋਵਾਲ ਨੇ ਦੂਸਰਾ ਅਤੇ ਸੋਨੀਆ ਬੱਡੋਂ ਨੇ ਤੀਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਪ੍ਰਿੰਸੀਪਲ ਸੁਖਇੰਦਰ ਸਿੰਘ ਨੇ ਸਮੂਹ ਸਟਾਫ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈਆਂ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਦੀਆਂ ਇਨ੍ਹਾਂ ਪ੍ਰਾਪਤੀਆਂ ਦਾ ਸਿਹਰਾ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸਕੂਲ ਦੇ ਸਮੂਹ ਸਟਾਫ ਅਤੇ ਮਾਪਿਆਂ ਨੂੰ ਜਾਂਦਾ ਹੈ ।ਇਸ ਮੌਕੇ ਪ੍ਰਿੰਸੀਪਲ ਸੁਖਇੰਦਰ ਸਿੰਘ ਨੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਆਏ ਹੋਏ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਪ੍ਰਿੰਸੀਪਲ ਸੁਖਇੰਦਰ ਸਿੰਘ, ਮਾ.ਪਰਮਜੀਤ ਸਿੰਘ, ਮਾ. ਵੇਦ ਪ੍ਰਕਾਸ਼, ਮਾ. ਗੁਰਵੰਤ ਸਿੰਘ, ਮਾ. ਸਾਹਿਲ ਮਹਿਮੀ, ਮਾ. ਗੁਰਦੀਪ ਸਿੰਘ ਥਾਪਾ, ਮਾ. ਮਨਦੀਪ ਸਿੰਘ, ਹਰਵਿੰਦਰ ਸਿੰਘ, ਸਿਮਰਨਜੀਤ ਕੌਰ, ਸੁਨੀਤਾ ਕੁਮਾਰੀ, ਅਮਨਦੀਪ ਕੌਰ, ਮਨਿੰਦਰ ਕੌਰ, ਲਵਪ੍ਰੀਤ ਕੌਰ, ਮਨਪ੍ਰੀਤ ਕੌਰ ਅਨੀਤਾ ਬੈਂਸ, ਕਿਰਨ ਕੁਮਾਰੀ, ਕੁਲਦੀਪ ਕੌਰ, ਸੁਨੀਤਾ ਰਾਣੀ, ਅਨਾਮੀਕਾਪ੍ਰੀਤ, ਬਲਵਿੰਦਰ ਕੌਰ, ਕੇਹਰ ਸਿੰਘ, ਸਨੀਤਾ ਰਾਣੀ, ਜਸਵਿੰਦਰ ਕੌਰ ਅਮਰਜੀਤ ਸਿੰਘ ਹਾਜ਼ਰ ਸਨ

# ਚੰਨੀ ਦਾ ਸਵਾਗਤ ਕਰਨ ਲਈ ਪ੍ਰਧਾਨ ਫਰਵਾਲਾ ਦੀ ਰਿਹਾਇਸ਼ 'ਤੇ ਕਾਂਗਰਸੀ ਵਰਕਰਾਂ ਦਾ ਹੋਇਆ ਭਾਰੀ ਇਕੱਠ



**ਬਿਲਗਾ (ਵਿਜੇ ਕੁਮਾਰ)**- ਲੋਕ ਦਲ ਬਦਲਣ ਤੇ ਮੌਕਾਪ੍ਰਸਤ ਪਾਰਟੀਆਂ ਦੇ ਉਮੀਦਵਾਰ ਨੂੰ ਸਬਕ ਸਿਖਾਉਣ ਲਈ ਕਾਂਗਰਸ ਪਾਰਟੀ ਨੂੰ ਜਿਤਾਉਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉਮੀਦਵਾਰ ਲੋਕ ਸਭਾ ਹਲਕਾ ਇੰਚਾਰਜ ਜਲੰਧਰ ਦੇ ਵਰਕਰ ਮਿਲਣੀ ਦੌਰਾਨ ਅਮਨਦੀਪ ਸਿੰਘ ਫਰਵਾਲਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਤੇ ਜ਼ਿਲ੍ਹਾ ਪ੍ਰਧਾਨ ਕਿਸਾਨ ਕਾਂਗਰਸ ਦੇ ਗ੍ਰਹਿ ਵਿਖੇ ਕਾਂਗਰਸ ਵਰਕਰਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਉਨ੍ਹਾਂ ਦੇ ਮੁੱਖ ਮੰਤਰੀ ਸਮੇਂ ਦੌਰਾਨ ਕੀਤੇ ਹੋਏ ਕੰਮਾਂ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ। ਜਿਸ ਹਿਸਾਬ ਨਾਲ ਪਿਛਲੇ ਸਮੇਂ ਵਿੱਚ ਦਲ ਬਦਲੀਆਂ ਕੀਤੀਆਂ ਹਨ, ਉਨ੍ਹਾਂ ਤੋਂ ਪੰਜਾਬ ਖਾਸ ਕਰਕੇ ਜਲੰਧਰ ਹਲਕੇ ਦੇ ਲੋਕ ਨਿਰਾਸ਼ ਹੋਏ ਹਨ ਅਤੇ ਅਜਿਹੇ ਦਲ ਬਦਲੂਆਂ ਨੂੰ ਲੋਕ ਸਬਕ ਸਿਖਾਉਣ ਲਈ ਤਿਆਰ ਹਨ ਤੇ ਕਾਂਗਰਸ ਪਾਰਟੀ ਨੂੰ ਵੱਡੇ ਪੱਧਰ 'ਤੇ ਵੋਟਾਂ ਪਾ ਕੇ ਜਿਤਾਉਣਗੇ। ਇਸ ਮੌਕੇ ਡਾਕਟਰ ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਨੇ ਕਿਹਾ ਕਿ ਸਾਨੂੰ ਪਾਰਟੀ ਵੱਲੋਂ ਸਾਬਕਾ ਮੁੱਖ ਮੰਤਰੀ ਚੰਨੀ ਦੇ ਰੂਪ ਵਿੱਚ ਬਹੁਤ ਹੀ ਵਧੀਆ ਉਮੀਦਵਾਰ ਦਿੱਤਾ ਗਿਆ ਹੈ। ਉਨ੍ਹਾਂ ਨੇ ਪਾਰਟੀ ਵਰਕਰਾਂ ਨੂੰ ਪੂਰੀ ਤਨਦੇਹੀ ਨਾਲ ਡਟਣ ਦਾ ਸੱਦਾ ਦਿੱਤਾ। ਸਾਬਕਾ ਮੁੱਖ ਮੰਤਰੀ ਚੰਨੀ ਤੇ ਡਾਕਟਰ ਨਵਜੋਤ ਸਿੰਘ ਦਾਹੀਆ ਤੇ ਹੋਰ ਆਏ ਲੀਡਰ ਤੇ ਵਰਕਰਾਂ ਦਾ ਪ੍ਰਧਾਨ ਕਿਸਾਨ ਕਾਂਗਰਸ ਜ਼ਿਲ੍ਹਾ ਜਲੰਧਰ ਨੇ ਧੰਨਵਾਦ ਕੀਤਾ। ਇਸ ਮੌਕੇ ਗੁਰਮੁਖ ਸਿੰਘ ਹੈਪੀ ਸੰਧੂ ਪ੍ਰਧਾਨ ਪੰਜਾਬ ਟਰੱਕ ਯੂਨੀਅਨ, ਸਰਪੰਚ ਮੁਖਤਿਆਰ ਸਿੰਘ ਹੇਅਰ, ਸਰਪੰਚ ਹਰਜੋਤ ਸਿੰਘ, ਸਾਬਕਾ ਚੇਅਰਮੈਨ ਚਰਨ ਸਿੰਘ ਰਾਜੋਵਾਲ, ਸਾਬਕਾ ਚੇਅਰਮੈਨ ਗੁਰਦੀਪ ਸਿੰਘ ਥੰਮਣਵਾਲ, ਸਰਪੰਚ ਰਣਜੀਤ ਸਿੰਘ, ਸਰਪੰਚ ਪੰਮਾ, ਸਾਬਕਾ ਸਰਪੰਚ ਕਸ਼ਮੀਰ ਸਿੰਘ ਨਾਗਰਾ, ਜ਼ਿਲ੍ਹਾ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਫਰਵਾਲਾ, ਬਿੱਲੂ ਨਾਗਰਾ, ਬਲਜੀਤ ਸਿੰਘ ਰਿਟਾਇਰਡ ਕਾਨੂੰਗੋ, ਬਿੱਲੂ ਗੁਮਟਾਲੀ ਤੋਂ ਇਲਾਵਾ ਹੋਰ ਵੱਖ ਵੱਖ ਪਿੰਡਾਂ ਦੇ ਸਰਪੰਚ, ਨੰਬਰਦਾਰ ਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਹੋਏ ਅਤੇ ਚਰਨਜੀਤ ਸਿੰਘ ਚੰਨੀ ਨੂੰ ਵੱਡੀ ਗਿਣਤੀ ਨਾਲ ਜਿਤਾਉਣ ਦਾ ਵਿਸ਼ਵਾਸ ਦਿਵਾਇਆ।

## ਮਹਿੰਦਰ ਭਗਤ ਤੇ ਰਾਜਵਿੰਦਰ ਕੌਰ ਥਿਆੜਾ ਦੀਆਂ 'ਆਪ' 'ਚ ਨਵੀਆਂ ਜ਼ਿੰਮੇਵਾਰੀਆਂ ਦਾ ਚੌਤਰਫਾ ਸਵਾਗਤ

**ਜਲੰਧਰ, (ਸ਼ੈਲੀ ਐਲਬਰਟ)** -ਪੰਜਾਬ ਦੀ ਹੁਕਮਾਰਾਨ ਆਮ ਆਦਮੀ ਪਾਰਟੀ ਵੱਲੋਂ ਚਲ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਜਲੰਧਰ ਲੋਕ ਸਭਾ ਹਲਕੇ ਵਿੱਚ ਕੁਝ ਆਗੂਆਂ ਨੂੰ ਨਵੀਆਂ ਤੇ ਅਹਿਮ ਜ਼ਿੰਮੇਵਾਰੀਆਂ ਦਿੱਤੇ ਜਾਣ ਨਾਲ ਪਾਰਟੀ ਵਿੱਚ ਹੋਰ ਉਤਸ਼ਾਹ ਦਾ ਮਾਹੌਲ ਬਣ ਗਿਆ ਹੈ। ਤਾਜ਼ਾ ਜਾਣਕਾਰੀ ਅਨੁਸਾਰ ਜਲੰਧਰ ਪੱਛਮੀ ਤੇ ਜਲੰਧਰ ਛਾਉਣੀ ਹਲਕਿਆਂ ਵਿੱਚ ਕ੍ਰਮਵਾਰ ਮਹਿੰਦਰ ਭਗਤ ਤੇ ਰਾਜਵਿੰਦਰ ਕੌਰ ਥਿਆੜਾ ਨੂੰ ਹਲਕਾ ਇੰਚਾਰਜ ਲਗਾਇਆ ਗਿਆ ਹੈ । ਇਨ੍ਹਾਂ ਨਵੀਆਂ ਨਿਯੁਕਤੀਆਂ ਨਾਲ ਪਾਰਟੀ ਹਲਕਿਆਂ ਵਿੱਚ ਹੋਰ ਸਰਗਰਮੀ ਤੇ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ।

## ਗੁਰਪ੍ਰਤਾਪ ਸਿੰਘ ਪਡਿਆਲਾ ਪੰਜਾਬ ਕਿਸਾਨ ਕਾਂਗਰਸ ਦੇ ਜਥੇਬੰਧਕ ਢਾਂਚੇ ਦੇ ਜਨਰਲ ਸਕੱਤਰ ਨਿਯੁਕਤ



**ਕੁਰਾਲੀ (ਮੋਹਨ ਅਗਰਵਾਲ )**- ਕਾਂਗਰਸ ਪਾਰਟੀ ਦੀ ਹਾਈ ਕਮਾਂਡ ਵੱਲੋਂ ਪੰਜਾਬ ਕਿਸਾਨ ਕਾਂਗਰਸ ਦੇ ਜਥੇਬੰਧਕ ਢਾਚੇ ਦਾ ਐਲਾਨ ਕੀਤਾ ਗਿਆ। ਇਸ ਢਾਂਚੇ ਵਿੱਚ ਕਾਂਗਰਸ ਪਾਰਟੀ ਵੱਲੋਂ ਮਿਹਨਤੀ ਵਰਕਰਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਇਸੇ ਤਹਿਤ ਮੁਹਾਲੀ ਜ਼ਿਲ੍ਹੇ ਦੀ ਸੀਨੀਅਰ ਯੂਥ ਆਗੂ ਗੁਰਪ੍ਰਤਾਪ ਸਿੰਘ ਪਡਿਆਲਾ ਨੂੰ ਹਾਈ ਕਮਾਂਡ ਵੱਲੋਂ ਪੰਜਾਬ ਕਿਸਾਨ ਕਾਂਗਰਸ ਦੇ ਜਥੇਬੰਧਕ ਢਾਚੇ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਦੱਸਣਯੋਗ ਹੈ ਕਿ ਗੁਰਪ੍ਰਤਾਪ ਸਿੰਘ ਪਡਿਆਲਾ ਪਿਛਲੇ ਲੰਬੇ ਸਮੇਂ ਤੋਂ ਕਾਂਗਰਸ ਪਾਰਟੀ ਦੀਆਂ ਗਤੀਵਿਧਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਆ ਰਹੇ ਹਨ। ਜਿਸ ਦੇ ਸਦਕੇ ਕਾਂਗਰਸ ਦੀ ਹਾਈ ਕਮਾਂਡ ਨੇ ਵੱਡਾ ਮਾਣ ਬਖ਼ਸ਼ਿਆ। ਗੁਰਪ੍ਰਤਾਪ ਸਿੰਘ ਪਡਿਆਲਾ ਨੇ ਇਸ ਅਪਨੀ ਨਿਯੁਕਤੀ ਲਈ ਸੁਖਪਾਲ ਸਿੰਘ ਖਹਿਰਾ ਪ੍ਰਧਾਨ ਆਲ ਇੰਡੀਆ ਕਿਸਾਨ ਕਾਰਗਸ, ਕਿਰਨਜੀਤ ਸਿੰਘ ਮਿੱਠਾ ਪ੍ਰਧਾਨ ਪੰਜਾਬ ਕਿਸਾਨ ਕਾਂਗਰਸ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਹੋਰ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਜਿਸ ਵਿਸ਼ਵਾਸ ਨਾਲ ਉਨਾਂ ਇਹ ਜ਼ਿੰਮੇਵਾਰੀ ਸੌਂਪੀ ਹੈ, ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਦੇਂ ਹੋਏ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਰਹਿਣਗੇ। ਇਸ ਮੌਕੇ ਰਾਜਵਿੰਦਰ ਸਿੰਘ ਗੁੱਡੂ, ਸਾਬਕਾ ਕੌਂਸਲਰ ਮੁਕੇਸ਼ ਰਾਣਾ ਚਨਾਲੋਂ, ਸਾਬਕਾ ਸਰਪੰਚ ਕੁਲਵਿੰਦਰ ਸਿੰਘ, ਭੁਪਿੰਦਰ ਸਿੰਘ ਖਰੜ ਸਮੇਤ ਇਲਾਕੇ ਦੇ ਕਾਂਗਰਸੀ ਆਗੂਆਂ ਵੱਲੋਂ ਗੁਰਪ੍ਰਤਾਪ ਸਿੰਘ ਪਡਿਆਲਾ ਨੂੰ ਮੁਬਾਰਕਾਂ ਦਿੰਦੇ ਹੋਏ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।

## ਕਾਮਰੇਡ ਜੋਗਿੰਦਰ ਸਿੰਘ ਅਮਰਪੁਰ ਬੇਲਾ ਨੂੰ ਗਹਿਰਾ ਸਦਮਾ, ਪਤਨੀ ਦੀ ਮੌਤ



**ਨੰਗਲ** -ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਸਾਬਕਾ ਹੈਲਥ ਇੰਸਪੈਕਟਰ ਜੋਗਿੰਦਰ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੀ ਧਰਮ ਪਤਨੀ ਬੀਬੀ ਦਰਸ਼ਨ ਕੌਰ (65) 20 ਅਪ੍ਰੈਲ ਨੂੰ ਅਕਾਲ ਚਲਾਣਾ ਕਰ ਗਈ।ਉਹ ਸ਼ੂਗਰ ਦੀ ਬਿਮਾਰੀ ਦੇ ਪੀੜਤ ਸਨ ਤੇ ਪਿਛਲੇ ਸਮੇਂ ਤੋਂ ਕੁਝ ਬਿਮਾਰ ਸਨ ਤੇ ਚੰਡੀਗੜ੍ਹ ਸੈਕਟਰ 32 ਦੇ ਹਸਪਤਾਲ ਵਿੱਚ ਦਾਖਲ ਸਨ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕਾਮਰੇਡ ਜਸਵਿੰਦਰ ਸਿੰਘ ਭੰਗਲ, ਬਜਿੰਦਰ ਪੰਡਤ, ਜ਼ਿਲ੍ਹਾ ਸਕੱਤਰ ਕਰਨੈਲ ਸਿੰਘ ਬਜਰੂੜ, ਕਾਮਰੇਡ ਤਰਸੇਮ ਸਿੰਘ ਭੱਲੜੀ, ਮਹਿੰਦਰ ਸਿੰਘ ਸੰਗਤਪੁਰ, ਭਜਨ ਸਿੰਘ ਸੰਦੋਆ, ਕਾਮਰੇਡ ਮਹਾਂ ਸਿੰਘ ਰੋੜੀ, ਇੰਦਰਜੀਤ ਸਿੰਘ ਫੌਜੀ, ਬਿੱਕਰ ਸਿੰਘ ਮੋਠਾਂਪੁਰ, ਜਗੀਰ ਸਿੰਘ ਰੌਲੀ, ਰੋਸ਼ਨ ਸਿੰਘ ਸੈਣੀਮਾਜਰਾ, ਗੀਤਾ ਰਾਮ, ਪ੍ਰੇਮ ਚੰਦ ਜੱਟਪੁਰ, ਰਾਮ ਸਿੰਘ ਸੈਣੀ ਮਾਜਰਾ, ਤਰਲੋਚਨ ਸਿੰਘ ਹੁਸੈਨਪੁਰ, ਗੁਰਦੇਵ ਸਿੰਘ ਬਾਗੀ, ਪਵਨ ਕੁਮਾਰ ਚੱਕ ਕਰਮਾ, ਦਲੀਪ ਸਿੰਘ ਘਨੌਲਾ, ਹਰਜਾਪ ਸਿੰਘ ਵਡਿਅਲ, ਹੁਕਮ ਸਿੰਘ ਸਾਧੜਾ, ਕੁਲਵਿੰਦਰ ਸਿੰਘ ਭੰਗਲ ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਏ ਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਉਹ ਆਪਣੇ ਪਿੱਛੇ ਹੱਸਦਾ ਵੱਸਦਾ ਵੱਡਾ ਪਰਵਾਰ ਛੱਡ ਗਈ।ਉਨ੍ਹਾਂ ਦੀ ਅੰਤਿਮ ਅਰਦਾਸ 3 ਮਈ ਨੂੰ ਜੱਦੀ ਪਿੰਡ ਅਮਰਪੁਰ ਬੇਲਾ ਨੇੜੇ ਨੂਰਪੁਰਬੇਦੀ ਵਿਖੇ ਹੋਵੇਗੀ।

## ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਨੇ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਿਆ



**ਮਾਹਿਲਪੁਰ (ਸ਼ਫ਼ਰੀ)** - ਅੱਜ ਹਲਕਾ ਹੁਸ਼ਿਆਰਪੁਰ ਤੋਂ ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਨੇ ਆਪਣੇ ਸਾਥੀਆਂ ਸਮੇਤ ਹਲਕੇ ਦੇ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਿਆ ਤੇ ਅਸ਼ੀਰਵਾਦ ਲਿਆ । ਇਸ ਮੌਕੇ ਉਨ੍ਹਾਂ ਨਾਲ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਹਲਕਾ ਚੱਬੇਵਾਲ ਦੇ ਇੰਚਾਰਜ ਡਾ. ਦਿਲਬਾਗ ਰਾਏ, ਮੇਅਰ ਅਰੁਣ ਖੋਸਲਾ, ਮੰਡਲ ਪ੍ਰਧਾਨ ਮੰਗਤਰਾਮ ਮੰਗਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਸਭ ਤੋਂ ਪਹਿਲਾਂ ਮਾਤਾ ਕਲਿਆਣੀ ਮੰਦਰ ਪਿੰਡ ਖੰਨੀ, ਡੇਰਾ ਰਤਨਪੁਰੀ ਜੈਜੋ ਦੁਆਬਾ, ਗੁਰਦੁਆਰਾ ਪੀਰਬਾਲਾ ਸਾਹਿਬ ਫਤਿਹਪੁਰ ਕੋਠੀ, ਡੇਰਾ ਬਾਬਾ ਦੋ ਗੁੱਤਾਂ ਵਾਲੇ ਜੀ ਭੁੱਲੇਵਾਲ ਗੁੱਜਰਾਂ, ਮਾਂ ਭਾਮੇਸ਼ਵਰੀ ਮੰਦਰ ਭਾਮ, ਠਕਰੋਵਾਲ ਡੇਰਾ, ਗੁਰਦੁਆਰਾ ਸਾਹਿਬ ਹਰਖੋਵਾਲ ਵਿਖੇ ਪਹੁੰਚ ਸੰਤ-ਮਹਾਂਪੁਰਸ਼ਾਂ ਦਾ ਆਸ਼ੀਰਵਾਦ ਲਿਆ ਅਤੇ ਮੱਥਾ ਟੇਕਿਆ। ਇਸ ਮੌਕੇ ਅਨੀਤਾ ਸੋਮ ਪ੍ਰਕਾਸ਼ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਮਾਤਮਾ ਤੋਂ ਅਸ਼ੀਰਵਾਦ ਲੈ ਕੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ ਅਤੇ ਉਹ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਲੋਕਾਂ ਅਤੇ ਦੇਸ਼ ਦੀ ਸੇਵਾ ਕਰਨਗੇ । ਉਨ੍ਹਾਂ ਕਿਹਾ ਕਿ ਇਲਾਕੇ ਦੇ ਵਿਕਾਸ ਲਈ ਕੇਂਦਰ ਤੋਂ ਨਵੇਂ ਪ੍ਰੋਜੈਕਟ ਲਿਆਂਦੇ ਜਾਣਗੇ ਅਤੇ ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦਾ ਮਕਸਦ ਇਲਾਕਾ ਨਿਵਾਸੀਆਂ ਦੀ ਸੇਵਾ ਕਰਨਾ ਅਤੇ ਇਲਾਕੇ ਦਾ ਵਿਕਾਸ ਕਰਨਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਧੀਰਜ ਐਰੀ, ਨੀਲਮ ਸ਼ਰਮਾ, ਮੰਨਤ ਪ੍ਰਧਾਨ ਮਹਿਲਾ ਮੋਰਚਾ ਆਦਿ ਹਾਜ਼ਰ ਸਨ ।

# ਇਪਟਾ ਪੰਜਾਬ ਵੱਲੋਂ ਕਨਵੈਨਸ਼ਨ ਦੌਰਾਨ ਕੇਵਲ ਕਾਂਗਰਸ, ਸੀ ਪੀ ਆਈ ਤੇ ਸੀ ਪੀ ਐੱਮ ਨੇ ਕੀਤੀ ਸ਼ਿਰਕਤ, ਭਾਜਪਾ, ਆਪ ਤੇ ਸ਼੍ਰੋਮਣੀ ਆਕਾਲੀ ਦਲ ਨਾ ਹੋਏ ਸ਼ਾਮਲ



**ਮੁਹਾਲੀ (ਗੁਰਜੀਤ ਬਿੱਲਾ)**-ਬੇਹੱਦ ਗੰਭੀਰ ਤੇ ਸੰਵੇਦਨਸ਼ੀਲ ਸਮਾਜਕ ਮੁੱਦੇ 'ਸੱਭਿਆਚਾਰਕ ਪ੍ਰਦੂਸ਼ਣ' ਨੂੰ ਚੋਣ ਮੁੱਦਾ ਨਾ ਬਣਾਉਣ ਅਤੇ ਉਨ੍ਹਾਂ ਦਾ ਨਜ਼ਰੀਆ ਜਾਣਨ ਲਈ ਰਾਜਨੀਤਿਕ ਧਿਰਾਂ ਤੋਂ ਕਾਰਨ ਜਾਣਨ ਲਈ ਇਪਟਾ, ਪੰਜਾਬ ਵੱਲੋਂ ਆਯੋਜਿਤ 'ਕਨਵੈਨਸ਼ਨ' ਦੌਰਾਨ ਸੱਦੀਆਂ ਸੱਤ ਰਾਜਨੀਤਿਕ ਧਿਰਾਂ ਵਿੱਚੋਂ ਕੇਂਦਰ ਤੇ ਸੂਬੇ ਦੀਆਂ ਹਾਕਮ ਧਿਰਾਂ ਬੀ.ਜੇ.ਪੀ ਤੇ ਆਮ ਆਦਮੀ ਪਾਰਟੀ ਅਤੇ ਰਾਜ ਸੱਤਾ ਪ੍ਰਾਪਤ ਕਰਨੀ ਦੀ ਇੱਛੁਕ ਸ਼੍ਰੋਮਣੀ ਆਕਾਲੀ ਦਲ (ਬਾਦਲ) ਨੇ ਵਾਰ ਵਾਰ ਸੰਪਰਕ ਕਰਨ ਦੇ ਬਾਵਜੂਦ ਆ ਕੇ ਆਪਣਾ ਪੱਖ ਰੱਖਣਾ ਵਾਜਬ ਨਹੀਂ ਸਮਝਿਆ ।ਪੰਜਾਬੀ ਲੇਖਕ ਸਭਾ (ਰਜਿ.), ਪੈਗ਼ਾਮ-ਏ-ਨਾਮਾ ਦੀ ਅਤੇ ਇਪਟਾ, ਚੰਡੀਗੜ੍ਹ ਦੇ ਸਰਗਰਮ ਸਹਿਯੋਗ ਨਾਲ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਖੇ ਹੋਈ ਕਨਵੈਨਸ਼ਨ ਵਿਚ ਲੇਖਕ, ਚਿੰਤਕ, ਰੰਗਮੰਚ ਅਤੇ ਫਿਲਮ ਅਦਾਕਾਰ ਭਰਵੀਂ ਗਿਣਤੀ ਵਿਚ ਸ਼ਾਮਲ ਹੋਏ।ਆਪਣੇ ਸੰਬੋਧਨ ਵਿਚ ਆਲੋਚਕ ਤੇ ਚਿੰਤਕ ਪ੍ਰੋਫੈਸਰ ਰਾਜਿੰਦਰ ਪਾਲ ਸਿੰਘ ਬਰਾੜ ਨੇ ਕਿਹਾ ਕਿ ਹੋਰਾਂ ਪ੍ਰਦੂਸ਼ਣਾਂ ਵਾਂਗ ਸੱਭਿਆਚਾਰਕ ਪ੍ਰਦੂਸ਼ਣ ਵੀ ਇਕ ਗੰਭੀਰ ਮਸਲਾ ਹੈ। ਸੱਭਿਆਚਾਰਕ ਪ੍ਰਦੂਸ਼ਣ ਵਿਚ ਗੀਤਕਾਰੀ ਅਤੇ ਗਾਇਕੀ ਦਾ ਪ੍ਰਦੂਸ਼ਣ ਵੱਧ ਪ੍ਰੇਸ਼ਾਨ ਕਰਦਾ ਹੈ। ਚੜ੍ਹਦੀ ਕਲਾ ਟਾਇਮ ਟੀ. ਵੀ. ਦੇ ਡਾਇਰੈਕਟ ਬੇਬਾਕ ਪੱਤਰਕਾਰ ਡਾ. ਹਰਜਿੰਦਰ ਪਾਲ ਸਿੰਘ ਵਾਲੀਆ ਨੇ ਕਿਹਾ ਕਿ ਰਾਜਨੀਤਿਕ ਪਾਰਟੀਆਂ ਜਦ ਮੁਢਲੇ ਮੁੱਦਿਆਂ ਤੋਂ ਕਿਨਾਰਾ ਕਰ ਗਈਆਂ ਹਨ ਤਾਂ ਪ੍ਰਦੂਸ਼ਤ ਹੋ ਰਿਹਾ ਸੱਭਿਆਚਾਰ ਇਨ੍ਹਾਂ ਲਈ ਮਸਲਾ ਕਿਵੇਂ ਹੋ ਸਕਦਾ ਹੈ।ਕਾਂਗਰਸ ਦੇ ਨੁਮਾਇੰਦੇ ਨਗਰ ਨਿਗਮ ਮੁਹਾਲੀ ਦੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੇ ਕਿਹਾ ਇਪਟਾ ਵੱਲੋਂ ਉਭਾਰਿਆ 'ਸੱਭਿਆਚਾਰਕ ਪ੍ਰਦੂਸ਼ਣ' ਬੇਹੱਦ ਗੰਭੀਰ ਮਸਲਾ ਹੈ ।ਸੀ ਪੀ ਐਮ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਸਿਰਫ 'ਸੱਭਿਆਚਾਰਕ ਪ੍ਰਦੂਸ਼ਣ' ਹੀ ਨਹੀਂ ਬਲਕਿ ਹਰ ਸਮਾਜਿਕ ਬੁਰਾਈ ਖਿਲਾਫ ਸਾਡੀ ਪਾਰਟੀ ਦੇਸ਼ ਭਰ ਵਿਚ ਆਪਣੀ ਆਵਾਜ਼ ਉਠਾਏਗੀ।ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਬਰਾੜ ਨੇ ਕਿਹਾ ਕਿ ਸੱਭਿਆਚਾਰ ਵਿਚ ਪ੍ਰਦਸ਼ਣ ਦੇ ਨਾਲ ਨਾਲ ਰਾਜਨੀਤੀ, ਧਰਮ, ਮਨੁੱਖੀ ਰਿਸ਼ਤਿਆਂ ਵਿਚ ਵੀ ਪ੍ਰਦੂਸ਼ਣ ਹੈ। ਸਾਨੂੰ ਹਰ ਕਿਸਮ ਦੇ ਪ੍ਰਦੂਸ਼ਣ ਦੇ ਖਿਲਾਫ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਇਪਟਾ ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਨੇ ਕਿਹਾ ਕਿ ਦੋ ਦਹਾਕੇ ਪਹਿਲਾਂ ਤੇਰਾ ਸਿੰਘ ਚੰਨ, ਸੰਤੋਖ ਸਿੰਘ ਧੀਰ, ਡਾ. ਐਸ ਤਰਸੇਮ, ਡਾ. ਪਰੇਮ ਸਿੰਘ ਦੀ ਪ੍ਰਧਾਨਗੀ ਹੇਠ ਮੁਹਾਲੀ ਵਿਖੇ ਹੋਈ ਰਾਜ ਪੱਧਰੀ ਕਨਵੈਨਸ਼ਨ 'ਰਾਜਨੀਤਕ ਪਾਰਟੀਆਂ ਦੇ ਸਾਹਿਤ, ਸੱਭਿਆਚਾਰ ਤੇ ਭਾਸ਼ਾ ਪ੍ਰਤੀ ਕਰਤੱਵ' ਦੌਰਾਨ ਰਾਜਨੀਤਕ ਪਾਰਟੀਆਂ ਦੇ ਆਗੂ ਕੈਪਟਨ ਕੰਵਲਜੀਤ ਸਿੰਘ, ਬਲਵੰਤ ਸਿੰਘ ਰਾਮੂਵਾਲੀਆ, ਡਾ. ਜੋਗਿੰਦਰ ਦਿਆਲ ਤੇ ਮੰਗਤ ਰਾਮ ਪਾਸਲਾ ਨੇ ਆਪੋ-ਆਪਣੀਆਂ ਸਿਆਸੀ ਪਾਰਟੀਆਂ ਵੱਲੋਂ ਸਾਹਿਤ, ਭਾਸ਼ਾ ਤੇ ਸੱਭਿਆਚਾਰ ਦੀ ਬਿਹਤਰੀ ਲਈ ਸੁਹਿਰਦ ਯਤਨ ਕਰਨ ਦਾ ਵਾਅਦਾ ਕੀਤਾ ਸੀ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ।ਇਪਟਾ ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਨੇ ਇਪਟਾ ਬਾਰੇ ਜਾਣਕਾਰੀ ਦਿੰਦੇ 'ਕਲਾ ਸਿਰਫ਼ ਕਲਾ ਨਹੀਂ, ਲੋਕਾਂ ਲਈ' ਦੇ ਸਿਧਾਂਤ 'ਤੇ ਅਮਲ ਕਰਦੀ ਇਪਟਾ ਮੁੰਬਈ ਵਿਖੇ 1943 ਨੂੰ ਹੋਂਦ ਵਿਚ ਆਈ।ਫਿਲਮਾਂ ਦੇ ਸਿਰਮੌਰ ਹਸਤਾਖਰ ਪ੍ਰਿਥਵੀ ਰਾਜ ਕਪੂਰ, ਬਲਰਾਜ ਸਾਹਨੀ ਅਤੇ ਪੰਜਾਬ ਤੋਂ ਤੇਰਾ ਸਿੰਘ ਚੰਨ, ਸੁਰਿੰਦਰ ਕੌਰ ਅਤੇ ਅਮਰਜੀਤ ਗੁਰਦਾਸ ਪੁਰੀ ਸਮੇਤ ਬੇਸ਼ੁਮਾਰ ਫਨਕਾਰ ਇਪਟਾ ਨਾਲ ਜੁੜੇ।ਡਾ. ਦੀਪਕ ਮਨਮੋਹਨ ਸਿੰਘ ਨੇ ਕਿਹਾ ਕਿ ਇਪਟਾ ਵੱਲੋਂ 'ਸੱਭਿਆਚਾਰਕ ਪ੍ਰਦੂਸ਼ਣ' ਵਰਗਾ ਉਠਾਇਆ ਮੁੱਦਾ ਸਮੇਂ ਦੀ ਲੋੜ ਹੈ। ਜੇ ਸਮਾਜ ਜ਼ਹਿਨੀ ਤੌਰ 'ਤੇ ਬਿਮਾਰ ਹੋ ਜਾਵੇਗਾ ਤਾਂ ਚਾਹੇ ਅਸੀਂ ਜਿੰਨੀ ਮਰਜ਼ੀ ਤਰੱਕੀ ਕਰ ਲਈਏ ਸਭ ਅਰਥਹੀਣ ਹੈ।ਕੁਲਵਿੰਦਰ ਕੌਰ ਕੋਮਲ ਨੇ ਕਿਹਾ ਕਿ ਸਾਡੇ ਮਸਲੇ ਹੱਲ ਕਰਨ ਲਈ ਸਾਨੂੰ ਆਪਣੀ ਜੰਗ ਆਪ ਲੜਨੀ ਪਊ।ਦੂਸਰੇ ਪੜਾਅ ਵਿਚ ਸੁਥਰੀ ਗਾਇਕੀ ਨੂੰ ਸਮਰਿਪਤ ਗਾਇਕਾ ਅਨਮੋਲ ਰੂਪੋਵਾਲੀ ਨੂੰ ਨੈਸ਼ਨਲ ਯੂਥ ਫੈਸਟੀਵਲ ਵਿਚ ਤੀਜਾ ਸਥਾਨ ਪ੍ਰਾਪਤ ਕਰਨ ਲਈ ਸਨਮਾਨਤ ਕੀਤਾ ਗਿਆ।ਪਹਿਲੀ ਮਹਿਲਾ ਅਲਗ਼ੋਜ਼ਾ ਵਾਦਕ ਅਨੁਰੀਤ ਪਾਲ ਕੌਰ ਅਲਗ਼ੋਜ਼ਿਆਂ ਦੀ ਪੇਸ਼ਕਾਰੀ ਤੋਂ ਇਲਵਾ ਇਪਟਾ ਦੇ ਗਾਇਕਾਂ ਅਨਮੋਲ ਰੂਪੋਵਾਲੀ, ਗੈਰੀ ਗਿੱਲ, ਲਾਲੀ ਚੰਡੀਗੜ੍ਹੀਆ, ਸੰਦੀਪ ਸ਼ਰਮਾ, ਅਰੁਨ ਸ਼ਰਮਾ ਅਤੇ ਚੰਦਨ ਮਾਨ ਨੇ ਲੋਕਾਂ ਦੀ ਗੱਲ ਕਰਦੀ ਗਾਇਕੀ ਵੀ ਪੇਸ਼ ਕੀਤੀ। ਇਪਟਾ, ਪੰਜਾਬ ਦੇ ਜਨਰਲ ਸਕੱਤਰ ਇੰਦਜੀਤ ਰੂਪੋਵਾਲੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਨਾਮਧਾਰੀ ਸੰਗਤ ਵੱਲੋਂ ਸੂਬਾ ਗੁਰਮੁਖ ਸਿੰਘ, ਸੂਬਾ ਪਰਮਜੀਤ ਸਿੰਘ, ਬਲਵਿੰਦਰ ਸਿੰਘ ਦੀ ਦੇਖ-ਰੇਖ ਹੇਠ ਚਾਹਠੇ ਤੇ ਪ੍ਰਸ਼ਾਦ ਦੀ ਸੇਵਾ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਪੂਰਥਲਾ ਤੋਂ ਸਰਬਜੀਤ ਰੂਪੋਵਾਲੀ ਅਤੇ ਦੀਪਕ ਨਾਹਰ, ਜਲੰਧਰ ਤੋਂ ਸੁਰਿੰਦਰ ਪਾਲ ਸਿੰਘ, ਅੰਮ੍ਰਿਤਸਰ ਤੋਂ ਸਤਨਾਮ ਮੁੱਦਲ, ਮਾਨਸਾ ਤੋਂ ਬਿੱਟੂ ਔਲਖ ਤੇ ਬਠਿੰਡਾ ਤੋਂ ਗੁਰਮੀਤ ਸਿੰਘ ਅਤੇ ਸਥਾਨਕ ਡਾ. ਲਾਭ ਸਿੰਘ ਖੀਵਾ, ਨਿੰਦਰ ਘੁਗਿਆਣਵੀ, ਪ੍ਰੀਤਮ ਰੁਪਾਲ, ਡਾ. ਸ਼ਿੰਦਰਪਾਲ ਸਿੰਘ, ਦੀਪਕ ਸ਼ਰਮਾ ਚਰਨਾਰਥਲ, ਪ੍ਰੋ. ਦਿਲਬਾਗ ਸਿੰਘ, ਭੁਪਿੰਦਰ ਸਿੰਘ ਮਲਿਕ, ਐਡਵੋਕੇਟ ਪਰਮਿੰਦਰ ਗਿੱਲ, ਕੰਵਲ ਨੈਨ ਸਿੰਘ ਸੇਖੋਂ, ਮਲਕੀਤ ਰੌਣੀ, ਇਕੱਤਰ ਸਿੰਘ, ਜਗਜੀਤ ਸਰੀਨ, ਰੰਜੀਵਨ ਸਿੰਘ, ਕੁੱਕੂ ਦੀਵਾਨ, ਅਨੀਤਾ ਸ਼ਬਦੀਸ਼, ਇੰਦਜੀਤ ਮੋਗਾ, ਹਰਦੀਪ ਕੌਰ ਵਿਰਕ, ਸਰਬਪ੍ਰੀਤ ਬਾਹਰਾ, ਰਣਜੀਤ ਹਾਂਸ, ਚਰਨਜੀਤ ਕੌਰ, ਬਲਜੀਤ ਕੌਰ ਲੁਧਿਆਣਵੀ, ਗੁਰਦਰਸ਼ਨ ਸਿੰਘ ਮਾਵੀ, ਗੁਰਮੇਲ ਸਿੰਘ ਮੋਜੇਵਾਲ, ਰਿਸ਼ਮਰਾਗ, ਉਦੈਰਾਗ ਨੇ ਵੀ ਸ਼ਮੂਲੀਅਤ ਕੀਤੀ।

## ਅਨੀਤਾ ਸੋਮ ਪ੍ਰਕਾਸ਼ ਦੀ ਜਿੱਤ ਸੌ ਫੀਸਦੀ ਯਕੀਨੀ : ਮੰਡ

**ਫਗਵਾੜਾ (ਡਾ. ਰਮਨ)**- ਮੌਜੂਦਾ ਲੋਕ ਸਭਾ ਚੋਣਾਂ ਦੌਰਾਨ ਪੰਜਾਬ 'ਚ ਕਰੀਬ ਤਿੰਨ ਦਹਾਕੇ ਬਾਅਦ ਇਕੱਲਿਆਂ ਚੋਣ ਲੜ ਰਹੀ ਭਾਰਤੀ ਜਨਤਾ ਪਾਰਟੀ ਕਿਸਾਨ ਮੋਰਚਾ ਦੇ ਕੌਮੀ ਸਕੱਤਰ ਅਵਤਾਰ ਸਿੰਘ ਮੰਡ ਨੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਦੀ ਜਿੱਤ ਨੂੰ ਸੌ ਫੀਸਦੀ ਯਕੀਨੀ ਦੱਸਦਿਆਂ ਕਿਹਾ ਕਿ ਬੇਸ਼ੱਕ ਵਿਰੋਧੀ ਧਿਰਾਂ ਕਿਸਾਨ ਜਥੇਬੰਦੀਆਂ ਨੂੰ ਆਪਣੇ ਸਿਆਸੀ ਹਿਤਾਂ ਦੀ ਪੂਰਤੀ ਲਈ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੇ ਖਿਲਾਫ ਭੜਕਾਉਣ ਦਾ ਕੰਮ ਕਰ ਰਹੀਆਂ ਹਨ ਪਰ ਉਨ੍ਹਾਂ ਦੀ ਇਹ ਕੋਸ਼ਿਸ਼ ਸਫਲ ਨਹੀਂ ਹੋਵੇਗੀ। ਕਿਉਂਕਿ ਪਿੰਡਾਂ ਦੇ ਲੋਕ ਵੀ ਪੰਜਾਬ ਦਾ ਵਿਕਾਸ ਚਾਹੁੰਦੇ ਹਨ ਅਤੇ ਉਨ੍ਹਾਂ ਨੇ ਪਿਛਲੇ ਦਸ ਸਾਲ ਦੌਰਾਨ ਦੇਖਿਆ ਹੈ ਕਿ ਦੇਸ਼ ਦਾ ਵਿਕਾਸ ਸਿਰਫ ਭਾਜਪਾ ਹੀ ਕਰਵਾ ਸਕਦੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੇ ਕਿਸਾਨਾਂ ਨਾਲ ਐਮ.ਐਸ.ਪੀ. ਕਾਨੂੰਨ ਦੀ ਗਰੰਟੀ ਦਾ ਵਾਅਦਾ ਕੀਤਾ ਸੀ ਪਰ ਸੱਤਾ 'ਚ ਆਉਣ ਤੋਂ ਬਾਅਦ ਆਪ ਸਰਕਾਰ ਅਤੇ ਪਾਰਟੀ ਐਮ.ਐਸ.ਪੀ. ਦੀ ਗਰੰਟੀ ਤੋਂ ਮੁੱਕਰ ਗਏ ਹਨ ਜਿਸ ਦਾ ਖਾਮਿਆਜ਼ਾ ਲੋਕ ਸਭਾ ਚੋਣਾਂ 'ਚ ਆਪ ਪਾਰਟੀ ਨੂੰ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਉਹ ਖੁਦ ਕਿਸਾਨ ਪਰਵਾਰ ਨਾਲ ਸਬੰਧ ਰੱਖਦੇ ਹਨ ਅਤੇ ਇਸ ਲਿਹਾਜ਼ ਨਾਲ ਕਹਿ ਸਕਦੇ ਹਨ ਕਿ ਆਜ਼ਾਦੀ ਤੋਂ ਬਾਅਦ ਹੁਣ ਤੱਕ ਜੇਕਰ ਕੋਈ ਸਰਕਾਰ ਕਿਸਾਨ ਭਲਾਈ ਲਈ ਗੰਭੀਰ ਰਹੀ ਹੈ ਤਾਂ ਉਹ ਕੇਂਦਰ ਦੀ ਮੌਜੂਦਾ ਨਰਿੰਦਰ ਮੋਦੀ ਸਰਕਾਰ ਹੈ। ਜਿਸ ਨੇ ਖਾਸ ਤੌਰ 'ਤੇ ਛੋਟੇ, ਗਰੀਬ ਅਤੇ ਜ਼ਮੀਨ ਤੋਂ ਵਾਂਝੇ ਕਿਸਾਨਾਂ ਨੂੰ ਆਰਥਕ ਪੱਖੋਂ ਉੱਚਾ ਚੁੱਕਣ ਲਈ ਕਿਸਾਨ ਸਨਮਾਨ ਯੋਜਨਾ ਸ਼ੁਰੂ ਕੀਤੀ। ਜਿਸ ਤਹਿਤ ਕਿਸਾਨਾਂ ਨੂੰ ਹਰੇਕ ਸਾਲ ਤਿੰਨ ਕਿਸ਼ਤਾਂ 'ਚ ਛੇ ਹਜ਼ਾਰ ਰੁਪਏ ਦੀ ਅਦਾਇਗੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਫਸਲ ਦੇ ਘੱਟੋ ਘੱਟ ਮੁੱਲ 'ਚ ਇਤਿਹਾਸਕ ਵਾਧਾ, ਫਸਲ ਬੀਮਾ ਯੋਜਨਾ, ਨੀਮ ਕੋਟੇਡ ਯੂਰੀਆ, ਸਾਇਲ ਹੈਲਥ ਕਾਰਡ, ਪੀ.ਐਮ. ਕੁਸੁਮ, ਈ-ਨਾਮ ਵਰਗੀਆਂ ਅਨੇਕਾਂ ਕਿਸਾਨ ਭਲਾਈ ਯੋਜਨਾਵਾਂ ਮੋਦੀ ਸਰਕਾਰ ਨੇ ਸ਼ੁਰੂ ਕੀਤੀਆਂ ਹਨ। ਮੰਡ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨਾਂ ਦੇ ਨਾਲ ਹੀ ਸਿੱਖ ਕੌਮ ਦਾ ਵੀ ਦਿਲੋਂ ਸਤਿਕਾਰ ਕਰਦੇ ਹਨ। ਉਨ੍ਹਾਂ ਜਿੱਥੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹ ਕੇ ਸਿੱਖਾਂ ਦੀ ਵਿਛੜੇ ਗੁਰੂਧਾਮਾਂ ਸਬੰਧੀ ਅਰਦਾਸ ਨੂੰ ਭਾਗ ਲਾਏ ਉੱਥੇ ਹੀ ਤਾਲਿਬਾਨ ਦੇ ਸਤਾਏ ਅਫਗਾਨ ਸਿੱਖਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰੇ ਸਤਿਕਾਰ ਨਾਲ ਭਾਰਤ ਲਿਆਉਣ ਅਤੇ ਅਫਗਾਨ ਸਿੱਖਾਂ ਨੂੰ ਨਾਗਰਿਕਤਾ ਦੇ ਕੇ ਭਾਰਤ ਵਿਚ ਵਸਾਉਣ ਦਾ ਸ਼ਲਾਘਾਯੋਗ ਕੰਮ ਵੀ ਕੀਤਾ ਹੈ। ਇਸ ਲਈ ਉਹ ਕਿਸਾਨਾਂ ਅਤੇ ਸਮੂਹ ਪੰਜਾਬੀਆਂ ਨੂੰ ਨਿੱਜੀ ਤੌਰ ਤੇ ਅਪੀਲ ਕਰਦੇ ਹਨ ਕਿ ਪੰਜਾਬ ਦੀ ਬਿਹਤਰੀ ਲਈ ਹੁਸ਼ਿਆਰਪੁਰ ਸਮੇਤ ਸੂਬੇ ਦੀਆਂ ਕੁੱਲ ਤੇਰਾਂ ਸੀਟਾਂ 'ਤੇ ਭਾਜਪਾ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਈ ਜਾਵੇ ਅਤੇ ਪੰਜਾਬ ਦੀ ਤਰੱਕੀ ਦਾ ਰਾਹ ਪੱਧਰਾ ਹੋ ਸਕੇ।

## ਮੋਹਾਲੀ ਪ੍ਰੈੱਸ ਕਲੱਬ ਵੱਲੋਂ ਪੱਤਰਕਾਰ ਰਜਿੰਦਰ ਤੱਗੜ ਨੂੰ ਝੂਠੇ ਕੇਸ 'ਚ ਫਸਾਉਣ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ

**ਮੋਹਾਲੀ, (ਗੁਰਜੀਤ ਬਿੱਲਾ)**- ਸੀਨੀਅਰ ਪੱਤਰਕਾਰ ਰਜਿੰਦਰ ਸਿੰਘ ਤੱਗੜ ਦੀ ਗ੍ਰਿਫ਼ਤਾਰੀ ਮਾਮਲੇ ਵਿਚ ਅੱਜ ਮੋਹਾਲੀ ਪ੍ਰੈੱਸ ਕਲੱਬ ਦੀ ਗਵਰਨਿੰਗ ਬਾਡੀ ਦੀ ਮੀਟਿੰਗ ਕੀਤੀ ਗਈ। ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਵਿੱਚ ਪੱਤਰਕਾਰ ਰਜਿੰਦਰ ਸਿੰਘ ਤੱਗੜ ਨੂੰ ਮੋਹਾਲੀ ਪੁਲਸ ਵਲੋਂ ਝੂਠੇ ਕੇਸ ਵਿੱਚ ਫਸਾਉਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਦੀ ਇਹ ਕਾਰਵਾਈ ਸਿੱਧੇ ਤੌਰ 'ਤੇ ਪੱਤਰਕਾਰਤਾ ਅਤੇ ਪ੍ਰੈਸ ਦੀ ਆਜ਼ਾਦੀ ਉਤੇ ਹਮਲਾ ਹੈ। ਦੱਸਣਯੋਗ ਹੈ ਕਿ ਰਜਿੰਦਰ ਸਿੰਘ ਤੱਗੜ ਪਿਛਲੇ ਕਾਫੀ ਸਮੇਂ ਤੋਂ ਪ੍ਰਸ਼ਾਸਨ ਖਾਸ ਕਰਕੇ ਪੁਲਸ ਵੱਲੋਂ ਲੋਕਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਖਿਲਾਫ਼ ਆਪਣੇ ਚੈਨਲ 'ਪੰਜਾਬ ਦਸਤਾਵੇਜ਼' ਰਾਹੀਂ ਵਿਰੁੱਧ ਅਵਾਜ਼ ਬੁਲੰਦ ਕਰ ਰਹੇ ਸਨ। ਮੀਟਿੰਗ ਵਿਚ ਫੈਸਲਾ ਕਰਦਿਆਂ ਇਹ ਮੰਗ ਕੀਤੀ ਗਈ ਕਿ ਪੱਤਰਕਾਰ ਤੱਗੜ ਉਤੇ ਪਾਇਆ ਝੂਠਾ ਪੁਲਸ ਕੇਸ ਤੁਰੰਤ ਵਾਪਸ ਲਿਆ ਜਾਵੇ ਅਤੇ ਜੇਕਰ ਤੱਗੜ ਉਤੇ ਪਾਇਆ ਕੇਸ ਵਾਪਸ ਨਾ ਲਿਆ ਗਿਆ ਤਾਂ ਮੋਹਾਲੀ ਪ੍ਰੈੱਸ ਕਲੱਬ ਅਤੇ ਸਮੂਹ ਪੱਤਰਕਾਰ ਭਾਈਚਾਰਾ, ਜਮਹੂਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਸੰਘਰਸ਼ ਵਿੱਢੇਗਾ।

## ਲੋਕ ਸਭਾ ਚੋਣਾਂ-2024 : ਪੋਲਿੰਗ ਸਟਾਫ਼ ਦੀ ਪਹਿਲੀ ਰੈਂਡਮਾਈਜ਼ੇਸ਼ਨ

**ਜਲੰਧਰ, (ਸ਼ੈਲੀ ਐਲਬਰਟ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਮੌਜੂਦਗੀ ਵਿੱਚ ਐਤਵਾਰ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲੋਕ ਸਭਾ ਚੋਣਾਂ-2024 ਦੌਰਾਨ ਤਾਇਨਾਤ ਕੀਤੇ ਜਾਣ ਵਾਲੇ ਚੋਣ ਅਮਲੇ ਦੀ ਪਹਿਲੀ ਰੈਂਡਮਾਈਜ਼ੇਸ਼ਨ ਕਰਵਾਈ ਗਈ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਲੋਕ ਸਭਾ ਹਲਕਾ ਜਲੰਧਰ ਦੀ ਚੋਣ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ 10690 ਪੋਲਿੰਗ ਸਟਾਫ਼ ਦੀ ਰੈਂਡਮਾਈਜ਼ੇਸ਼ਨ ਸੀ.ਈ.ਓ. ਪੰਜਾਬ ਦੇ ਸਾਫਟਵੇਅਰ ਨੈਕਸਟਜੈਨ ਡਾਈਸ ਰਾਹੀਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਚੋਣ ਸਟਾਫ਼ ਨੂੰ ਵਿਧਾਨ ਸਭਾ ਪੱਧਰ 'ਤੇ ਨਿਰਧਾਰਤ ਟ੍ਰੇਨਿੰਗ ਵਾਲੇ ਸਥਾਨ 'ਤੇ 2 ਸ਼ਿਫ਼ਟਾਂ ਵਿੱਚ ਚੋਣ ਡਿਊਟੀ ਬਾਰੇ ਵਿਸਥਾਰਤ ਸਿਖ਼ਲਾਈ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੋਕ ਸਭਾ ਚੋਣ ਲਈ 1 ਜੂਨ ਨੂੰ ਵੋਟਾਂ ਪੈਣਗੀਆਂ, ਜਿਸ ਦੇ ਲਈ 7 ਤੋਂ 14 ਮਈ ਤੱਕ ਨਾਮਜ਼ਦਗੀਆਂ ਪ੍ਰਾਪਤ ਕੀਤੀਆਂ ਜਾਣਗੀਆਂ। 15 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ। ਉਪਰੰਤ 17 ਮਈ ਨੂੰ ਨਾਮਜ਼ਦਗੀਆਂ ਵਾਪਸ ਲਈਆਂ ਜਾ ਸਕਣਗੀਆਂ ਅਤੇ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ।ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸਮੁੱਚੀ ਚੋਣ ਪ੍ਰਕਿਰਿਆ ਨੂੰ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ, ਜਿਸ ਦੇ ਜ਼ਿਲ੍ਹੇ ਵਿੱਚ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ, ਡੀ.ਆਈ.ਓ. ਰਣਜੀਤ ਸਿੰਘ, ਡਿਪਟੀ ਡੀ.ਈ.ਓ. ਰਾਜੀਵ ਜੋਸ਼ੀ, ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਚੋਣ ਕਾਨੂੰਨਗੋ ਰਾਕੇਸ਼ ਕੁਮਾਰ ਆਦਿ ਵੀ ਮੌਜੂਦ ਸਨ।

## ਲੋਕ ਸਭਾ ਚੋਣਾਂ : ਮੁਲਾਜ਼ਮ ਤੇ ਪੈਨਸ਼ਨਰ....

(ਸਫ਼ਾ 4 ਦੀ ਬਾਕੀ)

ਮਾਤਰ ਪੰਦਰਾਂ ਜਾਂ 18 ਹਜ਼ਾਰ ਰੁਪਏ 'ਤੇ ਮੁਲਾਜ਼ਮ ਪੱਕੇ ਕਰਨਾ, 500 ਰੁਪਏ ਸਾਲਾਨਾ ਵਾਧਾ ਕਰਦਿਆਂ 25000 ਰੁਪਏ ਤਨਖਾਹ 'ਤੇ 500 ਰੁਪਏ ਵਾਧਾ ਬੰਦ ਕਰ ਦੇਣਾ, ਇਸ ਵਧ ਰਹੀ ਮਹਿੰਗਾਈ ਅੰਦਰ ਕਿੰਨਾਂ ਕੁ ਜਾਇਜ਼ ਹੈ ? ਇਸ ਦਿਸ਼ਾ ਵਿੱਚ ਪ੍ਰਾਂਤ ਦੀਆਂ ਪਹਿਲੀਆਂ ਸਾਰੀਆਂ ਸਰਕਾਰਾਂ ਵੱਲੋਂ ਪੁੱਟੇ ਗਏ ਕਦਮਾਂ ਦੇ ਟਾਕਰੇ ਵਿੱਚ ਇਹ ਨੀਤੀ ਬਹੁਤ ਹੀ ਅਨਿਆਂ ਪੂਰਨ ਹੈ ਅਤੇ ਬੇਰੁਜ਼ਗਾਰ ਜਵਾਨੀ ਅੰਦਰ ਉਭਰਦੇ ਚੰਗੇਰੇ ਭਵਿੱਖ ਦੇ ਸੁਪਨਿਆਂ ਨਾਲ ਇੱਕ ਅਤਿ ਘਿਨਾਉਣਾ ਖਿਲਵਾੜ ਹੈ।

ਪ੍ਰਸ਼ਨ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਜਦੋਂ ਕੇਂਦਰੀ ਤੇ ਹੋਰ ਰਾਜ ਸਰਕਾਰਾਂ ਦੇ ਮੁਲਾਜ਼ਮ 50 ਫੀਸਦੀ ਮਹਿੰਗਾਈ ਭੱਤਾ ਲੈ ਰਹੇ ਹਨ, ਤਾਂ ਪੰਜਾਬ ਦੇ ਮੁਲਾਜ਼ਮਾਂ ਨੂੰ 12 ਫੀਸਦੀ ਘੱਟ, 38 ਫੀਸਦੀ ਮਹਿੰਗਾਈ ਭੱਤਾ ਹੀ ਕਿਉਂ ਦਿੱਤਾ ਜਾ ਰਿਹਾ ਹੈ ? ਸਾਲ 2016 ਤੋਂ ਗ੍ਰੇਡ ਦੁਹਰਾਈ ਦੇ ਬਕਾਏ ਕਿਉਂ ਨਹੀਂ ਦਿੱਤੇ ਜਾ ਰਹੇ ? ਪੈਨਸ਼ਨਰਾਂ ਦੀ ਤਨਖਾਹ ਦੁਹਰਾਈ ਕੇਂਦਰੀ ਪੈਟਰਨ 'ਤੇ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀ ਸਿਫਾਰਸ਼ ਅਨੁਸਾਰ 2.59 ਦੇ ਗੁਣਾਂਕ ਨਾਲ ਕਿਉਂ ਨਹੀਂ ਕੀਤੀ ਜਾ ਰਹੀ ? ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਇਲਾਜ ਲਈ ਦਿੱਤੀ ਜਾਂਦੀ ਕੈਸ਼ਲੈਸ ਹੈਲਥ ਸਕੀਮ ਬੰਦ ਕਿਉਂ ਕਰ ਦਿੱਤੀ ਗਈ ? ਮੌਤ ਹੋ ਚੁੱਕੇ ਮੁਲਾਜ਼ਮਾਂ ਦੇ ਵਾਰਸਾਂ ਨੂੰ ਤਿੰਨ ਸਾਲਾਂ ਤੱਕ ਮੁੱਢਲਾ ਤਨਖਾਹ ਸਕੇਲ ਦੇਣਾ ਕਿੰਨਾ ਕੁ ਜਾਇਜ਼ ਹੈ। ਵਿਕਾਸ ਟੈਕਸ ਦੇ ਨਾਂਅ 'ਤੇ ਹਰ ਮਹੀਨੇ 200 ਰੁਪਏ ਕਟੌਤੀ ਕਿਉਂ ਕੀਤੀ ਜਾ ਰਹੀ ਹੈ ? ਪੰਜਾਬ ਮੁਲਾਜ਼ਮਾਂ ਦਾ ਵੱਖਰਾ ਤਨਖਾਹ ਸਕੇਲ ਹੋਣ ਦੇ ਬਾਵਜੂਦ ਮਾਨ ਸਰਕਾਰ ਕੇਂਦਰੀ ਤਨਖਾਹ ਸਕੇਲਾਂ 'ਤੇ ਭਰਤੀਆਂ ਕਿਉਂ ਕਰਦੀ ਹੈ ?

ਉਪਰੋਕਤ ਸਾਰਾ ਕੁੱਝ ਦੇਸ਼ ਦੇ ਹਾਕਮਾਂ ਵੱਲੋਂ ਲਾਗੂ ਕੀਤੀਆਂ ਸਾਮਰਾਜ ਨਿਰਦੇਸ਼ਿਤ ਨਵ-ਉਦਾਰਵਾਦੀ ਆਰਥਿਕ ਨੀਤੀਆਂ ਲਾਗੂ ਕਰਨ ਕਰਕੇ ਹੈ। ਜਿਸ ਨੇ ਜਨ ਕਲਿਆਣ ਦੇ ਕਾਰਜਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ। ਸਿੱਖਿਆ, ਸਿਹਤ, ਜਲ ਸਪਲਾਈ ਤੇ ਆਵਾਜਾਈ ਜਿਹੀਆਂ ਜ਼ਰੂਰੀ ਸੇਵਾਵਾਂ ਦਾ ਵੱਡਾ ਹਿਸਾ ਨਿੱਜੀਕਰਨ ਦੀ ਭੇਂਟ ਚਾੜ੍ਹ ਦਿੱਤਾ। ਜਨਤਕ ਖੇਤਰ ਨੂੰ ਵੱਡੀ ਹੱਦ ਤੱਕ ਤਬਾਹ ਕਰ ਦਿੱਤਾ ਹੈ। ਲੋਕ ਵੰਡ ਪ੍ਰਣਾਲੀ ਮਜ਼ਬੂਤ ਨਾ ਕਰਨ ਦੇ ਸਿੱਟੇ ਵਜੋਂ ਮੁਨਾਫ਼ਾਖੋਰੀ ਚਰਮ ਸੀਮਾ 'ਤੇ ਹੈ। ਗਰੀਬ-ਅਮੀਰ ਦਾ ਪਾੜਾ ਵਧਦਾ ਜਾ ਰਿਹਾ ਹੈ। ਬੇਰੁਜ਼ਗਾਰੀ ਅਤੇ ਨਸ਼ਾਖੋਰੀ ਦਾ ਕੋਈ ਸਥਾਈ ਹੱਲ ਨਾ ਹੋਣ ਕਰਕੇ ਮਜਬੂਰ ਜਵਾਨੀ ਪ੍ਰਵਾਸ ਕਰਦੀ ਹੈ ਜਾਂ ਅਸਮਾਜਿਕ ਤੱਤਾਂ ਦੇ ਹੱਥਾਂ ਵਿੱਚ ਖੇਡਣ ਲੱਗ ਜਾਂਦੀ ਹੈ। ਅਜਿਹੇ ਵਿੱਚ ਨਿੱਤ ਦਿਨ ਚੋਰੀ, ਡਾਕੇ, ਲੁੱਟਾਂ-ਖੋਹਾਂ ਤੇ ਕਤਲੋਗਾਰਤ ਦੀਆਂ ਘਟਨਾਵਾਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ।

ਦੇਸ਼ ਦਾ ਸੰਵਿਧਾਨ ਅਜੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਆਪਣੀ ਮਨਪਸੰਦ ਪਾਰਟੀ ਦੇ ਉਮੀਦਵਾਰ ਨੂੰ ਵੋਟ ਪਾਉਣ ਦਾ ਅਧਿਕਾਰ ਦਿੰਦਾ ਹੈ। ਇਸ ਅਧਿਕਾਰ ਦੀ ਵਿਵੇਕਪੂਰਨ ਤੇ ਸਹੀ ਵਰਤੋਂ ਕਰਦਿਆਂ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਮੁਲਾਜ਼ਮ ਵਿਰੋਧੀ ਧਿਰਾਂ ਨੂੰ ਵੋਟ ਦੀ ਚੋਟ ਨਾਲ ਢੁੱਕਵਾਂ ਸਬਕ ਸਿਖਾਉਣ ਅਤੇ ਗੱਦੀ ਤੋਂ ਲਾਹੁਣ ਲਈ ਆਪਣੇ ਜਮਹੂਰੀ ਅਧਿਕਾਰਾਂ ਦੀ ਡਟਵੀਂ ਵਰਤੋਂ ਕਰਨੀ ਚਾਹੀਦੀ ਹੈ। ਭਾਰਤੀ ਸੰਵਿਧਾਨ ਅਨੁਸਾਰ ਲੋਕਾਂ ਦੇ "ਸੰਗਠਿਤ ਹੋਣ ਅਤੇ ਪੁਰਅਮਨ ਢੰਗ ਨਾਲ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨ" ਦੇ ਬੁਨਿਆਦੀ ਅਧਿਕਾਰ ਨੂੰ ਖੁਰਦ-ਬੁਰਦ ਕਰਨ ਵੱਲ ਤੇਜ਼ੀ ਨਾਲ ਵਧ ਰਹੀ ਕੇਂਦਰੀ ਸਰਕਾਰ ਵਿਰੁੱਧ ਜਨ-ਚੇਤਨਾ ਪ੍ਰਚੰਡ ਕਰਨ ਲਈ ਸੰਭਵ ਉਪਰਾਲੇ ਅਤੇ ਪ੍ਰਾਂਤ ਅੰਦਰ ਸੈਕੂਲਰ, ਜਮਹੂਰੀ ਤੇ ਫੈਡਰਲ ਵਿਵਸਥਾ ਦੀ ਮਜ਼ਬੂਤੀ ਲਈ ਇਹਨਾਂ ਚੋਣਾਂ ਵਿੱਚ ਬੱਝਵੀਂ ਤੇ ਪ੍ਰਭਾਵਸ਼ਾਲੀ ਦਖਲਅੰਦਾਜ਼ੀ ਕਰਨੀ ਚਾਹੀਦੀ ਹੈ। ਮੁਲਾਜ਼ਮਾਂ ਨੂੰ ਇਹ ਵੀ ਚਾਹੀਦਾ ਹੈ ਕਿ ਚੋਣ ਡਿਊਟੀ ਮੌਕੇ ਡਿਊਟੀ ਸਰਟੀਫਿਕੇਟ ਦਾ ਅਗਾਊਂ ਪ੍ਰਬੰਧ ਕਰ ਬਿਨਾਂ ਕਿਸੇ ਡਰ-ਭੈਅ ਜਾਂ ਲਾਲਚ ਅਧੀਨ ਕਿਸੇ ਵਿਸ਼ੇਸ਼ ਵਿਅਕਤੀ ਜਾਂ ਧਿਰ ਦੀ ਤਰਫਦਾਰੀ ਤੋਂ ਦੂਰ ਰਹਿੰਦੇ ਹੋਏ ਨਿਰਪੱਖ ਢੰਗ ਨਾਲ ਆਪਣੀ ਡਿਊਟੀ ਕਰਦਿਆਂ ਆਪਣੀ ਵੋਟ ਹਰ ਹਾਲਤ ਵਿੱਚ ਪਾਉਣੀ ਚਾਹੀਦੀ ਹੈ।

*ਸੰਪਰਕ : 94176-467777*

# ਰੈੱਡ ਕਰਾਸ ਸੁਸਾਇਟੀ ਵੱਲੋਂ ਨੇਤਰਹੀਣ ਬੱਚਿਆਂ ਨੂੰ ਸਵੈ ਰੋਜ਼ਗਾਰ ਦੀ ਬਿਹਤਰੀਨ ਪਹਿਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਸਮਾਜ ਦੇ ਲੋੜਵੰਦ ਲੋਕਾਂ ਦੀ ਮਦਦ ਲਈ ਹਮੇਸ਼ਾ ਮੋਹਰੀ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਸਮੇਂ-ਸਮੇਂ 'ਤੇ ਇਸ ਤਰ੍ਹਾਂ ਦੇ ਕਈ ਪ੍ਰੋਜੈਕਟ ਚਲਾਏ ਜਾ ਰਹੇ ਹਨ, ਜਿਸ ਨਾਲ ਲੋੜਵੰਦਾਂ ਨੂੰ ਨਵੀਂ ਦਿਸ਼ਾ ਮਿਲੀ ਹੈ। ਇਸ ਲੜੀ ਵਿਚ ਡਿਪਟੀ ਕਮਿਸ਼ਨਰ-ਕਮ-ਚੇਅਰਪਰਸਨ ਜ਼ਿਲ੍ਹਾ ਰੈਂਡ ਕਰਾਸ ਸੁਸਾਇਟੀ ਕੋਮਲ ਮਿੱਤਲ ਦੀ ਅਗਵਾਈ ਵਿਚ ਰੈਂਡ ਕਰਾਸ ਸੁਸਾਇਟੀ ਨੇ ਲੁਧਿਆਣਾ ਬੇਵਰੇਜ਼ਸ ਪ੍ਰਾਈਵੇਟ ਲਿਮਟਿਡ ਹੁਸ਼ਿਆਰਪੁਰ ਦੇ ਸਹਿਯੋਗ ਨਾਲ 108 ਸੰਤ ਨਰਾਇਣ ਦਾਸ ਜੀ ਨੇਤਰਹੀਣ ਸਕੂਲ ਬਾਹੋਵਾਲ (ਮਾਹਿਲਪੁਰ) ਵਿਚ ਡਿਸਪੋਜ਼ੇਬਲ ਆਈਟਮਸ ਬਣਾਉਣ ਲਈ 2 ਮਸ਼ੀਨਾਂ ਉਪਲਬਧ ਕਰਵਾਈਆਂ ਗਈਆਂ ਹਨ, ਤਾਂ ਜੋ ਨੇਤਰਹੀਣ ਬੱਚੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਇਸ ਪ੍ਰੋਜੈਕਟ ਦਾ ਉਦਘਾਟਨ ਸਹਾਇਕ ਕਮਿਸ਼ਨਰ ਦਿਵਿਆ ਪੀ (ਆਈ.ਏ.ਐਸ) ਵੱਲੋਂ ਕੀਤਾ ਗਿਆ। ਇਸ ਦੌਰਾਨ ਸੁਸਾਇਟੀ ਵੱਲੋਂ ਸਕੂਲ ਨੂੰ 10 ਸਕੂਲ ਬੈਗ ਕਿੱਟਸ ਅਤੇ ਦੋ ਵਾਟਰ ਫਿਲਟਰ ਵੀ ਭੇਂਟ ਕੀਤੇ ਗਏ। ਸਕੱਤਰ ਜ਼ਿਲ੍ਹਾ ਰੈਂਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਬਲਾਇੰਡ ਐਂਡ ਹੈਂਡੀਕੈਪਡ ਡਿਵੈਲਪਮੈਂਟ ਸੁਸਾਇਟੀ ਬਾਹੋਵਾਲ ਵੱਲੋਂ 14 ਨੇਤਰਹੀਣ ਬੱਚਿਆਂ ਨੂੰ ਗਿਆਨ, ਕਲਾ ਅਤੇ ਸੰਗੀਤ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਹੁਣ ਇਨ੍ਹਾਂ ਬੱਚਿਆਂ ਨੂੰ ਰੋਜ਼ਗਾਰ ਦੇ ਕਾਬਲ ਬਣਾਉਣ ਲਈ ਰੈਂਡ ਕਰਾਸ ਸੁਸਾਇਟੀ ਵੱਲੋਂ ਇਸ ਸੁਸਾਇਟੀ ਵਿਚ ਲੁਧਿਆਣਾ ਬੇਵਰੇਜ਼ਸ ਪ੍ਰਾਈਵੇਟ ਲਿਮਟਿਡ (ਕੋਕਾ ਕੋਲਾ) ਦੇ ਸਹਿਯੋਗ ਨਾਲ ਸੁਸਾਇਟੀ ਨੂੰ ਫੁਲੀ ਆਟੋਮੈਟਿਕ ਮਸ਼ੀਨਾਂ ਅਤੇ ਕੱਚਾ ਮਾਲ ਮੁਹੱਈਆ ਕਰਵਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਕੰਪਨੀ ਅਤੇ ਰੈਂਡ ਕਰਾਸ ਸਟਾਫ ਵੱਲੋਂ ਇਨ੍ਹਾਂ ਨੇਤਰਹੀਣ ਬੱਚਿਆਂ ਅਤੇ ਸਕੂਲ ਦੇ ਸਟਾਫ ਨੂੰ ਮਸ਼ੀਨ ਚਲਾਉਣ, ਸਾਮਾਨ ਬਣਾਉਣ ਅਤੇ ਪੈਕ ਕਰਨ ਦੀ ਉਚਿਤ ਟ੍ਰੇਨਿੰਗ ਦਿੱਤੀ ਗਈ ਹੈ। ਇਨ੍ਹਾਂ ਦੋ ਮਸ਼ੀਨਾਂ ਰਾਹੀਂ 8 ਘੰਟੇ ਵਿਚ ਕਰੀਬ 20 ਹਜ਼ਾਰ ਡਿਸਪੋਜ਼ੇਬਲ ਆਈਟਮਸ ਬਣਾਈਆਂ ਜਾ ਸਕਦੀਆਂ ਹੈ। ਉਨ੍ਹਾਂ ਦੱਸਿਆ ਕਿ ਰੈਂਡ ਕਰਾਸ ਵੱਲੋਂ ਚਲਾਏ ਜਾ ਰਹੇ ਵਿੰਗਜ਼ ਪ੍ਰੋਜੈਕਟ ਦੀਆਂ ਕੰਟੀਨਾਂ 'ਤੇ ਰੋਜ਼ਾਨਾ ਤੌਰ 'ਤੇ ਇਸਤੇਮਾਲ ਹੋਣ ਵਾਲੀਆਂ ਡਿਸਪੋਜ਼ੇਬਲ ਪਲੇਟਾਂ ਅਤੇ ਗਲਾਸਾਂ ਦੀ ਗਿਣਤੀ ਨੂੰ ਧਿਆਨ ਵਿਚ ਰੱਖਦੇ ਹੋਏ 10 ਹਜ਼ਾਰ ਦਾ ਪਹਿਲਾ ਆਰਡਰ ਸੁਸਾਇਟੀ ਨੂੰ ਦੇ ਦਿੱਤਾ ਗਿਆ ਹੈ। ਇਸੇ ਤਰ੍ਹਾਂ ਨੇਤਰਹੀਣ ਬੱਚਿਆਂ ਦੁਆਰਾ ਬਣਾਇਆ ਗਿਆ ਸਾਮਾਨ ਵਿੰਗਜ਼ ਪ੍ਰੋਜੈਕਟ ਦੇ ਸਪੈਸ਼ਲ ਬੱਚਿਆਂ ਦੁਆਰਾ ਖਰੀਦਿਆ ਜਾਵੇਗਾ। ਇਸ ਪ੍ਰੋਜੈਕਟ ਨੂੰ ਸਫਲ ਬਣਾਉਣ ਲਈ ਸਮੇਂ-ਸਮੇਂ 'ਤੇ ਯੋਗ ਅਗਵਾਈ ਅਤੇ ਹੋਰ ਆਰਡਰ ਬੁੱਕ ਕਰਨ ਵਿਚ ਵੀ ਰੈਂਡ ਕਰਾਸ ਵੱਲੋਂ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਵਿਚ ਜ਼ਿਲ੍ਹਾ ਰੈਂਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਮਾਨਸਿਕ ਅਤੇ ਸਰੀਰਕ ਤੌਰ 'ਤੇ ਘੱਟ ਵਿਕਸਤ ਅਤੇ ਅਸਮਰੱਥ ਬੱਚਿਆਂ ਨੂੰ ਰੋਜ਼ਗਾਰ ਦੇ ਕਾਬਲ ਬਣਾਉਣ ਲਈ ਨਵੇਂ ਪ੍ਰੋਜੈਕਟ ਚਲਾ ਰਹੀ ਹੈ। ਸੁਸਾਇਟੀ ਵੱਲੋਂ ਪਹਿਲਾਂ ਤੋਂ ਹੀ ਮਾਨਸਿਕ ਤੌਰ 'ਤੇ ਘੱਟ ਵਿਕਸਿਤ ਬੱਚਿਆਂ (ਸਪੈਸ਼ਲ ਬੱਚਿਆਂ) ਲਈ 'ਵਿੰਗਜ਼' ਨਾਂਅ ਦਾ ਇਕ ਬਿਹਤਰੀਨ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ, ਜਿਸ ਰਾਹੀਂ ਵੱਖ-ਵੱਖ ਸਥਾਨਾਂ 'ਤੇ ਕੰਟੀਨਾਂ ਖੋਲ੍ਹ ਕੇ ਇਨ੍ਹਾਂ ਸਪੈਸ਼ਲ ਬੱਚਿਆਂ ਨੂੰ ਰੋਜ਼ਗਾਰ ਦਿੱਤਾ ਗਿਆ ਹੈ।ਇਸ ਮੌਕੇ ਜ਼ਿਲ੍ਹਾ ਵਿਕਾਸ ਫੈਲੋ ਜੋਇਆ ਸਦੀਕੀ, ਰੋਜ਼ਗਾਰ ਦਫ਼ਤਰ ਤੋਂ ਅਦਿੱਤਿਆ ਰਾਣਾ, ਮੈਨੇਜਰ ਕੋਕਾ ਕੋਲਾ ਗੁਰਮੀਤ ਸਿੰਘ, ਰੈਂਡ ਕਰਾਸ ਕਾਰਜਕਾਰੀ ਮੈਂਬਰ ਰਾਜੀਵ ਬਜਾਜ, ਸਰਬਜੀਤ ਸਿੰਘ, ਕੁਲਵੀਰ ਕੌਰ, ਗੁਰਮੀਤ ਕੌਰ, ਬਲਾਇੰਡ ਐਂਡ ਹੈਂਡੀਕੈਪਡ ਡਿਵੈਲਪਮੈਂਟ ਸੁਸਾਇਟੀ ਬਾਹੋਵਾਲ ਦੇ ਪ੍ਰਧਾਨ ਮਾਸਟਰ ਅਤਰ ਸਿੰਘ ਅਤੇ ਵਿਕਾਸ ਸਲੂਜਾ ਵੀ ਮੌਜੂਦ ਸਨ।

30-APRIL-PAGE-10.qxd 4/29/2024 10:34 PM Page 1



# ਬੇਰੁਜ਼ਗਾਰੀ ਤੇ ਮਹਿੰਗਾਈ ਮੋਦੀ ਦੀ ਦੇਣ : ਮੀਤ ਹੇਅਰ

## ਮੀਤ ਹੇਅਰ ਨੇ ਉਦਯੋਗਪਤੀਆਂ ਨਾਲ ਕੀਤੀ ਮੀਟਿੰਗ


ਉਦਯੋਗਪਤੀਆਂ ਦੇ ਇਕੱਠ ਨੂੰ ਸੰਬੋਧਨ ਕਰਦੇ ਗੁਰਮੀਤ ਸਿੰਘ ਮੀਤ ਹੇਅਰ।

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**
ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਬੀਤੇ ਦਿਨ ਸਥਾਨਕ ਇੱਕ ਹੋਟਲ ਵਿਖੇ 'ਸੰਗਰੂਰ ਚੈਂਬਰ ਆਫ਼ ਕਾਮਰਸ' ਦੇ ਬੈਨਰ ਹੇਠ ਇਲਾਕੇ ਦੇ ਉਦਯੋਗਪਤੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਗਤੀਸ਼ੀਲ ਤੇ ਦੂਰ ਅੰਦੇਸ਼ੀ ਸੋਚ ਦੇ ਮਾਲਕ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਨੂੰ ਮੁੜ ਰੰਗਲਾ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦਾ ਹੌਸਲਾ ਬੁਲੰਦ ਕਰਨ ਲਈ ਪੰਜਾਬ ਦੀਆਂ 13 ਦੀਆਂ ਸੀਟਾਂ 'ਤੇ ਆਪ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਦੀ ਲੋੜ ਹੈ। ਇਸ ਮੌਕੇ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਤੇ ਮੁੱਖ ਮੰਤਰੀ ਕੈਂਪ ਦਫ਼ਤਰ ਦੇ ਇੰਚਾਰਜ ਅੰਮ੍ਰਿਤ ਬਰਾੜ, ਕੌਂਸਲਰ ਪੁਸ਼ਪਿੰਦਰ ਸ਼ਰਮਾ ਤੇ 'ਆਪ' ਸ਼ਹਿਰੀ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ ਹਾਜ਼ਰ ਸਨ।

ਉਨ੍ਹਾਂ ਪੰਜਾਬ ਦੀ 'ਆਪ' ਸਰਕਾਰ ਦੇ ਕੰਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਸੀਂ ਪੰਜਾਬ ਦੇ ਸਾਰੇ ਘਰਾਂ ਨੂੰ 300 ਯੂਨਿਟ ਮੁਫਤ ਬਿਜਲੀ ਦਿੱਤੀ, ਕਿਸਾਨਾਂ ਨੂੰ ਸਿਰਫ ਤੇ ਨਿਰਵਿਘਨ ਬਿਜਲੀ, ਸਕੂਲ ਆਫ ਐਮੀਨੈਂਸ ਬਣਾਏ, ਆਮ ਆਦਮੀ ਕਲੀਨਿਕ ਬਣਾਏ, ਜਿੱਥੇ ਹੁਣ ਤੱਕ 1.5 ਕਰੋੜ ਲੋਕ ਮੁਫਤ ਇਲਾਜ ਕਰਵਾ ਚੁੱਕੇ ਹਨ, ਪੰਜਾਬ ਦੇ ਹਰ ਪਿੰਡ ਹਰ ਕੋਨੇ ਤੱਕ ਨਹਿਰੀ ਪਾਣੀ ਪਹੁੰਚਾਇਆ, 43,000 ਸਰਕਾਰੀ ਨੌਕਰੀਆਂ ਦਿੱਤੀਆਂ ਤੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ। ਉਨ੍ਹਾ ਕਿਹਾ ਕਿ ਇਸ ਸਮੇਂ ਉਨ੍ਹਾਂ ਦੀ ਲੜਾਈ ਕੇਂਦਰ, ਤਾਨਾਸ਼ਾਹੀ ਭਾਜਪਾ ਨਾਲ ਹੈ। ਉਨ੍ਹਾ ਕਿਹਾ ਕਿ ਅਕਾਲੀ ਦਲ ਨੂੰ ਵੋਟ ਦੇਣ ਦਾ ਮਤਲਬ ਬੇਅਦਬੀ ਲਈ ਜ਼ਿੰਮੇਵਾਰ ਲੋਕਾਂ ਨੂੰ ਵੋਟ ਦੇਣਾ ਹੈ, ਜਦੋਂਕਿ ਪੰਜਾਬ ਵਿੱਚ ਕਾਂਗਰਸ ਨਾ ਉਮੀਦ ਹੋ ਤੇ ਉਹ ਆਪਸ ਵਿੱਚ ਹੀ ਲੜਦੇ ਰਹਿੰਦੇ ਹਨ, ਉਨ੍ਹਾਂ ਕੋਲ ਆਮ ਲੋਕਾਂ ਦੀਆਂ ਸਮੱਸਿਆਵਾਂ ਲਈ ਬਿਲਕੁਲ ਵੀ ਸਮਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੂੰ 13 ਯੋਗ ਉਮੀਦਵਾਰ ਵੀ ਨਹੀਂ ਮਿਲ ਰਹੇ ਹਨ। ਲੋਕ ਉਨ੍ਹਾਂ ਦੀਆਂ ਟਿਕਟਾਂ 'ਤੇ ਇਹ ਚੋਣ ਲੜਨ ਲਈ ਬਿਲਕੁਲ ਵੀ ਤਿਆਰ ਨਹੀਂ ਹਨ, ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਹ ਬੁਰੀ ਤਰ੍ਹਾਂ ਹਾਰ ਜਾਣਗੇ। ਉਨ੍ਹਾਂ ਕਿਹਾ ਕਿ ਮੋਦੀ ਚੋਣਾਂ ਦੌਰਾਨ ਲੋਕਾਂ ਨੂੰ 'ਲੋਲੀਪੌਪ' ਦਿੰਦੇ ਹਨ ਤੇ 'ਜੁਮਲੇ' ਸੁਣਾਉਂਦੇ ਹਨ, ਪ੍ਰਤੂ ਇਨ੍ਹਾਂ 'ਲੋਲੀਪੌਪ' ਤੇ 'ਜੁਮਲਿਆਂ' ਦੇ ਜਾਲ ਵਿੱਚ ਨਾ ਫਸਿਓ। ਉਨ੍ਹਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਲੀਕੇਜ ਬੰਦ ਕਰਕੇ ਭ੍ਰਿਸ਼ਟਾਚਾਰ ਨੂੰ ਨੱਥ ਪਾਈ ਹੈ। ਹੁਣ ਲੋਕਾਂ ਦੇ ਟੈਕਸ ਦਾ ਪੈਸਾ ਸਰਕਾਰੀ ਖ਼ਜ਼ਾਨੇ ਵਿੱਚ ਜਾ ਰਿਹਾ ਹੈ ਤੇ ਸਰਕਾਰ ਲੋਕਾਂ ਨੂੰ ਉਸ ਪੈਸੇ ਵਿੱਚੋਂ ਲਾਭ ਦੇ ਰਹੀ ਹੈ।

ਉਨ੍ਹਾ ਕਿਹਾ ਕਿ ਜਨਤਾ ਇਹ ਵੀ ਕਦੇ ਨਹੀਂ ਭੁੱਲੇਗੀ ਕਿ ਭਾਜਪਾ ਸਰਕਾਰ ਨੇ ਸਾਡੇ ਕਿਸਾਨਾਂ ਨਾਲ ਕਿਹੋ ਜਿਹਾ ਸਲੂਕ ਕੀਤਾ। ਇਸ ਮੌਕੇ ਪ੍ਰਧਾਨ ਦਰਸ਼ਨ ਸਿੰਘ ਧਨੋਂ, ਸੈਕਟਰੀ ਅੰਮ੍ਰਿਤ ਰਿੱਕੂ ਗਰਗ, ਸੁਨੀਲ ਕੁਮਾਰ ਬਬਲਾ, ਜੀਵਨ ਜੈਨ, ਹਰਦੀਪ ਸਿੰਘ ਤੇ ਰਾਜ ਕੁਮਾਰ ਜਿੰਦਲ ਆਦਿ ਹਾਜ਼ਰ ਸਨ।

## ਅਦਾਲਤ ਵੱਲੋਂ ਭਗੌੜੇ ਕਰਾਰ ਦਿੱਤੇ ਦੋ ਵਿਅਕਤੀਆਂ ਨੂੰ ਸਰਹਿੰਦ ਪੁਲਸ ਨੇ ਕੀਤਾ ਕਾਬੂ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਚੈੱਕ ਬਾਊਂਸ ਦੇ ਵੱਖ-ਵੱਖ ਮਾਮਲਿਆਂ 'ਚ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਜਾ ਚੁੱਕੇ ਦੋ ਵਿਅਕਤੀਆਂ ਨੂੰ ਸਰਹਿੰਦ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਚੈੱਕ ਬਾਊਂਸ ਦੇ ਇੱਕ ਮਾਮਲੇ ਦਾ ਸਾਹਮਣਾ ਕਰ ਰਹੇ ਸਰਹਿੰਦ ਵਾਸੀ ਨੂੰ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਗਿਆ ਸੀ, ਜਿਸ ਨੂੰ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਜਗਰੂਪ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ।ਚੈੱਕ ਬਾਊਂਸ ਦੇ ਇੱਕ ਵੱਖਰੇ ਮਾਮਲੇ 'ਚ ਫ਼ਤਹਿਗੜ੍ਹ ਸਾਹਿਬ ਦੀ ਇੱਕ ਅਦਾਲਤ ਵੱਲੋਂ ਭਗੌੜੇ ਕਰਾਰ ਦਿੱਤੇ ਜਾ ਚੁੱਕੇ ਮੰਗਤ ਰਾਮ ਵਾਸੀ ਸਰਹਿੰਦ ਨੂੰ ਵੀ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਜਗਰੂਪ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਗ੍ਰਿਫ਼ਤਾਰ ਕਰਨ 'ਚ ਸਫ਼ਲਤਾ ਹਾਸਲ ਕੀਤੀ ਗਈ ਹੈ।

# ਪੰਜ ਕੌਂਸਲਰ 'ਆਪ' 'ਚ ਸ਼ਾਮਲ

## ਪੰਜਾਬ ਦੀਆਂ 13 ਸੀਟਾਂ 'ਤੇ ਹੋਵੇਗੀ ਵੱਡੀ ਜਿੱਤ : ਅਮੋਲਕ ਸਿੰਘ


ਵਿਧਾਇਕ ਅਮੋਲਕ ਸਿੰਘ ਤੇ ਕਰਮਜੀਤ ਅਨਮੋਲ ਨਾਲ ਆਪ 'ਚ ਸ਼ਾਮਲ ਹੋਣ ਵਾਲੇ ਨਗਰ ਕੌਂਸਲਰ।

**ਜੈਤੋ (ਸਤੀਸ਼ ਕੁਮਾਰ ਭੀਰੀ)**
ਪੰਜਾਬ ਸਰਕਾਰ ਦੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਸ਼ਹਿਰ ਦੇ ਪੰਜ ਨਗਰ ਕੌਂਸਲਰ ਐੱਮ ਐੱਲ ਏ ਅਮੋਲਕ ਸਿੰਘ ਦੀ ਪ੍ਰੇਰਣਾ ਸਦਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਕਰਮਜੀਤ ਅਨਮੋਲ ਤੋਂ ਸਿਰੋਪਾ ਪਵਾ ਕੇ ਆਮ ਆਦਮੀ ਪਾਰਟੀ ਦੇ ਝੰਡੇ ਹੇਠ ਆਏ।ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸੁਖਵਿੰਦਰ ਗਰਗ, ਜੋ ਕਿ ਵਾਰਡ ਨੰਬਰ 13 ਤੋਂ ਨਗਰ ਕੌਂਸਲਰ ਸੁਮਨ ਦੇਵੀ ਦੇ ਪਤੀ, ਵਾਰਡ ਨੰਬਰ 2 ਤੋਂ ਨਗਰ ਕੌਂਸਲਰ ਸਤਨਾਮ ਸਿੰਘ ਸਰਾ, ਵਾਰਡ ਨੰਬਰ 16 ਤੋਂ ਨਗਰ ਕੌਂਸਲਰ ਖੁਸ਼ੀ ਰਾਮ ਤੇ ਨਗਰ ਕੌਂਸਲਰ ਹਰਪ੍ਰੀਤ ਕੌਰ ਨੇ ਆਪਣੇ ਸਮਰਥਕਾਂ ਸਮੇਤ ਪਾਰਟੀ ਵਿੱਚ ਵਿਸ਼ਵਾਸ ਰੱਖਣ ਦਾ ਐਲਾਨ ਕੀਤਾ।ਇਸ ਮੌਕੇ ਬੁਲਾਈ ਗਈ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਰੂਬਰੂ ਹੁੰਦਿਆਂ ਵਿਧਾਇਕ ਅਮੋਲਕ ਸਿੰਘ ਤੇ ਫਰੀਦਕੋਟ ਤੋਂ ਲੋਕ ਸਭਾ ਉਮੀਦਵਾਰ ਕਰਮਜੀਤ ਅਨਮੋਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੂਰੀ ਤਨਦੇਹੀ ਨਾਲ ਦਿਨ-ਰਾਤ ਇੱਕ ਕਰਕੇ ਕੀਤੇ ਜਾ ਰਹੇ ਲੋਕ ਪੱਖੀ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵਿਰੋਧੀ ਪਾਰਟੀਆਂ ਦੇ ਆਗੂ ਤੇ ਵਰਕਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਮਾਣ ਮਹਿਸੂਸ ਕਰ ਰਹੇ ਹਨ।ਅਮੋਲਕ ਸਿੰਘ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂ ਤੇ ਵਰਕਰਾਂ ਵੱਲੋਂ ਧੜਾਧੜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਵੱਡਾ ਕਾਰਨ ਉਨ੍ਹਾਂ ਨੂੰ ਅਣਗੌਲਿਆ ਕੀਤਾ ਜਾਣਾ ਸੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਚੜ੍ਹਤ 'ਤੇ ਵਿਰੋਧੀਆਂ ਨੂੰ ਪੈ ਰਹੀਆਂ ਦੰਦਲਾਂ ਇਸ ਗੱਲ ਦਾ ਸਬੂਤ ਹੈ ਕਿ ਆਪ ਪੰਜਾਬ ਦੀਆਂ 13 ਸੀਟਾਂ 'ਤੇ ਜਿੱਤ ਪ੍ਰਾਪਤ ਕਰ ਰਹੀ ਹੈ।ਇਸ ਮੌਕੇ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਵਾਇਸ ਚੇਅਰਮੈਨ ਧਰਮਜੀਤ ਰਾਮੇਆਣਾ, ਟਰੱਕ ਯੂਨੀਅਨ ਦੇ ਪ੍ਰਧਾਨ ਹਰਸਿਮਰਨ ਮਲਹੋਤਰਾ, ਜ਼ਿਲ੍ਹਾ ਬੁੱਧੀਜੀਵੀ ਸੈੱਲ ਦੇ ਪ੍ਰਧਾਨ ਗੁਰਪਿਆਰ ਸਿੰਘ, ਸੀਨੀਅਰ ਆਗੂ ਸੱਤ ਪਾਲ ਡੋਡ, ਬਜ਼ੁਰਗ ਆਗੂ ਤੀਰਥ ਰਾਮ ਗਰਗ, ਆਪ ਸੋਸ਼ਲ ਮੀਡੀਆ ਬਲਾਕ ਪ੍ਰਧਾਨ ਸੁਖਰੀਤ ਰੋਮਾਣਾ, ਬਲਾਕ ਪ੍ਰਧਾਨ ਜਸਵੰਤ ਸਿੰਘ, ਸ਼ਹਿਰੀ ਯੂਥ ਆਗੂ ਧਰਮਿੰਦਰ ਤੋਤਾ, ਅਸ਼ੋਕ ਕੁਮਾਰ ਗਰਗ ਸਮੇਤ ਅਨੇਕਾਂ ਆਗੂ ਤੇ ਵਰਕਰ ਹਾਜ਼ਰ ਸਨ।

## ਕਾਤਰਾਂ

### ਰਿਸ਼ਤੇ 'ਚ ਬਲ ਨਹੀਂ, ਬਲਕਿ ਪ੍ਰੇਮ ਦੀ ਲੋੜ ਹੈ : ਬੀ ਕੇ ਸ਼ਾਂਤਨੂੰ



**ਜੈਤੋ (ਸਤੀਸ਼ ਕੁਮਾਰ ਭੀਰੀ)**-ਮਾਊਂਟ ਆਬੂ ਈਸ਼ਵਰੀਆ ਵਿਸ਼ਵ ਵਿਦਿਆਲਿਆ ਦੇ ਰਾਸ਼ਟਰੀ ਮੀਡੀਆ ਇੰਚਾਰਜ ਬੀ ਕੇ ਸ਼ਾਂਤਨੂੰ ਨੇ ਮੀਡੀਆ ਕਾਰਕੁਨਾਂ ਨੂੰ ਆਪਣੇ ਸੰਦੇਸ਼ ਵਿੱਚ ਕਿਹਾ ਕਿ ਛੋਟੀ ਉਂਗਲ਼ ਉੱਤੇ ਪੂਰਾ ਗੋਵਰਧਨ ਪਰਬਤ ਚੁੱਕਣ ਵਾਲੇ ਸ੍ਰੀ ਕ੍ਰਿਸ਼ਨ ਇੱਕ ਛੋਟੀ ਜਿਹੀ ਬਾਂਸਰੀ ਨੂੰ ਦੋਵੇਂ ਹੱਥਾਂ ਨਾਲ ਫੜਦੇ ਹਨ, ਬਸ ਇੰਨਾ ਹੀ ਫਰਕ ਹੈ ਬਲ ਤੇ ਪਿਆਰ ਵਿੱਚ।ਇਸ ਲਈ ਰਿਸ਼ਤਿਆਂ ਵਿੱਚ ਬਲ ਨਹੀਂ, ਬਲਕਿ ਪ੍ਰੇਮ ਹੋਣਾ ਚਾਹੀਦਾ ਹੈ।ਆਪਣਿਆਂ ਵਿੱਚ ਦੂਰੀਆਂ ਇਸ ਤਰ੍ਹਾਂ ਨਹੀਂ ਵਧਣੀਆਂ ਚਾਹੀਦੀਆਂ ਕਿ ਉਨ੍ਹਾਂ ਨੂੰ ਸਮੇਟਣ ਲਈ ਗੈਰਾਂ ਦੀ ਲੋੜ ਪਵੇ।ਰੱਦੀ ਤੱਕ ਤੋਲੀ ਜਾਂਦੀ ਹੈ, ਵਿਕਣ ਤੋਂ ਪਹਿਲਾਂ, ਤੁਹਾਨੂੰ ਕੋਈ ਪਰਖ਼ ਰਿਹਾ ਹੈ ਤਾਂ ਬੁਰਾ ਕੀ ਹੈ, ਕੱਚੇ ਧਾਗੇ ਦੀ ਗੰਢ ਲਾ ਕੇ ਹੀ ਤਾਂ ਪੱਕੇ ਰਿਸ਼ਤਿਆਂ ਦੀ ਸੁੱਖ ਸੁੱਖੀ ਜਾਂਦੀ ਹੈ।ਬੀ ਕੇ ਸ਼ਾਂਤਨੂੰ ਨੇ ਕਿਹਾ ਕਿ ਸਮਾਂ ਤੇ ਜ਼ਿੰਦਗੀ ਦੁਨੀਆ ਦੇ ਸਰਵੋਤਮ ਅਧਿਆਪਕ ਹਨ, ਜ਼ਿੰਦਗੀ ਸਮੇਂ ਦਾ ਸੁਚੱਜਾ ਉਪਯੋਗ ਸਿਖਾਉਂਦੀ ਹੈ ਤੇ ਸਮਾਂ ਸਾਨੂੰ ਜ਼ਿੰਦਗੀ ਦੀ ਕੀਮਤ ਸਿਖਾਉਂਦਾ ਹੈ।

### ਮਾਤਾ ਸੁਰਜੀਤ ਕੌਰ ਭੱਟੀ ਦੀ ਬਰਸੀ ਮਨਾਈ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ)**-ਪੱਤਰਕਾਰ ਹਾਕਮ ਸਿੰਘ ਭੱਟੀ ਦੇ ਮਾਤਾ ਸੁਰਜੀਤ ਕੌਰ, ਜੋ ਪਿਛਲੇ ਸਾਲ ਸਦੀਵੀ ਵਿਛੋੜਾ ਦੇ ਗਏ ਸਨ, ਅੱਜ ਉਨ੍ਹਾਂ ਦੇ ਪਿੰਡ ਲਖਮੀਰਵਾਲਾ ਵਿਖੇ ਮਾਤਾ ਜੀ ਦੀ ਨਿੱਘੀ ਯਾਦ ਵਿੱਚ ਆਪਣੇ ਗ੍ਰਹਿ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾ ਕੇ ਉਨ੍ਹਾਂ ਦੀ ਪਹਿਲੀ ਬਰਸੀ ਮਨਾਈ ਗਈ। ਇਸ ਮੌਕੇ ਵਿਸ਼ੇਸ਼ ਤੌਰ ਤੇ ਸੀਟੀ ਪ੍ਰੈੱਸ ਕਲੱਬ ਸੁਨਾਮ ਤੇ ਪ੍ਰਧਾਨ ਸ੍ਰੀ ਤਰਨ ਬਾਂਸਲ, ਸ੍ਰੀ ਅੰਸੂ ਡੋਗਰਾ, ਰਾਜੇਸ਼ ਬਾਂਸਲ, ਅਸ਼ੋਕ ਬਾਂਸਲ, ਮਨਿੰਦਰ ਸਿੰਘ ਲਖਮੀਰਵਾਲਾ, ਸੁਖਜਿੰਦਰ ਸਿੰਘ ਲਖਮੀਰਵਾਲਾ, ਰਿੰਪਲ ਧਾਲੀਵਾਲ, ਹਰਮੇਲ ਸਿੰਘ ਮਹਿਰੋਕ, ਕੁਲਦੀਪ ਸਿੰਘ, ਪੰਚਾਇਤ ਸੈਕਟਰੀ ਅਮਨਦੀਪ ਸਿੰਘ, ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਲਖਮੀਰਵਾਲਾ, ਰਿਸ਼ਤੇਦਾਰ ਤੇ ਸਮੂਹ ਨਗਰ ਨਿਵਾਸੀ ਪਹੁੰਚੇ ਅਤੇ ਮਾਤਾ ਸੁਰਜੀਤ ਕੌਰ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।

### ਪੁਲਸ ਤੇ ਬਦਮਾਸ਼ਾਂ 'ਚ ਮੁੱਠਭੇੜ, ਇੱਕ ਕਾਬੂ, ਦੋ ਫ਼ਰਾਰ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਗੁਰੂ ਹਰਸਹਾਏ ਦੇ ਥਾਣਾ ਮੁਖੀ ਉਪਕਾਰ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ 'ਤੇ ਸ਼ੱਕੀ ਲੋਕਾਂ ਦੀ ਚੈਕਿੰਗ ਕਰ ਰਹੇ ਸਨ।ਇਸ ਦੌਰਾਨ ਜਦੋਂ ਉਹ ਮੁਕਤਸਰ ਰੋਡ 'ਤੇ ਸਥਿਤ ਗੁਰਦੁਆਰਾ ਬੇਰ ਸਾਹਿਬ ਕੋਲ ਪਹੁੰਚੇ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਕੁੱਝ ਨੌਜਵਾਨਾਂ ਦੇ ਕੋਲ ਨਾਜਾਇਜ਼ ਅਸਲਾ ਹੈ, ਜੋ ਗੁਰੂ ਹਰਸਹਾਏ ਤੋਂ ਸ਼ਰੀਹ ਵਾਲਾ ਰੋਡ 'ਤੇ ਮੋਟਰਸਾਈਕਲ ਲੈ ਕੇ ਖੜੇ ਹੋਏ ਹਨ ਅਤੇ ਕਿਸੇ ਲੁੱਟ-ਖੋਹ ਦੀ ਵਾਰਦਾਤ ਕਰਨ ਦੀ ਤਾਕ 'ਚ ਹਨ।ਇਸ 'ਤੇ ਥਾਣਾ ਮੁਖੀ ਉਪਕਾਰ ਸਿੰਘ ਪੁਲਸ ਪਾਰਟੀ ਸਮੇਤ ਸ਼ਰੀਹ ਵਾਲਾ ਰੋਡ 'ਤੇ ਪੈਂਦੇ ਮੋੜ ਪਿੰਡ ਲਖਮੀਰਪੁਰਾ ਪਹੁੰਚੇ ਤਾਂ ਇੱਕ ਮੋਟਰਸਾਈਕਲ 'ਤੇ 3 ਨੌਜਵਾਨ ਆਉਂਦੇ ਦਿਖਾਈ ਦਿੱਤੇ।ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਕਤਾਨ ਦੋਸ਼ੀਆਨ ਨੇ ਪੁਲਸ ਪਾਰਟੀ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।ਇਸ 'ਤੇ ਜਵਾਬੀ ਕਾਰਵਾਈ ਕਰਦੇ ਹੋਏ ਪੁਲਸ ਨੇ ਵੀ ਹਵਾਈ ਫਾਇਰ ਕੀਤੇ ਅਤੇ ਸਿਪਾਹੀ ਦੇਵਪ੍ਰੀਤ ਸਿੰਘ ਨੇ ਸਰਕਾਰੀ ਅਸਾਲਟ ਨਾਲ ਇੱਕ ਫਾਇਰ ਕੀਤਾ ਤਾਂ 2 ਨੌਜਵਾਨ ਹਨੇਰੇ ਦਾ ਫ਼ਾਇਦਾ ਚੁੱਕ ਕੇ ਭੱਜ ਗਏ, ਜਦੋਂਕਿ ਇੱਕ ਨੌਜਵਾਨ ਰਾਹੁਲ ਨੂੰ ਕਾਬੂ ਕੀਤਾ ਗਿਆ ਅਤੇ ਉਸ ਕੋਲੋਂ 1 ਮੋਟਰਸਾਈਕਲ ਬਰਾਮਦ ਕੀਤਾ ਗਿਆ।ਫਿਲਹਾਲ ਫੜੇ ਗਏ ਲੁਟੇਰੇ ਕੋਲੋਂ ਸਖ਼ਤੀ ਨਾਲ ਪੁੱਛ-ਗਿੱਛ ਕੀਤੀ ਜਾ ਰਹੀ ਹੈ।ਫ਼ਰਾਰ ਨੌਜਵਾਨਾਂ ਦੀ ਭਾਲ ਕੀਤੀ ਜਾ ਰਹੀ ਹੈ।ਫਿਲਹਾਲ ਇਸ ਘਟਨਾ ਕਾਰਨ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਦਿਖਾਈ ਦੇ ਰਿਹਾ ਹੈ।

### ਕ੍ਰਾਂਤੀਕਾਰੀ ਈ-ਰਿਕਸ਼ਾ ਯੂਨੀਅਨ ਮਈ ਦਿਵਸ ਮਨਾਏਗੀ

**ਮੋਗਾ (ਇਕਬਾਲ ਸਿੰਘ ਖਹਿਰਾ)**-ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਬੱਗਾ ਸਿੰਘ ਨੇ ਜਾਣਕਾਰੀ ਦਿੱਤੀ ਕਿ ਕਰਾਂਤੀਕਾਰੀ ਈ-ਰਿਕਸ਼ਾ ਯੂਨੀਅਨ ਮੋਗਾ ਦੀ ਮੀਟਿੰਗ ਗੀਤਾ ਭਵਨ ਮੋਗਾ ਦੇ ਸਾਹਮਣੇ ਪਾਰਕ ਵਿੱਚ ਯੂਨੀਅਨ ਦੇ ਸੂਬਾਈ ਆਗੂ ਲਖਵੀਰ ਸਿੰਘ ਲੱਖਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਸਰਬਨ ਸਿੰਘ ਸਾਂਈਂ ਸਟੈਂਡ (ਸਟੈਂਡ ਬਿਜਲੀ ਘਰ), ਗੁਰਦੀਪ ਸਿੰਘ ਸਟੈਂਡ ਜ਼ੀਰਾ ਰੋਡ, ਸੁਲੱਖਣ ਸਿੰਘ ਸਟੈਂਡ ਬੋਹਨਾ ਚੌਕ, ਗਗਨ ਬੁੱਟਰ ਸਟੈਂਡ ਤਿੰਨ ਨੰਬਰ ਚੁੰਗੀ ਦੀ ਅਗਵਾਈ ਵਿੱਚ ਈ ਰਿਕਸ਼ਾ ਚਾਲਕ ਪਹੁੰਚੇ ਸਨ। ਮੀਟਿੰਗ ਵਿੱਚ ਲਖਵੀਰ ਸਿੰਘ ਲੱਖਾ ਨੇ ਮਈ ਦਿਹਾੜੇ ਦੀ ਮਹੱਤਤਾ ਬਾਰੇ ਦੱਸਿਆ। ਆਗੂ ਨੇ ਕਿਹਾ ਕਿ ਕੁਰਬਾਨੀ ਦੇ ਕੇ ਮਜ਼ਦੂਰਾਂ ਨੇ ਜੋ ਮਜ਼ਦੂਰ ਪੱਖੀ ਕਨੂੰਨ ਪਾਸ ਕਰਵਾਏ ਸਨ, ਮੋਦੀ ਨੇ ਸਰਮਾਦਾਰਾਂ ਪੱਖੀ ਚਾਰ ਲੇਬਰ ਕੋਡ ਬਣਾ ਕੇ ਖਤਮ ਕਰ ਦਿੱਤੇ ਹਨ। ਜ਼ਿਲ੍ਹਾ ਪ੍ਰਧਾਨ ਸਰਬਨ ਸਿੰਘ ਬਰਾੜ ਨੇ ਕਿਹਾ ਕਿ ਉਨ੍ਹਾ ਨੇ ਮੋਗੇ ਵਿੱਚ ਕਰਾਂਤੀਕਾਰੀ ਈ ਰਿਕਸ਼ਾ ਯੂਨੀਅਨ ਬਣਾਈ ਹੈ। ਪਹਿਲੀ ਮਈ ਨੂੰ ਬਿਜਲੀ ਘਰ ਦੇ ਸਾਹਮਣੇ ਸਾਂਈਂ ਸਟੈਂਡ ਵਿਖੇ ਯੂਨੀਅਨ ਦਾ ਝੰਡਾ ਝੁਲਾਇਆ ਜਾਵੇਗਾ।

# ਆਪ-ਕਾਂਗਰਸ ਨੂੰ ਹਰਾ ਕੇ ਪੰਜਾਬ 'ਚ ਅਸਲੀ ਬਦਲਾਅ ਲਿਆਉਣ ਪੰਜਾਬੀ : ਹਰਸਿਮਰਤ

## ਭਾਜਪਾ ਕਿਸਾਨਾਂ ਤੇ ਸਿੱਖ ਕੌਮ ਨਾਲ ਕੀਤੇ ਵਾਅਦਿਆਂ ਤੋਂ ਭੱਜੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਦੇ ਐੱਮ ਪੀ ਹਰਸਿਮਰਤ ਕੌਰ ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਆਉਂਦੀਆਂ ਪਾਰਲੀਮਾਨੀ ਚੋਣਾਂ ਵਿੱਚ ਅਕਾਲੀ ਦਲ ਨੂੰ ਵੋਟਾਂ ਪਾਉਣ ਅਤੇ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਗੱਠਜੋੜ ਨੂੰ ਨਕਾਰ ਦੇਣ, ਜੋ ਹਮੇਸ਼ਾ ਵਾਂਗੂ ਉਨ੍ਹਾਂ ਨੂੰ ਧੋਖਾ ਦੇਣਗੇ।

ਬਠਿੰਡਾ ਦੇ ਐੱਮ ਪੀ, ਜੋ ਇਥੇ ਸ਼ਹਿਰ ਵਿੱਚ ਚੋਣ ਪ੍ਰਚਾਰ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ, ਨੇ ਭਾਜਪਾ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਕਿਸਾਨਾਂ ਨਾਲ ਕੀਤੇ ਵਾਅਦੇ ਤੋਂ ਭੱਜ ਗਈ ਤੇ ਇਸ ਨੇ ਐੱਮ ਐੱਸ ਪੀ ਨੂੰ ਕਾਨੂੰਨੀ ਗਰੰਟੀ ਬਣਾਉਣ ਦਾ ਵਾਅਦਾ ਵੀ ਪੂਰਾ ਨਹੀਂ ਕੀਤਾ ਤੇ ਨਾ ਹੀ ਸਿੱਖ ਕੌਮ ਨਾਲ ਸਾਰੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦਾ ਕੀਤਾ ਵਾਅਦਾ ਹੀ ਪੂਰਾ ਕੀਤਾ।ਉਨ੍ਹਾ ਕਿਹਾ ਕਿ ਉਨ੍ਹਾਂ ਨੇ ਹਲਕੇ ਵਾਸਤੇ ਆਪਣੀ ਬਿਹਤਰੀਨ ਕਾਰਗੁਜ਼ਾਰੀ ਵਿਖਾਈ ਹੈ ਤੇ ਉਨ੍ਹਾਂ ਦੇ ਕੰਮ ਬੋਲਦੇ ਹਨ।ਉਨ੍ਹਾਂ ਕਿਹਾ ਕਿ ਜੋ ਭਾਜਪਾ ਵੱਲੋਂ ਇਸ ਹਲਕੇ ਵਿੱਚ ਬੋਲ ਰਹੇ ਹਨ ਤੇ ਦਾਅਵੇ ਕਰ ਰਹੇ ਹਨ ਕਿ ਮੈਂ ਬਠਿੰਡਾ ਜਾਂ ਪੰਜਾਬ ਲਈ ਕੁਝ ਨਹੀਂ ਕੀਤਾ, ਉਹ ਇਹ ਦੱਸਣ ਕਿ ਭਾਜਪਾ ਨਾਲ ਅਕਾਲੀ ਦਲ ਦਾ ਗੱਠਜੋੜ ਟੁੱਟਣ ਤੋਂ ਬਾਅਦ ਲਗਾਤਾਰ ਪੇਸ਼ ਹੋਏ ਬਜਟਾਂ ਵਿੱਚ ਪੰਜਾਬ ਨੂੰ ਕੀ ਮਿਲਿਆ ਹੈ?

ਆਪ ਤੇ ਕਾਂਗਰਸ ਵੱਲੋਂ ਪੰਜਾਬੀਆਂ ਨੂੰ ਗੁੰਮਰਾਹ ਕਰਨ ਦੀ ਨਿਖੇਧੀ ਕਰਦਿਆਂ ਹਰਸਿਮਰਤ ਨੇ ਕਿਹਾ ਕਿ ਦੋਵਾਂ ਪਾਰਟੀਆਂ ਦਾ ਕੌਮੀ ਪੱਧਰ 'ਤੇ ਗੱਠਜੋੜ ਹੈ ਤੇ ਦੋਵੇਂ ਇਕ ਦੂਜੇ ਨਾਲ ਸਟੇਜ ਵੀ ਸਾਂਝੀ ਕਰਦੀਆਂ ਹਨ ਤੇ ਸਾਂਝੀਆਂ ਚੋਣ ਮੁਹਿੰਮਾਂ ਵੀ ਚਲਾਉਂਦੀਆਂ ਹਨ, ਪਰ ਪੰਜਾਬ ਵਿੱਚ ਉਹ ਵੋਟਾਂ ਆਪਸ ਵਿੱਚ ਵੰਡਣ ਦੀ ਝਾਕ ਵਿੱਚ ਵੱਖੋ-ਵੱਖ ਲੜ ਰਹੇ ਹਨ।

ਪੰਜਾਬੀਆਂ ਨੂੰ ਆਪ ਸਰਕਾਰ ਦੇ ਝੂਠ ਤੋਂ ਚੌਕਸ ਰਹਿਣ ਤੇ ਇਸ ਨੂੰ ਕਾਰਗੁਜ਼ਾਰੀ ਦੇ ਆਧਾਰ 'ਤੇ ਲੈਣ ਦੀ ਅਪੀਲ ਕਰਦਿਆਂ ਸ੍ਰੀਮਤੀ ਬਾਦਲ ਨੇ ਕਿਹਾ ਕਿ ਇਸ ਭ੍ਰਿਸ਼ਟ ਤੇ ਅੰਸਵੇਦਨਸ਼ੀਲ ਸਰਕਾਰ ਨੇ ਸਮਾਜ ਦੇ ਹਰ ਵਰਗ ਨਾਲ ਧੋਖਾ ਕੀਤਾ ਹੈ।ਉਨ੍ਹਾਂ ਕਿਹਾ ਕਿ ਇਸ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਵਾਅਦੇ ਮੁਤਾਬਕ ਕਿਸਾਨਾਂ ਨੂੰ ਹਰ ਫਸਲ 'ਤੇ ਐੱਮ ਐੱਸ ਪੀ ਦੇਣ ਤੋਂ ਇਨਕਾਰ ਕਰ ਕੇ ਧੋਖਾ ਕੀਤਾ ਹੈ।ਇਸ ਨੇ ਕਿਸਾਨਾਂ ਨੂੰ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਨਹੀਂ ਦਿੱਤਾ, ਨਾ ਹੀ ਇਸ ਨੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ।ਉਨ੍ਹਾਂ ਕਿਹਾ ਕਿ ਉਦਯੋਗਪਤੀ ਵੀ ਫਿਰੌਤੀਬਾਜ਼ਾਂ ਤੋਂ ਪੀੜਤ ਹਨ, ਜਿਸ ਕਾਰਨ ਸੂਬੇ ਵਿੱਚੋਂ 20 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਬਾਹਰ ਚਲਾ ਗਿਆ ਹੈ। ਉਨ੍ਹਾਂ ਕਿਹਾ ਕਿ ਸੈਂਕੜੇ ਨੌਜਵਾਨ ਨਸ਼ਿਆਂ ਕਾਰਨ ਮਰ ਰਹੇ ਹਨ ਤੇ ਆਪ ਦੇ ਵਿਧਾਇਕ ਨਸ਼ਾ ਕਾਰੋਬਾਰ ਦੀ ਪੁਸ਼ਤ ਪਨਾਹੀ ਕਰ ਰਹੇ ਹਨ ਅਤੇ ਕਾਨੂੰਨ ਵਿਵਸਥਾ ਵੀ ਢਹਿ ਢੇਰੀ ਹੋਈ ਪਈ ਹੈ।

ਬਠਿੰਡਾ ਦੇ ਐੱਮ ਪੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਸਲ ਬਦਲਾਅ ਲਿਆਉਣ ਅਤੇ ਕਾਂਗਰਸ ਤੇ ਆਪ ਨੂੰ ਠੁਕਰਾ ਕੇ ਅਕਾਲੀ ਦਲ ਨੂੰ ਵੋਟਾਂ ਪਾਉਣ।ਉਨ੍ਹਾ ਕਿਹਾ ਕਿ ਇਸ ਨਾਲ ਸ੍. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਵਾਂਗੂ ਵਿਕਾਸ ਦੇ ਦੌਰ ਦੀ ਮੁੜ ਸ਼ੁਰੂਆਤ ਹੋਵੇਗੀ ਤੇ ਲੋਕਾਂ ਨੂੰ ਸਹੂਲਤਾਂ ਉਨ੍ਹਾਂ ਦੇ ਦਰਾਂ 'ਤੇ ਮਿਲਣਗੀਆਂ।

# ਹੋਮਿਓਪੈਥਿਕ ਦਵਾਈ ਨਾਲ ਬੱਚੀ ਦੇ ਪੇਟ ਵਿਚਲੀਆਂ ਹਰਨੀਆਂ ਖਤਮ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਜੇਕਰ ਕਿਸੇ ਵੀ ਬਿਮਾਰੀ ਤੋਂ ਪੀੜਤ ਰੋਗੀ ਹੋਮਿਓਪੈਥੀ ਦੇ ਮਾਹਰ ਡਾਕਟਰ ਪਾਸੋਂ ਇਲਾਜ ਕਰਵਾਏ ਤਾਂ ਰੋਗ ਹੋਮਿਓਪੈਥਿਕ ਦਵਾਈਆਂ ਨਾਲ ਜੜ੍ਹ ਤੋਂ ਖਤਮ ਹੋ ਜਾਂਦਾ ਹੈ ਅਤੇ ਅਪ੍ਰੇਸ਼ਨ ਤੋਂ ਵੀ ਬਚਿਆ ਜਾ ਸਕਦਾ ਹੈ।ਇਹ ਜਾਣਕਾਰੀ ਹੋਮਿਓਪੈਥੀ ਦੇ ਮਾਹਰ ਡਾਕਟਰ ਨਿਰਮਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ, ਜੋ ਪੁਰਾਣੀ ਅਗਰਵਾਲ ਗਊਸ਼ਾਲਾ ਵਿਖੇ ਹਰ ਸਨਿੱਚਰਵਾਰ ਆਪਣੀਆਂ ਮੁਫਤ ਸੇਵਾਵਾਂ ਦੇ ਨਾਲ ਨਾਲ ਰੋਗੀਆਂ ਨੂੰ ਮੁਫਤ ਦਵਾਈਆਂ ਦਿੰਦੇ ਹਨ।ਉਨ੍ਹਾਂ ਦੱਸਿਆ ਕਿ ਇੱਕ ਤਿੰਨ ਸਾਲ ਦੀ ਬੱਚੀ ਦੇ ਪੇਟ ਵਿੱਚ ਹਰਨੀਆਂ ਸਨ, ਜੋ ਦਰਦ ਨਾਲ ਸਾਰਾ ਦਿਨ ਰੋਂਦੀ ਰਹਿੰਦੀ ਸੀ, ਜਿਨ੍ਹਾਂ ਨੂੰ ਪੀ ਜੀ ਆਈ ਤੱਕ ਦੇ ਡਾਕਟਰਾਂ ਨੇ ਆਪ੍ਰੇਸ਼ਨ ਹੀ ਹੱਲ ਦੱਸਿਆ। ਉਸ ਬੱਚੀ ਦੇ ਮਾਪੇ ਬੱਚੀ ਨੂੰ ਲੈ ਕੇ ਉਨ੍ਹਾਂ ਕੋਲ ਆਏ ਤਾਂ ਉਨ੍ਹਾਂ ਬੱਚੀ ਦੀਆਂ ਟੈਸਟ ਰਿਪੋਰਟਾਂ ਦੇਖ ਕੇ ਦਵਾਈ ਦਿੱਤੀ ਤਾਂ 15 ਦਿਨਾਂ ਵਿੱਚ ਉਸ ਬੱਚੀ ਦੀਆਂ ਹਰਨੀਆਂ ਠੀਕ ਹੋ ਗਈਆਂ। ਬੱਚੀ ਦੇ ਪਿਤਾ ਰਮਨ ਨੇ ਦੱਸਿਆ ਕਿ ਉਨ੍ਹਾਂ ਦੀ ਬੱਚੀ ਜਦੋਂ ਇੱਕ ਮਹੀਨੇ ਦੀ ਸੀ ਜ਼ਿਆਦਾ ਰੋਣ ਕਰਕੇ ਉਸ ਦੀ ਪਤਨੀ ਨੇ ਵੇਖਿਆ ਕਿ ਬੱਚੀ ਦੇ ਹਰਨੀਆਂ ਵਾਲੇ ਪਾਸਿਓਂ ਪੇਟ ਫੁੱਲ ਰਿਹਾ ਸੀ ਤਾਂ ਉਹ ਬੱਚਿਆਂ ਦੇ ਮਾਹਰ ਡਾਕਟਰ ਕੋਲੇ ਲੈ ਕੇ ਗਏ, ਜਿਸ ਨੇ ਚੈੱਕਅਪ ਕਰਨ ਉਪਰੰਤ ਕਿਹਾ ਕਿ ਬੱਚੀ ਦੇ ਪੇਟ ਵਿੱਚ ਹਰਨੀਆਂ ਹਨ, ਇਨ੍ਹਾਂ ਦਾ ਆਪ੍ਰੇਸ਼ਨ ਕਰਾਉਣਾ ਪਵੇਗਾ। ਫਿਰ ਉਹ ਪਟਿਆਲਾ ਵਿਖੇ ਬੱਚਿਆਂ ਦੇ ਮਾਹਰ ਡਾਕਟਰਾਂ, ਫਿਰ ਪੀ ਜੀ ਆਈ ਚੰਡੀਗੜ੍ਹ ਬੱਚੀ ਨੂੰ ਇਲਾਜ ਲਈ ਲੈ ਕੇ ਗਏ, ਜਿਨ੍ਹਾਂ ਨੇ ਸਿਰਫ ਆਪ੍ਰੇਸ਼ਨ ਹੀ ਹੱਲ ਦੱਸਿਆ, ਪਰ ਅਸੀਂ ਛੋਟੀ ਬੱਚੀ ਹੋਣ ਕਰਕੇ ਆਪ੍ਰੇਸ਼ਨ ਕਰਵਾਉਣ ਤੋਂ ਡਰ ਗਏ, ਫਿਰ ਮੇਰੀ ਪਤਨੀ ਨੇ ਹੋਮਿਓਪੈਥੀ ਦੇ ਮਸ਼ਹੂਰ ਡਾਕਟਰ ਨਿਰਮਲ ਸਿੰਘ ਨੂੰ ਦਿਖਾਇਆ ਕਿਹਾ ਤਾਂ ਡਾਕਟਰ ਸਾਹਿਬ ਨੇ ਪਹਿਲਾਂ 15 ਦਿਨ ਦੀ ਦਵਾਈ ਦਿੱਤੀ, ਉਸ ਦਵਾਈ ਨਾਲ ਹੀ ਹਰਨੀਆਂ ਠੀਕ ਹੋ ਗਈਆਂ, ਹੁਣ ਬੱਚੀ ਬਿਲਕੁਲ ਤੰਦਰੁਸਤ ਹੈ।ਡਾਕਟਰ ਨਿਰਮਲ ਸਿੰਘ ਨੇ ਕਿਹਾ ਕਿ ਪੇਟ ਦੀਆਂ ਰਸੌਲੀਆਂ, ਗੋਡੇ ਬਦਲਾਉਣ, ਟਿਊਮਰ ਦੇ ਆਪ੍ਰੇਸ਼ਨ ਕਰਾਉਣ ਦੀ ਲੋੜ ਨਹੀਂ, ਉਹ ਹੋਮਿਓਪੈਥਿਕ ਦਵਾਈਆਂ ਨਾਲ ਠੀਕ ਹੋ ਜਾਂਦੇ ਹਨ, ਇਸ ਲਈ ਸਾਨੂੰ ਹੋਮਿਓਪੈਥੀ ਪ੍ਰਣਾਲੀ ਨੂੰ ਅਪਣਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਅਗਰਵਾਲ ਗਊਸ਼ਾਲਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹਰ ਸ਼ਨੀਵਾਰ ਪੁਰਾਣੀ ਅਗਰਵਾਲ ਗਊਸ਼ਾਲਾ ਵਿਖੇ ਮਰੀਜ਼ਾਂ ਨੂੰ ਮੁਫਤ ਵੇਖਦੇ ਤੇ ਮੁਫਤ ਦਵਾਈਆਂ ਦਿੰਦੇ ਹਨ।

# 'ਆਪ' ਨੇ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ ਹਾਸਲ ਕੀਤੀ : ਐੱਨ ਕੇ ਸ਼ਰਮਾ



**ਨਾਭਾ (ਵਰਿੰਦਰ ਵਰਮਾ)**-ਸ਼੍ਰੋਮਣੀ ਅਕਾਲੀ ਦਲ ਦੇ ਪੀਏਸੀ ਮੈਂਬਰ ਤੇ ਸਮਾਜ ਸੇਵੀ ਅਸ਼ੋਕ ਬਾਂਸਲ ਵੱਲੋਂ ਪਟਿਆਲਾ ਲੋਕ ਸਭਾ ਸੀਟ ਤੋਂ ਉਮੀਦਵਾਰ ਐੱਨ ਕੇ ਸ਼ਰਮਾ ਦੇ ਹੱਕ ਵਿੱਚ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਵਪਾਰੀ ਵਰਗ, ਸਮਾਜਿਕ, ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰਾਂ, ਮਹਿਲਾਵਾਂ ਤੇ ਬਜ਼ੁਰਗਾਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਵਿੱਚ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ ਲੋਕ ਸਭਾ ਸੀਟ ਤੋਂ ਉਮੀਦਵਾਰ ਐੱਨ ਕੇ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ ਤੁਹਾਡੀ ਆਪਣੀ ਪਾਰਟੀ ਹੈ।ਇਸ ਪਾਰਟੀ ਨੇ ਆਪਣੇ ਸ਼ਾਸਨ ਕਾਲ ਦੌਰਾਨ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਤੇ ਲੋੜਵੰਦ ਪਰਵਾਰਾਂ ਨੂੰ ਸਹੂਲਤਾਂ ਮੁਹੱਈਆ ਕਰਵਾਈਆਂ।ਉਨ੍ਹਾਂ ਕਿਹਾ ਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਇਹ ਸਹੂਲਤਾਂ ਬੰਦ ਕਰਵਾ ਕੇ ਲੋਕਾਂ ਨੂੰ ਖੱਜਲ ਖੁਆਰ ਹੋਣ ਲਈ ਮਜਬੂਰ ਕੀਤਾ।ਮੌਜੂਦਾ ਸਰਕਾਰ ਵਿੱਚ ਭ੍ਰਿਸ਼ਟਾਚਾਰ ਦਾ ਪੂਰਾ ਬੋਲ ਬਾਲਾ ਹੈ।ਬਿਨਾਂ ਰਿਸ਼ਵਤ ਤੋਂ ਕੋਈ ਕੰਮ ਨਹੀਂ ਹੁੰਦਾ।ਉਨ੍ਹਾ ਕਿਹਾ ਕਿ ਪੰਜਾਬ ਦਾ ਹਰ ਵਰਗ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਬੇਹੱਦ ਦੁਖੀ ਹੈ।ਆਮ ਆਦਮੀ ਪਾਰਟੀ ਸੁਪਨੇ ਦੇਖਣਾ ਬੰਦ ਕਰ ਦੇਵੇ, ਕਿਉਂਕਿ ਪੰਜਾਬ ਵਿੱਚੋਂ ਇੱਕ ਵੀ ਸੀਟ ਨਹੀਂ ਆਵੇਗੀ ਤੇ ਝਾੜੂ ਤੀਲਾ ਤੀਲਾ ਹੋ ਚੁੱਕਿਆ ਹੈ।ਉਨ੍ਹਾ ਕਿਹਾ ਕਿ ਮਹਿਲਾਵਾਂ ਨੂੰ 1000 ਰੁਪਏ ਦੇਣ ਦੀ ਗੱਲ ਕਰਨ ਵਾਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਮੇਸ਼ਾ ਹੀ ਝੂਠੇ ਵਾਅਦੇ ਕੀਤੇ ਹਨ। ਹੁਣ ਪੰਜਾਬ ਦੀਆਂ ਮਹਿਲਾਵਾਂ ਹੀ ਇਸ ਸਰਕਾਰ ਨੂੰ ਪੰਜਾਬ ਤੋਂ ਬਾਹਰ ਦਾ ਰਸਤਾ ਦਿਖਾਉਣਗੀਆਂ। ਉਨ੍ਹਾ ਕਿਹਾ ਕਿ ਮੈਂਬਰ ਪਾਰਲੀਮੈਂਟ ਪ੍ਰਨੀਤ ਕੌਰ ਨੇ ਲੋਕ ਸਭਾ ਪਟਿਆਲਾ ਸੀਟ ਤੋਂ ਕਈ ਵਾਰ ਜਿੱਤਣ ਦੇ ਬਾਵਜੂਦ ਲੋਕਾਂ ਦੀ ਸਾਰ ਤੱਕ ਨਹੀਂ ਲਈ।

ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਹਲਕਾ ਇੰਚਾਰਜ ਨਾਭਾ ਮੱਖਣ ਸਿੰਘ ਲਾਲਕਾ, ਪੀਏਸੀ ਮੈਂਬਰ ਗੁਰਦਿਆਲ ਇੰਦਰ ਸਿੰਘ ਬਿੱਲੂ ਤੇ ਸਤਵਿੰਦਰ ਸਿੰਘ ਟੌਹੜਾ, ਹਲਕਾ ਇੰਚਾਰਜ ਅਮਲੋਹ ਗੁਰਪ੍ਰੀਤ ਸਿੰਘ ਰਾਜੂ ਖੰਨਾ, ਪ੍ਰੀਤ ਗਰੁੱਪ ਐੱਮ ਡੀ ਹਰੀ ਸਿੰਘ ਪ੍ਰੀਤ, ਸ਼ਹਿਰੀ ਬਲਾਕ ਪ੍ਰਧਾਨ ਗੁਰਸੇਵਕ ਸਿੰਘ ਗੋਲੂ ਆਦਿ ਨੇ ਸੰਬੋਧਨ ਕਰਦਿਆਂ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣਾ ਇੱਕ ਇੱਕ ਵੋਟ ਪਾ ਕੇ ਐੱਨ ਕੇ ਸ਼ਰਮਾ ਨੂੰ ਕਾਮਯਾਬ ਕਰ ਕੇ ਉਨ੍ਹਾਂ ਨੂੰ ਪਾਰਲੀਮੈਂਟ ਵਿੱਚ ਭੇਜਿਆ ਜਾਵੇ।

# ਪੈਰਾਡਾਈਜ਼ ਇੰਟਰਨੈਸ਼ਨਲ ਵਿਖੇ ਵਿਦਿਆਰਥੀ ਕੌਂਸਲ ਦੀ ਤਾਜਪੋਸ਼ੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਵਿਖੇ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਦੀ ਰਹਿਨੁਮਾਈ ਹੇਠ ਸਕੂਲ ਦੇ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ, ਜਿਸ ਵਿੱਚ ਬਾਰਵੀਂ ਕਲਾਸ ਦੇ ਵਿਦਿਆਰਥੀ ਪਲਕਦੀਪ ਕੌਰ ਨੂੰ ਵਿਦਿਆਰਥੀ ਕੌਂਸਲ ਦੀ ਪ੍ਰੈਜ਼ੀਡੈਂਟ, ਨਵਜੋਤ ਕੌਰ ਨੂੰ ਹੈੱਡ ਗਰਲ ਤੇ ਅਰਮਾਨਦੀਪ ਸਿੰਘ ਨੂੰ ਹੈੱਡ ਬੁਆਏ ਨਿਯੁਕਤ ਕੀਤਾ ਗਿਆ।ਉਪਨੀਤ ਕੌਰ, ਸਰਬਪ੍ਰੀਤ ਸਿੰਘ, ਪੁਸ਼ਪਿੰਦਰ ਮਿਸ਼ਾਲ ਸਕੂਲ ਕਪਤਾਨ ਚੁਣੇ ਗਏ।ਇਹ ਉਪਰਾਲਾ 'ਮਾਣ ਨਾਲ ਸੇਵਾ ਕਰੋ, ਭਰੋਸੇ ਨਾਲ ਅੱਗੇ ਵਧੋ' ਦੇ ਆਦਰਸ਼ ਨਾਲ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਕੀਤਾ ਗਿਆ। ਇਸ ਗਤੀਵਿਧੀ ਤਹਿਤ ਸਕੂਲ ਦੇ ਈਕੋ ਕਲੱਬ, ਲਿਟਰੇਰੀ ਕਲੱਬ, ਹੈਲਥ ਐਂਡ ਵੈੱਲਨੇਸ ਕਲੱਬ ਤੇ ਆਰਟ ਕਲੱਬ ਦੇ ਅਹੁਦੇਦਾਰਾਂ ਅਤੇ ਐਕਜ਼ੀਕਿਊਟਿਵ ਮੈਂਬਰਾਂ ਦੀ ਵੀ ਚੋਣ ਕੀਤੀ ਗਈ।

ਸਕੂਲ ਨਾਲ ਸਬੰਧਤ ਚਾਰ ਹਾਊਸਾਂ ਰਾਵੀ, ਜੇਹਲਮ, ਸਤਲੁਜ ਤੇ ਬਿਆਸ ਹਾਊਸਾਂ ਦੇ ਕਪਤਾਨ ਤੇ ਉਪ-ਕਪਤਾਨਾਂ ਦੀ ਚੋਣ ਵਿਦਿਆਰਥੀਆਂ ਦੁਆਰਾ ਵੋਟਾਂ ਪਾ ਕੇ ਨਿਰਪੱਖ ਤਰੀਕੇ ਨਾਲ ਕੀਤੀ ਗਈ।ਚੋਣ ਪ੍ਰਕਿਰਿਆ ਉਪਰੰਤ ਸਾਰੇ ਅਹੁਦੇਦਾਰਾਂ ਨੂੰ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਸੈਸ਼ੇ ਤੇ ਬੈਚ ਲਗਾ ਕੇ ਸਨਮਾਨਤ ਕੀਤਾ।ਸਾਰੇ ਅਹੁਦੇਦਾਰਾਂ ਨੇ ਡਿਊਟੀ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਸਹੁੰ ਚੁੱਕੀ।ਸਮਾਗਮ ਦੇ ਅੰਤ 'ਚ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਨ੍ਹਾ ਆਪਣੇ ਸੰਬੋਧਨ ਦੌਰਾਨ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦੇਣ ਦੇ ਨਾਲ ਹੀ ਉਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੇ ਉਨ੍ਹਾਂ ਨੂੰ ਕਲੱਬਾਂ ਦੀ ਮਹੱਤਤਾ ਬਾਰੇ ਦੱਸਿਆ ਅਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਸਮੂਹ ਵਿਦਿਆਰਥੀ ਤੇ ਸਟਾਫ਼ ਹਾਜ਼ਰ ਰਹੇ।

# ਸ਼ਿਵ ਸ਼ੰਕਰ ਯੂਥ ਸੇਵਾ ਦਲ ਨੇ ਲੋੜਵੰਦ ਪਰਵਾਰਾਂ ਦੀਆਂ 5 ਲੜਕੀਆਂ ਦੇ ਸਮੂਹਿਕ ਵਿਆਹ ਕਰਾਏ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਨੈਨਾਂ ਆਰੀਆ ਧਰਮਸ਼ਾਲਾ ਵਿਖੇ ਪ੍ਰਧਾਨ ਰਮਨ ਮਹਿੰਦਰਾ ਦੀ ਅਗਵਾਈ ਵਿੱਚ ਇਲਾਕੇ ਦੇ ਦਾਨੀਆਂ ਦੇ ਸਹਿਯੋਗ ਨਾਲ ਲੋੜਵੰਦ ਪਰਿਵਾਰਾਂ ਦੀਆਂ 5 ਲੜਕੀਆਂ ਦੇ ਸਮੂਹਿਕ ਵਿਆਹ ਕਰਾਏ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ, ਰੋਟਰੀ ਕਲੱਬ ਦੇ ਜ਼ਿਲ੍ਹਾ ਗਵਰਨਰ ਅਮਿਤ ਸਿੰਗਲਾ, ਡਾ ਧਰਮਵੀਰ ਗਾਂਧੀ, ਸੁਰਿੰਦਰ ਸਿੰਘ ਖੇੜਕੀ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਨੈਣਾਂ ਆਰੀਆ ਧਰਮਸ਼ਾਲਾ ਦੇ ਪ੍ਰਧਾਨ ਯਸ਼ਪਾਲ ਸਿੰਗਲਾ, ਸ਼੍ਰੀ ਜੀਵਨ ਗਰਗ, ਵੇਦ ਪ੍ਰਕਾਸ਼ ਕਾਂਸਲ, ਪ੍ਰਦੀਪ ਗੋਇਲ ਮਿੰਕਾ, ਗੁਰਦੇਵ ਸਿੰਘ ਟਿਵਾਣਾ, ਸੁਰਜੀਤ ਸਿੰਘ ਦਈਆ, ਸੰਜੀਵ ਧੀਮਾਨ ਸ਼ੈਂਕੀ, ਸੁਨੈਨਾ ਮਿੱਤਲ ਅਤੇ ਗੋਪਾਲ ਕ੍ਰਿਸ਼ਨ ਗਰਗ ਆਦਿ ਸ਼ਖ਼ਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਨਵ-ਵਿਆਹੁਤਾ ਜੋੜਿਆਂ ਨੂੰ ਆਪਣਾ ਆਸ਼ੀਰਵਾਦ ਪ੍ਰਦਾਨ ਕਰਦੀਆਂ ਉਨ੍ਹਾਂ ਨੂੰ ਜ਼ਿੰਦਗੀ ਦੇ ਨਵੇਂ ਪੜਾਅ ਲਈ ਆਪਣੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ।ਜੌੜਾਮਾਜਰਾ ਨੇ ਸ਼ਿਵ ਸੰਕਰ ਸੇਵਾ ਦਲ ਵੱਲੋਂ ਕੀਤੇ ਜਾ ਰਹੇ ਸਮਾਜਿਕ ਕੰਮਾਂ ਦੀ ਖੁੱਲ੍ਹ ਕੇ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਸੰਸਥਾ ਵੱਲੋਂ ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ।ਇਸ ਮੌਕੇ ਸ਼੍ਰੀ ਸਨਾਤਨ ਧਰਮ ਮਹਾਂਵੀਰ ਦਲ ਦੇ ਪ੍ਰਧਾਨ ਰਜਤ ਗੋਇਲ, ਸਤੀ ਮੰਦਿਰ ਤੋਂ ਮਹਿਲਾ ਸੰਕੀਰਤਨ ਮੰਡਲੀ, ਮਾਤਾ ਨੈਣਾਂ ਦੇਵੀ ਪੈਦਲ ਯਾਤਰਾ ਟੀਮ, ਪਵਨ ਸ਼ਾਸਤਰੀ, ਸੰਜੇ ਮੰਤਰੀ, ਬਿੱਟੂ ਧੀਮਾਨ, ਦੀਪਕ ਵਧਵਾ, ਮੰਨੂ ਸ਼ਰਮਾ, ਹੀਰਾ ਜੈਨ, ਰਿੰਕੂ ਚੌਪੜਾ, ਨਵੀਨ ਸਿੰਗਲਾ ਅਤੇ ਮਨਜੀਤ ਕੌਰ ਆਦਿ ਤੋਂ ਇਲਾਵਾ ਸੰਸਥਾ ਦੇ ਪ੍ਰਧਾਨ ਰਮਨ ਮਹਿੰਦਰਾ, ਮੈਂਬਰ ਕਮਲ ਸ਼ਰਮਾ, ਹੈਪੀ ਸ਼ਰਮਾ, ਰਵੀ ਗਰਗ ਟੀਮਾ, ਰਣਜੀਤ ਰਾਣਾ, ਸੰਜੇ ਮੰਤਰੀ, ਹਰਜਿੰਦਰ ਸਿੰਘ ਜਵੰਦਾ,ਸ਼ਨੀ ਥਰੇਜਾ, ਰਾਹੁਲ ਗਰਗ ਰੌਕੀ, ਸ਼ਨੀ ਪੋਪਲੀ, ਮਨੀ ਸ਼ਰਮਾ, ਲਲਿਤ ਕੁਮਾਰ, ਕਰਨ ਬਜਾਜ, ਮਨੋਜ ਰਹੇਜਾ, ਸਾਹਿਲ ਭਟਨਾਗਰ, ਸਾਗਰ ਕੁਮਾਰ, ਅਮਿਤ ਕੁਮਾਰ, ਮੋਹਨ ਲਾਲ, ਆਸ਼ੂ ਸਮਾਣਾ, ਸੰਦੀਪ ਧੀਮਾਨ, ਰਿੰਕੂ ਸ਼ਰਮਾ, ਰਜਿੰਦਰ ਬਜਾਜ, ਅੰਸੂਲ ਜੈ ਸਿੰਘ, ਅਜੇ ਵੋਹਰਾ, ਦੀਪਕ ਗਰਗ ਅਤੇ ਵਿਕਾਸ ਕੁਮਾਰ ਆਦਿ ਅਤੇ ਇਲਾਕੇ ਦੇ ਪਤਵੰਤੇ ਵੀ ਮੌਜੂਦ ਰਹੇ।

# ਯੂਨੀਵਰਸਿਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਸੌ ਭਾਸ਼ਣਾਂ ਦੀ ਲੜੀ ਸ਼ੁਰੂ


ਵਿਦਵਾਨ ਵਕਤਾ ਦਾ ਸਨਮਾਨ ਕਰਦੇ ਹੋਏ ਵਾਈਸ ਚਾਂਸਲਰ, ਵਿਭਾਗ ਮੁਖੀ ਤੇ ਹੋਰ।

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਧਰਮ ਅਧਿਐਨ ਵਿਭਾਗ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਬੰਧੀ ਸੌ ਵਿਸ਼ੇਸ਼ ਭਾਸ਼ਣਾਂ ਦੀ ਲੜੀ ਸ਼ੁਰੂ ਕੀਤੀ ਗਈ।ਇਸ ਸਬੰਧੀ ਵਾਈਸ ਚਾਂਸਲਰ ਪ੍ਰੋਫ਼ੈਸਰ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਬੰਧੀ ਅਧਿਐਨ, ਖੋਜ ਤੇ ਪ੍ਰਚਾਰ ਪ੍ਰਸਾਰ ਇਸ ਯੂਨੀਵਰਸਿਟੀ ਦੇ ਮੂਲ ਉਦੇਸ਼ਾਂ ਵਿੱਚ ਸ਼ਾਮਲ ਹਨ।ਸੋਸ਼ਲ ਮੀਡੀਆ ਦੇ ਵਧ ਰਹੇ ਮਹੱਤਵ ਨੂੰ ਧਿਆਨ ਵਿੱਚ ਰੱਖਦਿਆਂ ਸਮੁੱਚੇ ਵਿਸ਼ਵ ਵਿੱਚ ਫੈਲੇ ਸਿੱਖ ਭਾਈਚਾਰੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਭਿੰਨ ਪੱਖਾਂ ਬਾਰੇ ਮਿਆਰੀ ਤੇ ਸਟੀਕ ਜਾਣਕਾਰੀ ਪਹੁੰਚਾਉਣ ਲਈ ਯੂਨੀਵਰਸਿਟੀ ਵੱਲੋਂ ਇੱਕ ਵਿਸ਼ੇਸ਼ ਭਾਸ਼ਣ ਲੜੀ ਦੀ ਸ਼ੁਰੂਆਤ ਕੀਤੀ ਗਈ ਹੈ।ਧਰਮ ਅਧਿਐਨ ਵਿਭਾਗ ਵੱਲੋਂ ਕਰਵਾਈ ਜਾ ਰਹੀ ਇਸ ਭਾਸ਼ਣ ਲੜੀ ਨੂੰ 'ਧੁਰ ਕੀ ਬਾਣੀ' ਯੂ ਟਿਊਬ ਚੈਨਲ ਰਾਹੀਂ ਵਿਸ਼ਵ ਦੇ ਕੋਨੇ ਕੋਨੇ ਤੱਕ ਪਹੁੰਚਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਤੌਰ 'ਤੇ ਇਹ ਸਾਰੇ ਭਾਸ਼ਣ ਪੰਜਾਬੀ ਮਾਧਿਅਮ ਵਿੱਚ ਹੋਣਗੇ, ਜਦਕਿ ਬਾਅਦ ਵਿੱਚ ਇਨ੍ਹਾਂ ਨੂੰ ਵਿਸ਼ਵ ਦੀਆਂ ਹੋਰ ਪ੍ਰਮੁੱਖ ਭਾਸ਼ਾਵਾਂ ਵਿੱਚ ਅਨੁਵਾਦ ਵੀ ਕੀਤਾ ਜਾਵੇਗਾ।

ਇਸ ਭਾਸ਼ਣ ਲੜੀ ਦੇ ਪਹਿਲੇ ਮੁੱਖ ਵਕਤਾ ਵਜੋਂ ਪਹੁੰਚੇ ਪ੍ਰੋਫ਼ੈਸਰ ਸਰਬਜਿੰਦਰ ਸਿੰਘ, ਡੀਨ ਫੈਕਲਟੀ, ਹਿਊਮਨਿਟੀਜ਼ ਐਂਡ ਰਿਲੀਜਸ ਸਟਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਆਖਿਆ ਕਿ ਵਰਲਡ ਯੂਨੀਵਰਸਿਟੀ ਦਾ ਇਹ ਉਪਰਾਲਾ ਬੇਹਦ ਮਹੱਤਵਪੂਰਨ ਤੇ ਸ਼ਲਾਘਾਯੋਗ ਹੈ।'ਧੁਰ ਕੀ ਬਾਣੀ ਦਾ ਅਵਤਰਨ' ਵਿਸ਼ੇ ਰਾਹੀਂ ਭਾਸ਼ਣ ਲੜੀ ਦੀ ਸ਼ੁਰੂਆਤ ਕਰਦਿਆਂ ਪ੍ਰੋਫ਼ੈਸਰ ਸਰਬਜਿੰਦਰ ਸਿੰਘ ਨੇ ਆਖਿਆ ਕਿ ਵਿਸ਼ਵ ਦੇ ਸਾਰੇ ਧਰਮ ਗ੍ਰੰਥ ਸਤਿਕਾਰਯੋਗ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਪਣਾ ਇੱਕ ਵਿਲੱਖਣ ਸਥਾਨ ਤੇ ਮਹਾਤਮ ਹੈ।

ਇਸ ਮੌਕੇ ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਹਰਦੇਵ ਸਿੰਘ ਨੇ ਦੱਸਿਆ ਕਿ ਇਸ ਭਾਸ਼ਣ ਲੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੂਹਾਨੀਅਤ, ਬਾਣੀ ਦਾ ਪ੍ਰਗਟਾਵਾ, ਸੰਕਲਨ, ਬਾਣੀਕਾਰ, ਰਾਗ ਪ੍ਰਬੰਧ, ਦਰਸ਼ਨ, ਵਿਆਖਿਆ ਪ੍ਰਣਾਲੀਆਂ ਤੇ ਵਿਭਿੰਨ ਸਮਾਜ ਸ਼ਾਸਤਰੀ ਸਰੋਕਾਰਾਂ ਬਾਰੇ ਅਕਾਦਮਿਕ ਜਗਤ ਤੇ ਸਿੱਖ ਪੰਥ ਦੀਆਂ ਵਿਦਵਾਨ ਸ਼ਖ਼ਸੀਅਤਾਂ ਪਾਸੋਂ ਸੌ ਭਾਸ਼ਣ ਕਰਵਾਏ ਜਾਣਗੇ।ਇਹ ਭਾਸ਼ਣ ਸਿੱਖ ਸੰਗਤਾਂ ਤੇ ਖੋਜੀ ਵਿਦਵਾਨਾਂ ਦੀ ਲੋੜ ਨੂੰ ਸਾਂਝੇ ਰੂਪ ਵਿੱਚ ਪੂਰਾ ਕਰਨਗੇ।ਉਨ੍ਹਾਂ ਵਾਈਸ ਚਾਂਸਲਰ ਤੇ ਵਿਦਵਾਨ ਵਕਤਾ ਪ੍ਰੋਫ਼ੈਸਰ ਸਰਬਜਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਇਸ ਕਾਰਜ ਲਈ ਸਮੁੱਚੇ ਅਕਾਦਮਿਕ ਜਗਤ ਤੇ ਖਾਲਸਾ ਪੰਥ ਵੱਲੋਂ ਵਿਭਾਗ ਦਾ ਪੂਰਾ ਸਹਿਯੋਗ ਕੀਤਾ ਜਾਵੇਗਾ।ਇਸ ਮੌਕੇ ਜਗਜੀਤ ਸਿੰਘ ਡਿਪਟੀ ਰਜਿਸਟਰਾਰ ਲੇਖਾ ਸ਼ਾਖਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਸਟਾਫ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

# ਲੋੜਵੰਦ ਲੜਕੀਆਂ ਦੇ ਵਿਆਹ ਮੌਕੇ ਪ੍ਰਮੁੱਖ ਸ਼ਖਸੀਅਤਾਂ ਅਸ਼ੀਰਵਾਦ ਦੇਣ ਪੁੱਜੀਆਂ



**ਜਗਰਾਉਂ (ਅਮਿਤ ਖੰਨਾ)**
ਸਰਦਾਰ ਸਿੰਘ ਯੂਕੇ ਤੇ ਗੁਰਦੁਆਰਾ ਭਜਨਗੜ੍ਹ ਸਾਹਿਬ ਦੇ ਪ੍ਰਬੰਧਕਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਪੰਜ ਲੋੜਵੰਦ ਲੜਕੀਆਂ ਦੇ ਹੱਥ ਪੀਲੇ ਕੀਤੇ ਗਏ।ਪ੍ਰਬੰਧਕਾਂ ਵੱਲੋਂ ਬਰਾਤਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।ਪ੍ਰਬੰਧਕਾਂ ਵੱਲੋਂ ਬਰਾਤੀਆਂ ਵਾਸਤੇ ਵਧੀਆ ਭੋਜਨ ਤੇ ਮਿਸ਼ਠਾਨ ਦਾ ਪ੍ਰਬੰਧ ਕੀਤੇ ਹੋਏ ਸਨ।ਗੁਰਦੁਆਰਾ ਭਜਨਗੜ੍ਹ ਸਾਹਿਬ ਦੇ ਮੁੱਖ ਪ੍ਰਬੰਧਕ ਗੁਰਪ੍ਰੀਤ ਸਿੰਘ ਨੇ ਬੱਚਿਆਂ ਨੂੰ ਪੱਲਾ ਫੜਾਉਣ ਦੀ ਰਸਮ ਅਦਾ ਕਰਕੇ ਇੱਕ ਅਨੂਠੀ ਮਿਸਾਲ ਪੇਸ਼ ਕੀਤੀ।ਪੰਜ ਜੋੜਿਆਂ ਦੇ ਵਿਆਹ ਪੂਰਨ ਗੁਰ ਮਰਿਆਦਾ ਅਨੁਸਾਰ ਹੋਏ।ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਜਰਨੈਲ ਸਿੰਘ ਨੇ ਲਾਵਾਂ ਦਾ ਪਾਠ ਪੜ੍ਹਿਆ। ਭਾਈ ਹਰਨੇਕ ਸਿੰਘ ਅਤੇ ਭਾਈ ਕੁਲਜੀਤ ਸਿੰਘ ਜੀ ਰਾਗੀ ਜਥੇ ਵੱਲੋਂ ਲਾਵਾਂ ਦੇ ਪਾਠ ਨੂੰ ਸੰਗੀਤਬੱਧ ਕਰਕੇ ਗਾਇਨ ਕੀਤਾ।ਇਸ ਮੌਕੇ ਜੋੜਿਆਂ ਨੂੰ ਅਸ਼ੀਰਵਾਦ ਤੇ ਵਧਾਈ ਦੇਣ ਪਹੁੰਚੇ ਸਾਬਕਾ ਵਿਧਾਇਕ ਐਸ ਆਰ ਕਲੇਰ ਅਤੇ ਅਕਾਲੀ ਦਲ ਸ਼ਹਿਰੀ ਦੇ ਪ੍ਰਧਾਨ ਇਸ਼ਟਪ੍ਰੀਤ ਸਿੰਘ ਨੇ ਆਖਿਆ ਕਿ ਗ੍ਰਹਿਸਥੀ ਜੀਵਨ ਸਭ ਤੋਂ ਉੱਤਮ ਜੀਵਨ ਹੈ।ਗ੍ਰਹਿਸਥ ਦੀ ਗੱਡੀ ਦੋ ਪਹੀਆਂ ਵਾਂਗ ਹੋਇਆ ਕਰਦੀ ਹੈ ਤੇ ਜੇ ਗੱਡੀ ਦੇ ਦੋਨੇ ਪਹੀਏ ਠੀਕ ਠਾਕ ਹੋਣ ਤਾਂ ਜੀਵਨ ਦੀ ਗੱਡੀ ਪਟੜੀ ਤੇ ਨਿਰੰਤਰ ਦੌੜਦੀ ਰਹਿੰਦੀ ਹੈ ਇਸ ਕਰਕੇ ਜੀਵਨ ਦੀ ਗੱਡੀ ਨੂੰ ਠੀਕ ਠਾਕ ਤੋਰਨ ਵਾਸਤੇ ਆਪਸੀ ਇਤਫ਼ਾਕ ਜਰੂਰੀ ਹੈ ਤਾਂ ਕਿ ਜ਼ਿੰਦਗੀ ਦੀ ਗੱਡੀ ਨਿਰੰਤਰ ਸ਼ੁਕਦੀ ਰਹੇ।ਇਸ ਮੌਕੇ ਗੁਰਦੁਆਰਾ ਭਜਨਗੜ੍ਹ ਸਾਹਿਬ ਦੇ ਮੁੱਖ ਪ੍ਰਬੰਧਕ ਗੁਰਪ੍ਰੀਤ ਸਿੰਘ, ਅਮਰੀਕ ਸਿੰਘ, ਰਜਿੰਦਰ ਸਿੰਘ ਨੇ ਦੱਸਿਆ ਕਿ ਜੋੜੀਆਂ ਨੂੰ ਸਾਰਾ ਘਰੇਲੂ ਸਮਾਨ ਅਲਮਾਰੀ, ਡਬਲ ਬੈੱਡ, 12 ਸੂਟ, ਪੱਖੇ, ਪ੍ਰੈਸਾਂ, ਰਜਾਈਆਂ, ਕੁਰਸੀਆਂ ਮੇਜ ਆਦਿ ਘਰੇਲੂ ਸਮਾਨ ਦਿੱਤਾ ਗਿਆ।ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦੇਣ ਵਾਲੀਆਂ ਸ਼ਖਸੀਅਤਾਂ 'ਚ ਚਰਨਜੀਤ ਸਿੰਘ, ਰਵਿੰਦਰ ਪਾਲ ਸਿੰਘ ਮੈਦ, ਮਨਪ੍ਰੀਤ ਸਿੰਘ, ਜਨਪ੍ਰੀਤ ਸਿੰਘ, ਪਿਰਥੀਪਾਲ ਸਿੰਘ ਚੱਢਾ, ਚਰਾਜੀਤ ਸਿੰਘ ਪੱਪੂ, ਜਗਦੀਪ ਸਿੰਘ ਮੋਗਾਵਾਲੇ, ਪਰਮਿੰਦਰ ਸਿੰਘ, ਜਸਵੰਤ ਸਿੰਘ, ਅਜਮੇਰ ਸਿੰਘ ਢੋਲਣ, ਗੁਰਦੀਪ ਸਿੰਘ ਕੋਹਲੀ, ਸਤਨਾਮ ਸਿੰਘ, ਬੀਬੀ ਅਮਰਜੀਤ ਕੌਰ, ਨਸੀਬ ਕੌਰ, ਭੁਪਿੰਦਰ ਕੌਰ, ਚਰਨਜੀਤ ਕੌਰ ਤੇ ਰਵਜੋਤ ਕੌਰ ਆਦਿ ਹਾਜ਼ਰ ਸਨ।

# ਰਾਈਸੀਲਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਤਿਆਰ ਮਸਟਰਡ ਮਾਡਲ ਫਾਰਮਾਂ 'ਚ ਸਰ੍ਹੋਂ ਦੀ ਚੰਗੀ ਪੈਦਾਵਾਰ

**ਧੂਰੀ (ਬਿੰਨੀ ਗਰਗ)**
ਪੰਜਾਬ ਵਿੱਚ ਭੂਮੀਗਤ ਪਾਣੀ ਦਾ ਤੇਜ਼ੀ ਨਾਲ ਡਿੱਗ ਰਿਹਾ ਪੱਧਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ।ਜੇਕਰ ਭੂਮੀਗਤ ਪਾਣੀ ਦੇ ਪੱਧਰ ਨੂੰ ਸਮੇਂ ਸਿਰ ਡਿੱਗਣ ਤੋਂ ਨਾ ਰੋਕਿਆ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇ ਲੋਕ ਪਾਣੀ ਦੀ ਇੱਕ-ਇੱਕ ਬੂੰਦ ਨੂੰ ਤਰਸਣਗੇ।ਤੇਜ਼ੀ ਨਾਲ ਡਿੱਗ ਰਹੇ ਭੂਮੀਗਤ ਪਾਣੀ ਦੇ ਪੱਧਰ ਨੂੰ ਬਚਾਉਣ ਲਈ ਜ਼ਰੂਰੀ ਹੈ ਕਿ ਪੰਜਾਬ ਵਿੱਚ ਅਜਿਹੀਆਂ ਫ਼ਸਲਾਂ ਬੀਜੀਆਂ ਜਾਣ, ਜਿਨ੍ਹਾਂ ਦੀ ਝੋਨੇ ਤੇ ਕਣਕ ਦੀ ਖੇਤੀ ਦੇ ਮੁਕਾਬਲੇ ਪਾਣੀ ਦੀ ਲਾਗਤ ਘੱਟ ਹੋਵੇ।ਸਰ੍ਹੋਂ ਦੀ ਖੇਤੀ ਲਈ ਕਣਕ ਦੇ ਮੁਕਾਬਲੇ ਅੱਧੇ ਤੋਂ ਵੀ ਘੱਟ ਪਾਣੀ ਦੀ ਲੋੜ ਹੁੰਦੀ ਹੈ, ਇਸ ਲਈ ਪੰਜਾਬ ਵਿੱਚ ਕਣਕ ਦੇ ਬਜਾਏ ਸਰ੍ਹੋਂ ਦੀ ਬਿਜਾਈ ਨੂੰ ਉਤਸ਼ਾਹਤ ਕਰਨਾ ਬਹੁਤ ਜ਼ਰੂਰੀ ਹੈ।ਇਸ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਦੇ ਹੋਏ ਰਾਈਸੀਲਾ ਫਾਊਂਡੇਸ਼ਨ, ਧੂਰੀ ਵੱਲੋਂ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਸਟਰਡ ਮਾਡਲ ਫਾਰਮ ਤਿਆਰ ਕੀਤੇ ਗਏ।ਅਕਤੂਬਰ 2023 ਵਿੱਚ ਰਾਈਸੀਲਾ ਫਾਊਂਡੇਸ਼ਨ ਵੱਲੋਂ ਵੱਖ-ਵੱਖ ਪਿੰਡਾਂ ਦੇ 91 ਕਿਸਾਨ ਭਰਾਵਾਂ ਨੂੰ ਇੱਕ ਏਕੜ ਦੇ ਡੈਮੋ ਪਲਾਟ ਦੇ ਲਈ ਪਾਇਨੀਅਰ 45ਐਸ46 ਸਰ੍ਹੋਂ ਦੇ ਤਸਦੀਕਸ਼ੁਦਾ ਬੀਜ ਮੁਫ਼ਤ ਵੰਡੇ ਗਏ ਸਨ।ਬਿਜਾਈ ਲਈ ਰੇਜ਼ਡ ਬੈਡ ਪਲਾਂਟਰ ਮਸ਼ੀਨਾਂ ਵੀ ਇਨ੍ਹਾਂ ਕਿਸਾਨਾਂ ਨੂੰ ਡੈਮੋ ਪਲਾਟ ਤੇ ਵਰਤਣ ਲਈ ਮੁਫ਼ਤ ਮੁਹੱਈਆ ਕਰਾਈਆਂ ਗਈਆਂ। ਇਸ ਤੋਂ ਇਲਾਵਾ ਕਿਸਾਨਾਂ ਨੂੰ ਕੀੜਿਆਂ ਦੀ ਰੋਕਥਾਮ ਲਈ ਪੀਲੇ ਚਿਪਕੂ ਕਾਰਡ ਤੇ ਨਿੰਮ ਦਾ ਤੇਲ ਵੀ ਮੁਫਤ ਦਿੱਤਾ ਗਿਆ।ਰਾਈਸੀਲਾ ਫਾਊਂਡੇਸ਼ਨ ਦੇ ਫ਼ੀਲਡ ਅਫਸਰਾਂ ਵੱਲੋਂ ਗੁੱਡ ਐਗਰੀਕਲਚਰ ਪ੍ਰੈਕਟਿਸ ਕਰਾਈਆਂ ਗਈਆਂ ਤੇ ਸਮੇਂ-ਸਮੇਂ ਸਿਰ ਕਿਸਾਨਾਂ ਭਰਾਵਾਂ ਨੂੰ ਸਰ੍ਹੋਂ ਦੀ ਚੰਗੀ ਪੈਦਾਵਾਰ ਲਈ ਗਾਈਡ ਕੀਤਾ ਗਿਆ।ਰਾਈਸੀਲਾ ਫਾਊਂਡੇਸ਼ਨ ਦੇ ਟਰੱਸਟੀ ਡਾ. ਏ.ਆਰ. ਸ਼ਰਮਾ ਨੇ ਦੱਸਿਆ ਕਿ ਰਾਈਸੀਲਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਨਤੀਜੇ ਵਜੋਂ ਇਨ੍ਹਾਂ ਡੈਮੋ ਪਲਾਟਾਂ ਵਿੱਚ ਸਰ੍ਹੋਂ ਦੀ ਚੰਗੀ ਪੈਦਾਵਾਰ ਹੋਈ ਹੈ।

ਉਨ੍ਹਾਂ ਦੱਸਿਆ ਕਿ 91 ਏਕੜ ਡੈਮੋ ਪਲਾਟਾਂ ਵਿੱਚ ਤਕਰੀਬਨ 1060 ਕੁਇੰਟਲ ਸਰ੍ਹੋਂ ਦੀ ਪੈਦਾਵਾਰ ਹੋਈ ਜੋ ਕਿ ਤਕਰੀਬਨ 11.5 ਕੁਇੰਟਲ ਪਤ੍ਰੀ ਏਕੜ ਪੈਦਾਵਾਰ ਬਣਦੀ ਹੈ ਤੇ ਇਸ ਵਿੱਚੋਂ 43 ਏਕੜ ਮਾਡਲ ਫਾਰਮ ਦੀ ਪ੍ਰਤੀ ਏਕੜ ਪੈਦਾਵਾਰ 12-13 ਕੁਇੰਟਲ ਰਹੀ।ਉਨ੍ਹਾਂ ਦੱਸਿਆ ਕਿ ਕਿਸਾਨ ਭਰਾ ਫ਼ਸਲ ਦੀ ਪੈਦਾਵਾਰ ਨਾਲ ਬਹੁਤ ਖੁਸ਼ ਹਨ।

# ਬਾਈ ਡਿੰਪੀ ਢਿੱਲੋਂ ਨੇ ਸਰਕਲ ਪ੍ਰਧਾਨਾਂ ਨੂੰ ਦਿੱਤੇ ਨਿਯੁਕਤੀ ਪੱਤਰ

## ਪਾਰਟੀ ਨੂੰ ਮਜ਼ਬੂਤ ਕਰਨ ਲਈ ਹੇਠਲੇ ਪੱਧਰ 'ਤੇ ਅਕਾਲੀ ਵਰਕਰ ਅੱਗੇ ਆਉਣ ਆਗੂ



**ਗਿੱਦੜਬਾਹਾ (ਜਸਵੰਤ ਗਿੱਲ)**
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਨਜਿੰਦਰ ਸਿੰਘ ਬਿੱਟੂ ਸ਼ਹਿਰੀ ਪ੍ਰਧਾਨ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਪਾਰਟੀ ਦੇ ਮੁੱਢਲੇ ਢਾਂਚੇ ਨੂੰ ਮਜਬੂਤ ਕਰਨ ਲਈ ਗਿੱਦੜਬਾਹਾ ਦੇ ਸਰਕਲ-1 ਦੇ ਪ੍ਰਧਾਨ ਮਨਤਾਜ ਸਿੰਘ ਰੈਸਟੀ ਰੰਧਾਵਾ ਅਤੇ ਗਿੱਦੜਬਾਹਾ ਸਰਕਲ ਨੰਬਰ -2 ਦੇ ਪ੍ਰਧਾਨ ਬਲਰਾਜ ਸਿੰਘ ਮਾਨ ਦੀ ਨਿਯੁਕਤੀ ਕੀਤੀ।

ਇਸ ਮੌਕੇ ਮਨਜਿੰਦਰ ਸਿੰਘ ਬਿੱਟੂ ਨਵਨਿਯੁਕਤ ਪ੍ਰਧਾਨਾਂ ਨੂੰ ਨਿਯੁਕਤੀ ਪੱਤਰ ਅਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਹਲਕਾ ਗਿੱਦੜਬਾਹਾ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਤੇ ਲੋਕ ਸਭਾ ਹਲਕਾ ਫਰੀਦਕੋਟ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਵਿਸ਼ੇਸ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਜਿਲ੍ਹਾ ਸ਼ਹਿਰੀ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਨੇ ਅਹੁਦੇਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਾਰਟੀ ਨੂੰ ਮਜਬੂਤ ਕਰਨ ਲਈ ਹੇਠਲੇ ਪੱਧਰ ਤੇ ਨੌਜਵਾਨਾਂ ਅਤੇ ਅਕਾਲੀ ਵਰਕਰਾਂ ਨੂੰ ਪਾਰਟੀ ਲਈ ਅੱਗੇ ਹੋ ਕੇ ਕੰਮ ਕਰਨ ਲਈ ਲਾਮਬੰਦ ਕੀਤਾ ਜਾਵੇ। ਇਸ ਮੌਕੇ ਨਵੇ ਚੁਣੇ ਗਏ ਅਹੁਦੇਦਾਰ ਬਲਰਾਜ ਸਿੰਘ ਮਾਨ ਤੇ ਮਨਤਾਜ ਸਿੰਘ ਰੈਸਟੀ ਰੰਧਾਵਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਮਨਜਿੰਦਰ ਸਿੰਘ ਬਿੱਟੂ ਅਤੇ ਹਰਦੀਪ ਸਿੰਘ ਡਿੰਪੀ ਢਿੱਲੋਂ ਸਮੇਤ ਸਮੁੱਚੀ ਲੀਡਰਸ਼ਿਪ ਦਾ ਧਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਜੋ ਸਾਨੂੰ ਜ਼ਿੰਮੇਵਾਰੀ ਦਿੱਤੀ ਹੈ, ਅਸੀਂ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ ਭਲਾਈ ਨੀਤੀਆਂ ਬਾਰੇ ਘਰ ਘਰ ਜਾ ਕੇ ਲੋਕਾਂ ਨੂੰ ਜਾਣਕਾਰੀ ਦੇਣਗੇ। ਇਸ ਮੌਕੇ ਅਕਾਲੀ ਦਲ ਦੇ ਆਗੂ ਤੇ ਵਰਕਰ ਹਾਜ਼ਰ ਸਨ।

# ਮੋਦੀ ਸਰਕਾਰ ਨੇ ਮਜ਼ਦੂਰ ਵਿਰੋਧੀ ਹੋਣ ਦਾ ਸਬੂਤ ਦਿੱਤਾ:ਬਖਤਪੁਰਾ



**ਬਟਾਲਾ (ਤਰਲੋਕ ਬੱਗਾ)**-ਆਲ ਇੰਡੀਆ ਸੈਂਟਰਲ ਕੌਂਸਲ ਆਫ ਟਰੇਡ ਯੂਨੀਅਨਜ਼ (ਏਕਟੂ) ਅਤੇ ਸੀਪੀਆਈ ਐੱਮਐੱਲ ਲਿਬਰੇਸ਼ਨ ਵੱਲੋਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਫੈਜ਼ਪੁਰਾ ਰੋਡ ਬਟਾਲਾ ਵਿਖੇ ਮਨਾਇਆ ਜਾ ਰਿਹਾ ਹੈ।ਇਸ ਦੀ ਤਿਆਰੀ ਸਬੰਧੀ ਬਟਾਲੇ ਦੀਆਂ ਫੌਂਡਰੀਆਂ ਵਿਖੇ ਰੈਲੀਆਂ ਕਰਦਿਆਂ ਏਕਟੂ ਦੇ ਸੂਬਾ ਸਕੱਤਰ ਗੁਲਜ਼ਾਰ ਸਿੰਘ ਭੁੰਬਲੀ, ਕੁਲਦੀਪ ਰਾਜੂ ਅਤੇ ਏਕਟੂ ਦੇ ਸੂਬਾ ਮੀਤ ਪ੍ਰਧਾਨ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ 138 ਸਾਲ ਪਹਿਲਾਂ ਮਈ 1886 ਨੂੰ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੇ ਮਜ਼ਦੂਰਾਂ ਨੇ ਇਕ ਲਾਮਿਸਾਲ ਸੰਘਰਸ਼ ਕਰਦਿਆਂ ਅਤੇ ਦਰਜਨ ਭਰ ਮਜ਼ਦੂਰ ਆਗੂਆਂ ਦੀਆਂ ਸ਼ਹਾਦਤਾਂ ਦੇ ਕੇ 8 ਘੰਟੇ ਦੀ ਦਿਹਾੜੀ ਅਤੇ 48 ਘੰਟੇ ਹਫਤੇ ਦਾ ਕੰਮ ਕਰਨ ਦੀ ਮੰਗ ਮਨਵਾਈ ਸੀ, ਜਿਸ ਨੂੰ ਬਦਲ ਕੇ ਮੋਦੀ ਸਰਕਾਰ ਨੇ 12 ਘੰਟੇ ਦੀ ਦਿਹਾੜੀ ਦਾ ਕਾਨੂੰਨ ਪਾਸ ਕਰਕੇ ਕਿਰਤੀਆਂ ਦੇ 40 ਕਿਰਤ ਕਾਨੂੰਨਾਂ ਨੂੰ ਚਾਰ ਕੋਡਾਂ ਵਿਚ ਬਦਲ ਕੇ ਮਜ਼ਦੂਰ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ।ਆਗੂਆਂ ਕਿਹਾ ਕਿ 2024 ਦੇ ਮਈ ਦਿਵਸ ਮੌਕੇ ਸਾਫ਼ ਦਿਖਾਈ ਦਿੰਦਾ ਹੈ ਕਿ ਮਜ਼ਦੂਰਾਂ ਅਤੇ ਦੇਸ਼ ਦੇ ਹਿੱਤ ਭਾਜਪਾ ਦੇ ਹੱਥਾਂ ਵਿਚ ਸੁਰੱਖਿਅਤ ਨਹੀਂ ਹਨ। ਇਸ ਕਾਰਨ ਮਈ ਦਿਵਸ ਉਪਰ ਮੋਦੀ ਸਰਕਾਰ ਨੂੰ ਹਰਾਉਣ ਦਾ ਸੱਦਾ ਦਿੱਤਾ ਜਾਵੇਗਾ ਤਾਂ ਜੋ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਨੂੰ ਵੀ ਮੋਦੀ ਦੇ ਫਾਸ਼ੀ ਰਾਜ ਤੋਂ ਬਚਾਇਆ ਜਾ ਸਕੇ।

# ਲੜਕੀ ਨੂੰ ਉਧਾਲਣ ਦੇ ਦੋਸ਼ 'ਚ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਦਰ ਗੁਰਦਾਸਪੁਰ ਪੁਲਸ ਨੇ ਇਕ ਨਾਬਾਲਗ ਲੜਕੀ ਨੂੰ ਉਧਾਲਣ ਦੇ ਦੋਸ਼ਾਂ ਹੇਠ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਤੇਗ ਅਲੀ ਪੁੱਤਰ ਸੈਫ ਅਲੀ ਵਾਸੀ ਹਰਦੋਛੰਨੀਆਂ ਆਲੀ ਨੰਗਲ ਰੋਡ ਨੇ ਦੱਸਿਆ ਕਿ ਮੇਰੇ ਮਾਮਾ ਨਾਜ਼ਮਦੀਨ ਵਾਸੀ ਧੰਨੋ ਧਰੋਲ ਵਰਪਾਲ ਜ਼ਿਲ੍ਹਾ ਕਠੂਆ ਦੀ ਲੜਕੀ ਸਾਡੇ ਕੋਲ ਆਈ ਹੋਈ ਸੀ ਜੋ ਅਜੇ ਨਾਬਾਲਗ ਹੈ। ਕਥਿਤ ਦੋਸ਼ੀ ਲੜਕੀ ਦਾ ਰਿਸ਼ਤਾ ਨੀਜਾ ਵੱਲ ਕਰਵਾਉਣਾ ਚਾਹੁੰਦੇ ਸਨ ਤਾਂ ਅਸੀਂ ਰਿਸ਼ਤਾ ਦੇਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਦੱਸਿਆ ਕਿ 14 ਅਪ੍ਰੈਲ ਨੂੰ ਸਾਡੀ ਲੜਕੀ ਕਰੀਬ 8/9 ਵਜੇ ਸ਼ਾਮ ਸੜਕ ਵਾਲੀ ਸਾਈਡ ਕੰਮ ਕਰ ਰਹੀ ਸੀ ਤਾਂ ਨੀਜਾ ਪੁੱਤਰ ਬਾਊਦੀਨ ਵਾਸੀ ਮਾਹਲਪੁਰ ਜ਼ਿਲ੍ਹਾ ਹੁਸ਼ਿਆਰਪੁਰ, ਬੱਲੂ ਪੁੱਤਰ ਯੂਸਫ ਸਾਈਂ ਵਾਸੀ ਤਲੂਰ ਥਾਣਾ ਨਰੋਟ ਜੈਮਲ ਸਿੰਘ ਜ਼ਿਲ੍ਹਾ ਪਠਾਨਕੋਟ, ਨਮੀ ਪੁੱਤਰ ਸੱਤੋ ਵਾਸੀ ਬਲਾਵਰ ਜ਼ਿਲ੍ਹਾ ਕਠੂਆ ਜੰਮੂ-ਕਸ਼ਮੀਰ ਇੱਕ ਸਵਿਫਟ ਕਾਰ ਵਿੱਚ ਸਵਾਰ ਹੋ ਕੇ ਆਏ ਅਤੇ ਲੜਕੀ ਨੂੰ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਵਰਗਲਾ ਫੁਸਲਾ ਕੇ ਆਪਣੇ ਨਾਲ ਲੈ ਗਏ ਹਨ। ਥਾਣਾ ਸਦਰ ਗੁਰਦਾਸਪੁਰ ਪੁਲਸ ਨੇ ਉਕਤ ਦੋਸ਼ੀਆਂ ਖ਼ਿਲਾਫ ਜ਼ੇਰੇ ਧਾਰਾ 363 ਅਤੇ 366 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸਫਾਈ ਨਾ ਹੋਣ ਕਰਕੇ ਡਰੇਨਾਂ ਦੀ ਹਾਲਤ ਤਰਸਯੋਗ, ਪ੍ਰਸ਼ਾਸਨ ਸੁੱਤਾ ਕੁੰਭਕਰਨੀ ਨੀਂਦ



ਵੇਰਕਾ (ਹਰਬਿੰਦਰ ਸਿੰਘ)-ਸਰਕਾਰ ਵੱਲੋਂ ਭਾਰੀ ਬਰਸਾਤਾਂ ਮੌਕੇ ਹੜ੍ਹਾਂ ਦੀ ਮਾਰ ਤੋਂ ਬਚਾਅ ਲਈ ਪਾਣੀ ਦੇ ਨਿਕਾਸ ਵਾਸਤੇ ਪਿੰਡਾਂ ਨੇੜੇ ਬਣਾਈਆਂ ਗਈਆਂ ਡਰੇਨਾਂ ਦੀ ਸਫਾਈ ਨਾ ਹੋਣ ਕਰਕੇ ਹਾਲਤ ਬੜੀ ਤਰਸਯੋਗ ਬਣੀ ਹੋਈ ਹੈ। ਡਰੇਨਾਂ 'ਚ ਬੂਟੀ/ਨੜਾ ਆਦਿ ਅਥਾਹ ਹੋਣ ਕਰਕੇ ਪਾਣੀ ਦੇ ਨਿਕਾਸ ਵਿੱਚ ਭਾਰੀ ਰੁਕਾਵਟ ਬਣੀ ਹੈ ਜਿਸ ਬਾਬਤ ਅਨਜਾਣ ਡਰੇਨੇਜ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ।ਡਰੇਨੇਜ ਵਿਭਾਗ ਦਾ ਬਹੁਤਾ ਹਿੱਸਾ ਵੀ ਲੋਕਾਂ ਦੇ ਨਜਾਇਜ਼ ਕਬਜ਼ ਹੇਠ ਹੈ ਜਿਸ ਬਾਰੇ ਵਿਭਾਗ ਦੇ ਉੱਚ ਅਧਿਕਾਰੀ ਬੇਖ਼ਬਰ ਹਨ।

ਨੇੜ ਭਵਿੱਖ ਵਿੱਚ ਪੈਣ ਵਾਲੀਆਂ ਬਰਸਾਤਾਂ ਦੇ ਮੱਦੇਨਜ਼ਰ ਪ੍ਰਸ਼ਾਸਨ ਵੱਲੋਂ ਕੋਈ ਅਗਾਊਂ ਪ੍ਰਬੰਧ ਨਹੀਂ ਕੀਤਾ ਗਿਆ ਜਿਸ ਕਰਕੇ ਡਰੇਨਾਂ ਦੇ ਨਾਲ ਲੱਗਦੇ ਦਰਜਨਾਂ ਪਿੰਡਾਂ ਵਿੱਚ ਪਾਣੀ ਆਉਣ ਦਾ ਸਹਿਮ ਬਣਿਆ ਰਹਿੰਦਾ ਹੈ।ਕਈ ਵਾਰ ਤਾਂ ਬਰਸਾਤਾਂ ਦੌਰਾਨ ਹੀ ਪਾਣੀ ਦਾ ਨਿਕਾਸ ਰੁਕ ਜਾਣ 'ਤੇ ਪ੍ਰਸ਼ਾਸਨ ਹਰਕਤ ਵਿੱਚ ਆਉਂਦਾ ਹੈ ਅਤੇ ਫਿਰ ਬੂਟੀ/ਨੜਾ ਆਦਿ ਜੇਸੀਬੀ ਮਸ਼ੀਨਾਂ ਨਾਲ ਕੱਢਦਾ ਹੈ।ਇਸ ਦੌਰਾਨ ਉਦੋਂ ਹੜ੍ਹਾਂ ਵਰਗੀ ਬਣੀ ਸਥਿਤੀ ਕਾਰਨ ਨੇੜਲੇ ਪਿੰਡਾਂ ਦੇ ਲੋਕਾਂ 'ਚ ਵੀ ਹੜ੍ਹ ਆਉਣ ਦਾ ਡਰ ਬਣ ਜਾਂਦਾ ਹੈ।ਪ੍ਰੰਤੂ ਹੁਣ ਸਮਾਂ ਰਹਿੰਦੇ ਹੋਏ ਪ੍ਰਸ਼ਾਸਨ ਜਾਂ ਵਿਭਾਗ ਵੱਲੋਂ ਕੋਈ ਠੋਸ ਤੇ ਉਚਿਤ ਕਦਮ ਨਾ ਚੁੱਕੇ ਜਾਣ ਕਰਕੇ ਇਲਾਕੇ ਦੇ ਲੋਕਾਂ 'ਚ ਭਾਰੀ ਰੋਸ ਹੈ।ਲੰਮੇ ਸਮੇਂ ਤੋਂ ਸਫਾਈ ਨੂੰ ਉਡੀਕਦੀਆਂ ਗੰਦਗੀ ਨਾਲ ਭਰੀਆਂ ਪਈਆਂ ਡਰੇਨਾਂ, ਸਗੋਂ ਹੋਰ ਵੀ ਗੰਦਗੀ ਨਾਲ ਭਰ ਗਈਆਂ ਹਨ।ਇਸ ਸਬੰਧੀ ਸਮੂਹ ਇਲਾਕਾ ਨਿਵਾਸੀਆਂ ਨੇ ਸ਼ਾਸਨ - ਪ੍ਰਸ਼ਾਸਨ ਪਾਸੋਂ ਫੌਰੀ ਡਰੇਨਾਂ ਦੀ ਸਫਾਈ ਕਰਵਾਉਣ ਦੀ ਮੰਗ ਕੀਤੀ ਹੈ ਤਾਂ ਜੋ ਭਵਿੱਖ ਵਿੱਚ ਆਉਣ ਵਾਲੀ ਕਿਸੇ ਵੀ ਆਫਤ ਨਾਲ ਨਜਿੱਠਿਆ ਜਾ ਸਕੇ।

# ਮਹਿਕ ਸ਼ਰਮਾ ਦੇ ਕਤਲ ਦੇ ਮਾਮਲੇ 'ਚ ਦੋਸ਼ੀ ਪਤੀ ਨੂੰ ਉਮਰ ਕੈਦ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਾਦੀਆਂ ਦੇ ਨਾਲ ਲੱਗਦੇ ਪਿੰਡ ਜੋਗੀ ਚੀਮਾ ਦੀ ਰਹਿਣ ਵਾਲੀ ਮਹਿਕ ਸ਼ਰਮਾ (19) ਪੁੱਤਰੀ ਤਰਲੋਕ ਚੰਦ ਜਿਸ ਦਾ ਲੰਡਨ ਵਿੱਚ 29 ਅਕਤੂਬਰ 2023 ਨੂੰ ਉਸ ਦੇ ਪਤੀ ਸਾਹਿਲ ਸ਼ਰਮਾ (24) ਪੁੱਤਰ ਲਲਿਤ ਕੁਮਾਰ ਨੇ ਕਤਲ ਕਰ ਦਿੱਤਾ ਸੀ, ਦੇ ਸਬੰਧ ਵਿੱਚ ਕਿੰਗਸਟਨ ਕਰਾਊਨ ਕੋਰਟ ਲੰਡਨ ਨੇ ਮਹਿਕ ਸ਼ਰਮਾ ਦੇ ਪਤੀ ਸਾਹਿਲ ਸ਼ਰਮਾ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਹੈ।ਮਹਿਕ ਸ਼ਰਮਾ ਦੇ ਕਤਲ ਤੋਂ ਬਾਅਦ ਮ੍ਰਿਤਕਾ ਦੇ ਪਰਵਾਰ ਦੇ ਵਕੀਲ ਜੁਲੀਅਨ ਈਵਨ ਨੇ ਕੋਰਟ ਨੂੰ ਦੱਸਿਆ ਸੀ ਕਿ ਸਾਹਿਲ ਸ਼ਰਮਾ ਵਿਆਹ ਦੀ ਸ਼ੁਰੂਆਤ ਤੋਂ ਹੀ ਆਪਣੀ ਪਤਨੀ ਮਹਿਕ ਸ਼ਰਮਾ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਪਰੇਸ਼ਾਨ ਕਰ ਰਿਹਾ ਸੀ ਅਤੇ ਸ਼ੱਕ ਕਾਰਨ ਹੀ ਇਸ ਨੇ ਆਪਣੀ ਪਤਨੀ ਦਾ ਲੰਦਨ ਦੇ ਕਰੋਈਡੋਨ ਵਿੱਚ ਗਰਦਨ 'ਤੇ ਚਾਕੂਆਂ ਦੇ ਕਈ ਵਾਰ ਕਰ ਕੇ ਕਤਲ ਕਰ ਦਿੱਤਾ ਸੀ। ਸਾਹਿਲ ਕੋਰਟ ਵਿੱਚ ਆਪਣੇ ਬਚਾਅ ਲਈ ਆਪਣੀ ਪਤਨੀ ਦੇ ਕਿਰਦਾਰ ਨੂੰ ਲੈ ਕੇ ਲਗਾਏ ਗਏ ਦੋਸ਼ਾਂ ਨੂੰ ਸਾਬਤ ਨਾ ਕਰ ਸਕਿਆ ਅਤੇ ਕੋਰਟ ਨੇ ਵੀ ਸਾਹਿਲ ਵੱਲੋਂ ਮਹਿਕ ਦੇ ਕਿਰਦਾਰ ਤੇ ਲਗਾਏ ਗਏ ਦੋਸ਼ਾਂ ਨੂੰ ਨਕਾਰ ਦਿੱਤਾ ਅਤੇ ਉਸ ਨੂੰ ਬੇਗੁਨਾਹ ਦੱਸਿਆ।ਜੱਜ ਸਾਰਾ ਪਲਾਸ਼ਕਸ ਨੇ ਆਪਣੇ ਫ਼ੈਸਲੇ ਵਿੱਚ ਸਾਹਿਲ ਸ਼ਰਮਾ ਨੂੰ 14 ਸਾਲ ਅਤੇ 187 ਦਿਨਾਂ ਦੀ ਸਜ਼ਾ ਸੁਣਾਈ ਹੈ।

# ਵਾਤਾਵਰਣ ਦੀ ਸੰਭਾਲ ਲਈ ਹਰੇਕ ਕੰਮ ਨੂੰ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇ : ਏ ਡੀ ਸੀ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਨਿਕਾਸ ਕੁਮਾਰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅੰਮ੍ਰਿਤਸਰ ਨੇ ਜ਼ਿਲਾ ਵਾਤਾਵਰਣ ਕਮੇਟੀ ਦੀ ਮੀਟਿੰਗ ਵਿਚ ਜ਼ਿਲੇ ਦੇ ਸ਼ਹਿਰੀ ਅਤੇ ਪੇਂਡੂ ਖੇਤਰ ਵਿੱਚ ਕੂੜਾ ਪ੍ਰਬੰਧਨ ਨੂੰ ਬਿਹਤਰ ਢੰਗ ਨਾਲ ਅਮਲ ਵਿੱਚ ਲਿਆਉਣ ਉਤੇ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਇਕੱਠਾ ਕਰਕੇ ਇਸ ਦਾ ਠੋਸ ਪ੍ਰਬੰਧ ਕੀਤਾ ਜਾਵੇ ਤਾਂ ਕਿ ਸ਼ਹਿਰ ਅਤੇ ਪਿੰਡਾਂ ਦੀ ਸਫਾਈ ਵਿੱਚ ਆਮ ਲੋਕਾਂ ਦਾ ਸਾਥ ਵੀ ਮਿਲ ਸਕੇ।ਸਬੰਧਤ ਮੀਟਿੰਗ ਨੂੰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਹੋਰ ਵਿਭਾਗਾਂ ਦਾ ਸਾਥ ਲੈਣ ਲਈ ਸਹਿਯੋਗ ਮੰਗਿਆ ਗਿਆ।ਮੀਟਿੰਗ ਦੌਰਾਨ ਸ਼ਹਿਰੀ ਖੇਤਰਾਂ ਅਤੇ ਪੇਂਡੂ ਖੇਤਰਾਂ ਵਿੱਚ ਪੈਦਾ ਹੋਣ ਵਾਲੇ ਕੂੜੇ ਦੀ ਸਾਂਭ-ਸੰਭਾਲ ਤੋਂ ਇਲਾਵਾ ਪਲਾਸਟਿਕ ਵੇਸਟ ਦੀ ਸਾਂਭ-ਸੰਭਾਲ, ਗੰਦੇ ਪਾਣੀ ਦੀ ਟਰੀਟਮੈਂਟ, ਸਿੰਗਲ ਯੂਜ਼ ਪਲਾਸਟਿਕ ਤੇ ਰੋਕਥਾਮ, ਹਵਾ ਪ੍ਰਦੂਸ਼ਣ ਅਤੇ ਹੋਰ ਵਾਤਾਵਰਣ ਦੇ ਮੁੱਦਿਆ ਬਾਰੇ ਸਬੰਧਤ ਵਿਭਾਗਾਂ ਨਾਲ ਚੱਲ ਰਹੇ ਕੰਮਾਂ ਦੀ ਸਮੀਖਿਆ ਕੀਤੀ ਗਈ।

ਮੀਟਿੰਗ ਵਿੱਚ ਅੰਮ੍ਰਿਤਸਰ ਸ਼ਹਿਰ ਲਈ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ ਤਹਿਤ ਆਏ ਫੰਡਾਂ ਦੇ ਖਰਚੇ ਸਬੰਧੀ ਵੀ ਸਮੀਖਿਆ ਕੀਤੀ ਗਈ।ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨੇ ਸਬੰਧਤ ਵਿਭਾਗਾਂ ਦੇ ਮੁਖੀਆਂ ਨਾਲ ਜ਼ਿਲ੍ਹਾ ਵਾਤਾਵਰਣ ਪਲਾਨ ਅੰਮ੍ਰਿਤਸਰ ਵਿੱਚ ਦਰਜ ਵੱਖ-ਵੱਖ ਕੰਮਾਂ ਨੂੰ ਪ੍ਰਾਪਤ ਕਰਨ ਦੇ ਟੀਚਿਆ ਨੂੰ ਸਮਾਂਬੱਧ ਤਰੀਕੇ ਨਾਲ ਸਿਰੇ ਚੜ੍ਹਾਉਣ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ।

ਮੀਟਿੰਗ ਦੌਰਾਨ ਸੁਖਦੇਵ ਸਿੰਘ ਵਾਤਾਵਰਣ ਇੰਜੀਨੀਅਰ, ਵਿਨੋਦ ਕੁਮਾਰ ਸਹਾਇਕ ਵਾਤਾਵਰਣ ਇੰਜੀਨੀਅਰ, ਸੰਦੀਪ ਮਲਹੋਤਰਾ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ, ਡਾ. ਕਿਰਨ ਮੈਡੀਕਲ ਹੈਲਥ ਅਫਸਰ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਸ਼ਹਿਰ 'ਚ ਮੱਛਰਮਾਰ ਦਵਾਈ ਛਿੜਕਾਉਣ ਦੀ ਮੰਗ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਗਰਮੀਆਂ ਦਾ ਸੀਜ਼ਨ ਸ਼ੁਰੂ ਹੁੰਦਿਆਂ ਹੀ ਸ਼ਹਿਰ ਵਿੱਚ ਮੱਛਰ, ਮੱਖੀ ਦਿਨੋਂ ਦਿਨ ਫੈਲਣੇ ਸ਼ੁਰੂ ਹੋ ਗਏ ਹਨ।

ਮੱਛਰਾਂ ਦੀ ਦਿਨੋਂ-ਦਿਨ ਪੈਦਾਵਾਰ ਦੇ ਨਾਲ ਡੇਂਗੂ ਵਰਗੀਆਂ ਭਿਆਨਕ ਬਿਮਾਰੀਆਂ ਫੈਲ ਰਹਿਆਂ ਹਨ, ਜਿਸ ਨਾਲ ਲੋਕ ਬਿਮਾਰ ਹੋ ਰਹੇ ਹਨ।ਇਸ ਮੌਕੇ ਸ਼ਹਿਰ ਵਾਸੀਆਂ ਸਮਾਜ ਸੇਵੀ ਦੀਪਕ ਸ਼ਾਹ ਹੰਸ, ਰਾਜਬੀਰ ਰਾਜੂ, ਵਾਰਡ ਨੰਬਰ -8 ਰਾਜੇਸ਼ ਕੁਮਾਰ ਮਦਾਨ, ਸ਼ਮਸ਼ੇਰ ਸਿੰਘ ਗਿੱਲ ਸ਼ੇਰਾ, ਸੋਸ਼ਲ ਵਰਕਰ ਅਜੈ ਕੁਮਾਰ ਮਹਿਤਾ, ਸਤਪਾਲ ਸ਼ਰਮਾ ਬੱਬੀ, ਵਾਰਡ ਨੰਬਰ ਸੱਤ ਬਬਲੂ ਅਜਨਾਲਾ, ਸੰਦੀਪ ਕੁਮਾਰ, ਰਾਜੀਵ ਕੁਮਾਰ, ਵਿਕਰਾਂਤ ਉਪਲ, ਪ੍ਰੇਮ ਕੁਮਾਰ ਅਨੰਦ ਆਦਿ ਨੇ ਨਗਰ ਪੰਚਾਇਤ ਅਜਨਾਲਾ ਦੇ ਉਚ ਅਧਿਕਾਰੀਆਂ ਤੋਂ ਮੰਗ ਕੀਤੀ ਕੀ ਅਜਨਾਲਾ ਸ਼ਹਿਰ ਦੀ ਹਰ ਵਾਰਡ/ਬਜ਼ਾਰ ਵਿੱਚ ਰੋਜ਼ਾਨਾ ਮੱਛਰ ਮਾਰਨ ਵਾਲੀ ਸਪਰੇਅ ਕਰਵਾਈ ਜਾਵੇ ਤਾਂ ਜੋ ਡੇਂਗੂ ਦੇ ਫ਼ੈਲਾਅ ਬਚਾ ਹੋ ਸਕੇ।

# ਔਰਤਾਂ ਨੂੰ ਨਾ 'ਹਜ਼ਾਰ' ਦਿੱਤਾ ਨਾ ਹੀ ਕਿਸੇ ਔਰਤ ਨੂੰ ਲੋਕ ਸਭਾ ਦੀ ਟਿਕਟ: ਕੱਕੜ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਦੀ ਜਨਤਾ ਨੂੰ ਝੂਠੇ ਸਬਜ਼ਬਾਗ ਵਿਖਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦਲਿਤ ਅਤੇ ਔਰਤ ਵਿਰੋਧੀ ਸਾਬਤ ਹੋਈ ਹੈ।ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਦਲਿਤ ਸਮਾਜ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੇ ਦਲਿਤ ਉਪ ਮੁੱਖ ਮੰਤਰੀ ਹੋਵੇਗਾ।ਦੋ ਸਾਲ ਤੋਂ ਉੱਪਰ ਹੋ ਗਏ ਸਰਕਾਰ ਬਣੀ ਨੂੰ ਕੋਈ ਦਲਿਤ ਉਪ ਮੁੱਖ ਮੰਤਰੀ ਇਸ ਸਰਕਾਰ ਨੇ ਨਹੀਂ ਬਣਾਇਆ ।ਪੰਜਾਬ ਦੀਆਂ ਔਰਤਾਂ ਨੂੰ ਵੀ ਹਜ਼ਾਰ-ਹਜ਼ਾਰ ਰੁਪਇਆ ਮਹੀਨੇ ਦਾ ਦੇਣ ਦਾ ਵਾਅਦਾ ਕੀਤਾ ਸੀ ਜੋ ਵਫ਼ਾ ਨਹੀਂ ਹੋਇਆ ।ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਮੁੱਖ ਬੁਲਾਰਾ ਜ਼ਿਲਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਕੀਤਾ।ਉਨ੍ਹਾਂ ਕਿਹਾ ਕਿ ਆਮ ਆਦਮੀਂ ਪਾਰਟੀ ਔਰਤਾਂ ਨੂੰ ਵੋਟ ਬੈਂਕ ਵਜੋਂ ਵਰਤਦੀ ਆ ਰਹੀ ਹੈ।ਕੱਕੜ ਨੇ ਕਿਹਾ ਕਿ ਕਾਂਗਰਸ ਪਾਰਟੀ ਔਰਤਾਂ ਦਾ ਪੂਰਾ ਮਾਣ-ਸਨਮਾਨ ਕਰਦੀ ਹੈ।ਇਸ ਲਈ ਲੋਕ ਸਭਾ ਵਿੱਚ ਵੀ ਦੋ ਔਰਤਾਂ ਨੂੰ ਟਿਕਟਾਂ ਦਿੱਤੀਆਂ ਹਨ।ਉਨ੍ਹਾਂ ਕਿਹਾ ਕਿ ਰਾਜ ਸਭਾ ਵਿੱਚ ਵੀ ਔਰਤਾਂ ਨੂੰ ਕੋਈ ਨੁਮਾਇੰਦਗੀ ਨਹੀਂ ਦਿੱਤੀ ਗਈ।ਕੱਕੜ ਨੇ ਕਿਹਾ ਕਿ 'ਆਪ' ਉਧਾਰ ਦੇ ਲਏ ਆਗੂਆਂ ਨਾਲ ਆਪਣੀ ਰਾਜਨੀਤੀ ਚਲਾ ਰਹੀ ਹੈ।

# ਘੱਟ ਵੋਟ ਪ੍ਰਤੀਸ਼ਤ ਵਾਲੇ ਬੂਥਾਂ 'ਤੇ ਜਾ ਕੇ ਵੋਟਰਾਂ ਨੂੰ ਕੀਤਾ ਜਾਗਰੂਕ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ-ਕਮ-ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਜੌੜੀਆਂ ਕਲਾਂ ਹਲਕਾ ਡੇਰਾ ਬਾਬਾ ਨਾਨਕ ਦੇ ਘੱਟ ਵੋਟ ਪ੍ਰਤੀਸ਼ਤ ਵਾਲੇ ਬੂਥ ਵਿਖੇ ਸਵੀਪ ਟੀਮ ਵੱਲੋਂ ਵੋਟਰਾਂ ਨੂੰ ਜਾਗਰੂਕ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ-ਕਮ-ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਸਵੀਪ ਟੀਮ ਵੱਲੋਂ ਇਸ ਵਾਰ ਸੱਤਰ ਪਾਰ ਤਹਿਤ ਵੱਖ-ਵੱਖ ਪਿੰਡਾਂ, ਮੁਹੱਲਿਆਂ ਅਤੇ ਸਕੂਲਾਂ ਵਿੱਚ ਜਾ ਕੇ ਸਵੀਪ ਗਤੀਵਿਧੀਆਂ ਦੁਆਰਾ ਆਮ ਨਾਗਰਿਕਾਂ ਨੂੰ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਪ੍ਰਤੀ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਇਸੇ ਲੜੀ ਦੇ ਤਹਿਤ ਅੱਜ ਜ਼ਿਲ੍ਹਾ ਸਵੀਪ ਟੀਮ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਜੌੜੀਆਂ ਕਲਾਂ ਹਲਕਾ ਡੇਰਾ ਬਾਬਾ ਨਾਨਕ ਵਿਖੇ ਸਵੀਪ ਮੋਟੀਵੇਸ਼ਨਲ ਲੈਕਚਰ ਦਾ ਆਯੋਜਨ ਕੀਤਾ ਗਿਆ ।ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਹਾਜ਼ਰ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਦੀ ਅਹਿਮੀਅਤ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਅਤੇ ਬਿਨਾਂ ਕਿਸੇ ਡਰ, ਭੈਅ ਤੇ ਲਾਲਚ ਤੋਂ ਵੋਟ ਦਾ ਅਧਿਕਾਰ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ।ਇਸ ਦੌਰਾਨ ਲੈਕਚਰਾਰ ਗੁਰਮੀਤ ਸਿੰਘ ਭੋਮਾ ਵੱਲੋਂ ਵੋਟਰ ਪ੍ਰਣ ਕਰਵਾਇਆ ਗਿਆ।ਇਸ ਮੌਕੇ ਜ਼ਿਲ੍ਹਾ ਸਵੀਪ ਟੀਮ ਤੋਂ ਇਲਾਵਾ ਹੋਰ ਮੈਂਬਰ ਵੀ ਹਾਜ਼ਰ ਸਨ।

# ਡਾ. ਚੀਮਾ ਦੀ ਹਲਕਾ ਭੋਆ ਦੇ ਪਿੰਡਾਂ 'ਚ ਫੇਰੀ ਸੰਬੰਧੀ ਵਰਕਰਾਂ ਦੀ ਲਾਮਬੰਦੀ



ਦੀਨਾਨਗਰ, ਭੋਆ (ਬਲਵਿੰਦਰ ਸਿੰਘ ਬਿੱਲਾ)-ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੀ ਹਲਕਾ ਭੋਆ ਦੇ ਵੱਖ-ਵੱਖ ਪਿੰਡਾਂ ਵਿੱਚ ਫੇਰੀ ਦੇ ਸੰਬੰਧ ਵਿੱਚ ਮੀਟਿੰਗਾਂ ਕੀਤੀਆਂ ਗਈਆਂ ਅਤੇ ਵਰਕਰਾਂ ਨੂੰ ਲਾਮਬੰਦ ਕੀਤਾ ਗਿਆ ਤਾਂ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਇਆ ਜਾਵੇ। ਵੱਖ-ਵੱਖ ਪਿੰਡਾਂ 'ਚ ਬੈਠਕਾਂ ਕੀਤੀਆਂ ਗਈਆਂ।

ਹਲਕਾ ਇੰਚਾਰਜ ਰਵੀ ਮੋਹਨ, ਯੂਥ ਅਕਾਲੀ ਦਲ ਦੇ ਪ੍ਰਧਾਨ ਜਸਪ੍ਰੀਤ ਸਿੰਘ ਰਾਣਾ, ਯੂਥ ਕੋਰ ਕਮੇਟੀ ਦੇ ਮੈਂਬਰ ਰਵਿੰਦਰ ਸਿੰਘ ਖੇੜਾ ਨੇ ਸਾਂਝੇ ਤੌਰ 'ਤੇ ਸਾਰੀਆਂ ਮੀਟਿੰਗਾਂ 'ਚ ਸ਼ਾਮਲ ਹੋਏ ਅਤੇ ਵੱਖ-ਵੱਖ ਸਰਕਲ ਪ੍ਰਧਾਨਾਂ ਅਤੇ ਯੂਥ ਆਗੂਆਂ, ਪੰਚਾਂ/ ਸਰਪੰਚਾਂ ਦੀਆਂ ਡਿਊਟੀਆਂ ਲਗਾਈਆਂ। ਮੀਟਿੰਗ ਵਿੱਚ ਦਲਜੀਤ ਸਿੰਘ ਮਾਹੀ ਚੱਕ, ਪਰਮਿੰਦਰ ਸਿੰਘ ਸਰਪੰਚ ਤਾਸ਼, ਗੁਰਸ਼ਰਨ ਸਿੰਘ, ਸਰਬਜੀਤ ਸਿੰਘ, ਸਰਕਲ ਪ੍ਰਧਾਨ ਨਰੋਟ ਦਾਰਾ ਸਿੰਘ ਮਜੀਰੀ, ਜਸਵੰਤ ਸਿੰਘ ਰਾਣੀਪੁਰ, ਭੁਪਿੰਦਰ ਸਿੰਘ ਗੋਲਡੀ, ਜਸਬੀਰ ਸਿੰਘ ਅਖਵਾੜਾ, ਕੁਲਦੀਪ ਸਿੰਘ, ਮਹਿਕਪ੍ਰੀਤ ਸਿੰਘ, ਸੁਖਵੰਤ ਸਿੰਘ, ਜਗਤਾਰ ਸਿੰਘ, ਜਥੇਦਾਰ ਕੁਲਦੀਪ ਸਿੰਘ, ਹਰਪਾਲ ਸਿੰਘ, ਹਰਤਾਜ ਸਿੰਘ, ਸਰਪੰਚ ਕਾਬਲ ਸਿੰਘ ਬਰਮਾਲ, ਬਲਜੀਤ ਸਿੰਘ ਮੋਗਾ, ਸਤਿੰਦਰ ਸਿੰਘ, ਮਨਜਿੰਦਰ ਸਿੰਘ ਬਰਮਾਲ, ਕਾਬਲ ਸਿੰਘ, ਗਗਨਦੀਪ ਸਿੰਘ ਕੋਲੀਆਂ ਹਾਜ਼ਰ ਹੋਏ।

# ਟਰੈਕਟਰ ਟਰਾਲੀ ਦੀ ਲਪੇਟ 'ਚ ਆਉਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਕਲਾਨੌਰ ਸੜਕ ਵਿਚਕਾਰ ਪੈਂਦੇ ਪਿੰਡ ਜੌੜਾ ਛੱਤਰਾਂ ਤੋਂ ਹੀਰ ਨੂੰ ਜਾਣ ਵਾਲੀ ਸੰਪਰਕ ਸੜਕ 'ਤੇ ਮੋਟਰਸਾਈਕਲ ਚਾਲਕ ਦੀ ਟਰੈਕਟਰ ਟਰਾਲੀ ਦੀ ਲਪੇਟ ਵਿਚ ਆਉਣ ਨਾਲ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਰਸ਼ਪ੍ਰੀਤ ਸਿੰਘ ਪੁੱਤਰ ਅਰਜੁਨ ਸਿੰਘ ਵਾਸੀ ਹੀਰ ਨੇ ਸਦਰ ਪੁਲਸ ਗੁਰਦਾਸਪੁਰ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਕਿ ਉਹ ਆਪਣੇ ਪਿਤਾ ਅਰਜਨ ਸਿੰਘ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਗੁਰਦਾਸਪੁਰ ਤੋਂ ਆਪਣੇ ਪਿੰਡ ਹੀਰ ਨੂੰ ਜਾ ਰਿਹਾ ਸੀ ਕਿ ਇਕ ਨਾ-ਮਾਲੂਮ ਵਿਅਕਤੀ ਜੋ ਤੇਜ਼ ਰਫ਼ਤਾਰ ਨਾਲ ਟਰੈਕਟਰ ਟਰਾਲੀ ਚਲਾ ਰਿਹਾ ਸੀ, ਨੇ ਸਾਨੂੰ ਆਪਣੀ ਲਪੇਟ ਵਿਚ ਲੈ ਲਿਆ। ਇਸ ਹਾਦਸੇ ਵਿਚ ਮੇਰੇ ਪਿਤਾ ਅਰਜੁਨ ਦੇ ਕਾਫ਼ੀ ਸੱਟਾਂ ਲੱਗੀਆਂ ਅਤੇ ਬਾਅਦ 'ਚ ਮੌਤ ਹੋ ਗਈ ਜਦੋਂਕਿ ਟਰੈਕਟਰ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਥਾਣਾ ਸਦਰ ਗੁਰਦਾਸਪੁਰ ਪੁਲਸ ਨੇ ਅਣਪਛਾਤੇ ਟਰੈਕਟਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਦਰਗਾਹ ਸ਼ਰੀ.ਫ ਬਾਬਾ .ਫੱਕਰ ਸ਼ਾਹ ਦਾ ਸਾਲਾਨਾ ਮੇਲਾ ਕਰਵਾਇਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਥਾਨਕ ਕਸਬੇ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪੈਂਦੇ ਦਰਗਾਹ ਸ਼ਰੀ.ਫ ਬਾਬਾ ਫ਼ੱਕਰ ਸ਼ਾਹ ਵਿਖੇ ਗੱਦੀਨਸ਼ੀਨ ਬਾਬਾ ਮੁਨੱਵਰ ਸ਼ਾਹ ਚਿਸ਼ਤੀ ਦੀ ਅਗਵਾਈ ਹੇਠ ਜਸ਼ਨ ਏ ਵਿਲਾਦਤ ਗੌਰੂ ਹੁਸੈਨੀ ਤੇ ਬਾਬਾ ਫੱਕਰ ਸ਼ਾਹ ਦਾ ਸਾਲਾਨਾ ਮੇਲਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਕਰਵਾਇਆ ਗਿਆ ।ਇਸ ਮੌਕੇ ਸ਼ਨੀਵਾਰ ਸ਼ਾਮ ਨੂੰ ਬਾਬਾ ਮੁਨੱਵਰ ਸ਼ਾਹ ਚਿਸ਼ਤੀ ਅਤੇ ਹਾਜੀ ਨੂਰ ਮੁਹੰਮਦ ਕਾਦੀਰੀ ਸਾਬ ਵੱਲੋਂ ਸੰਗਤਾਂ ਨੂੰ ਨਾਲ ਲੈ ਕੇ ਬਾਬਾ ਫ਼ੱਕਰ ਸ਼ਾਹ ਦੀ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਉਪਰੰਤ ਸ਼ਨੀਵਾਰ ਰਾਤ ਅਤੇ ਐਤਵਾਰ ਰਾਤ ਨੂੰ ਮਹਿਫ਼ਲ-ਏ-ਕੱਵਾਲੀ ਸੂਫੀਆਨਾ ਮਹਿਫਲ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕੱਵਾਲ ਇਸ਼ਰਤ ਗੁਲਾਮ ਅਲੀ ਮਲੇਰਕੋਟਲਾ ਵਾਲਿਆਂ ਦੇ ਕੱਵਾਲ ਗਰੁੱਪ ਨੇ ਪੀਰਾਂ ਫਕੀਰਾਂ ਨੂੰ ਸਜਦਾ ਕਰਦੇ ਹੋਏ ਆਪਣੀ ਮਿੱਠੀ ਆਵਾਜ਼ ਨਾਲ 'ਕੀ ਮੈ! ਦੁਨੀਆ ਨੂੰ ਦੱਸਾਂ ਰੁਤਬਾ ਹਸੈਨ ਦਾ ਕੀ ਕੀ ਨਹੀਂ ਕੀਤਾ ਯਾਰ ਨੇ ਇੱਕ ਯਾਰ ਵਾਸਤੇ, 'ਸੋਹਣਿਆ ਇੱਕੋ ਝਾਤੀ ਮਾਰ ਵੇ ਕੰਮ ਬਣ ਜਾਣ ਮੇਰੇ, 'ਕੋਈ ਨਾ ਕਸੂਰ ਦੱਸਿਆ ਚਲਾ ਗਿਆ ਏਂ ਵਿਛੋੜਾ ਪਾ ਕੇ, 'ਵੇ ਗੌਰੂ ਤੇਰੀ ਖੈਰ ਹੋਵੇ ਕਦੇ ਮਿੱਲ ਕਜਰੀ ਨੂੰ ਆ ਕੇ, 'ਖਵਾਜਾ ਤੇਰਾ ਮੰਗਤਾ ਹੂੰ ਬਾਤ ਕਿਤਨੀ ਪਿਆਰੀ ਹੈ' ਆਦਿ ਕੱਵਾਲੀਆਂ ਸੁਣਾ ਕੇ ਹਾਜ਼ਰੀਨ ਨੂੰ ਪੀਰਾਂ-ਫਕੀਰਾਂ ਦੇ ਰੰਗ ਵਿੱਚ ਰੰਗ ਦਿੱਤਾ ।

ਇਸ ਮੌਕੇ ਰਾਹੁਲ ਕੁਮਾਰ, ਰਾਜ ਕੁਮਾਰ, ਪ੍ਰਿੰਸ ਕੁਮਾਰ, ਬਾਬਾ ਰੋਮੀ, ਰਜਨੀਸ਼ ਸਾਹਿਗਲ, ਰਾਹੁਲ ਕੁਮਾਰ, ਮੋਇਨ ਹਸਨ, ਦੀਪਕ ਸ਼ਰਮਾ, ਰਾਜਾ ਅੱਤਰੀ, ਰਤਨ ਲਾਲ, ਕੁਲਦੀਪ ਕੁਮਾਰ, ਅਮਨ ਸਿੰਘ, ਬੀਰੂ ਰੈਡੀਮੈਡ, ਬੰਟੀ, ਸੱਤਪਾਲ, ਰਾਜਾ ਚੱਕੀ ਵਾਲੇ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।ਇਸ ਮੌਕੇ ਸੰਗਤਾਂ ਲਈ ਲੰਗਰ ਭੰਡਾਰਾ ਵੀ ਲਗਾਇਆ ਗਿਆ ।

# ਬੇਮੌਸਮੀ ਬਰਸਾਤ ਨੇ ਕਿਸਾਨਾਂ ਦੇ ਸਾਹ ਸੂਤੇ

ਵੇਰਕਾ (ਹਰਬਿੰਦਰ ਸਿੰਘ)-ਪਿਛਲੇ ਕੁਝ ਦਿਨਾਂ ਤੋਂ ਰੁਕ-ਰੁਕ ਕੇ ਪੈਂਦੀ ਬੇਮੌਸਮੀ ਬਰਸਾਤ ਕਾਰਨ ਕਿਸਾਨਾਂ ਦੇ ਸਾਹ ਸੂਤੇ ਪਏ ਹਨ ਕਿਉਂਕਿ ਇਨ੍ਹੀਂ ਦਿਨੀਂ ਕਿਸਾਨਾਂ ਵੱਲੋਂ ਪੁੱਤਾਂ ਵਾਂਗ ਪਾਲੀ ਕਣਕ ਦੀ ਫਸਲ ਦੀ ਕਟਾਈ ਨਿਰਵਿਘਨ ਨਾ ਹੋਣ ਕਰਕੇ ਅਤੇ ਕਣਕ ਸਿੱਲ੍ਹੀ/ਖਰਾਬ ਹੋਣ ਦਾ ਡਰ ਉਨ੍ਹਾਂ ਨੂੰ ਨਿਰੰਤਰ ਸਤਾ ਰਿਹਾ ਹੈ।ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਦੱਬੀ ਹੋਈ ਕਿਸਾਨੀ ਡਾਢੀ ਤੰਗ ਤੇ ਪ੍ਰੇਸ਼ਾਨ ਹੈ।ਜਿਹੜੀ ਸਰਕਾਰ ਪਾਸੋਂ ਆਪਣੀਆਂ ਹੱਕੀ ਮੰਗਾਂ ਮੰਨਵਾਉਣ ਲਈ ਰੋਸ ਧਰਨੇ ਅਤੇ ਮੁਜ਼ਾਹਰੇ ਕਰਨ ਲਈ ਬੇਵੱਸ ਹੋਈ ਪਈ ਹੈ।ਉਪਰੋਂ ਹਟ-ਹਟ ਕੇ ਬੇਮੌਸਮਾ ਪੈਂਦਾ ਮੀਂਹ ਉਨ੍ਹਾਂ ਦੀ ਚਿੰਤਾ ਵਿੱਚ ਹੋਰ ਚੋਖਾ ਵਾਧਾ ਕਰ ਰਿਹਾ ਹੈ।

ਮੀਂਹ ਪੈਣ ਕਰਕੇ ਉਨ੍ਹਾਂ ਨੂੰ ਪਸ਼ੂਆਂ ਵਾਸਤੇ ਤੂੜੀ ਤੰਦ ਸਾਂਭਣਾ ਵੀ ਔਖਾ ਹੋਇਆ ਪਿਆ ਹੈ।ਇਸ ਦੌਰਾਨ ਦੂਰ-ਦੁਰਾਡੇ ਤੋਂ ਕੰਬਾਈਨਾਂ ਸਣੇ ਹੋਰ ਮਸ਼ੀਨਰੀ ਲੈ ਕੇ ਕਣਕ ਦੀ ਕਟਾਈ ਕਰਨ, ਤੂੜੀ ਬਣਾਉਣ ਲਈ ਪਹੁੰਚਣ ਵਾਲਿਆਂ ਦਾ ਕਾਰੋਬਾਰ/ਕੰਮਕਾਜ ਵੀ ਪ੍ਰਭਾਵਿਤ ਹੋ ਗਿਆ ਹੈ।

ਨਿੱਤ ਦਿਹਾੜੇ ਮੌਸਮ ਦੇ ਬਦਲਦੇ ਇਸ ਮਿਜ਼ਾਜ ਕਾਰਨ ਕਿਸਾਨਾਂ ਅੰਦਰ ਭਾਰੀ ਸਹਿਮ ਵੇਖਣ ਨੂੰ ਮਿਲਦਾ ਹੈ।ਉਕਤ ਵਰਤਾਰੇ ਨੂੰ ਕੁਝ ਲੋਕ ਤਾਂ ਕੁਦਰਤੀ ਕ੍ਰੋਪੀ ਦੱਸਦੇ ਹਨ ਅਤੇ ਸਭ ਅੱਛਾ ਹੋਵੇ ਮਾਲਕ ਅੱਗੇ ਅਰਦਾਸਾਂ ਵੀ ਕਰਦੇ ਹਨ।

# ਮੱਤੇਨੰਗਲ ਦੇ ਅਨੇਕਾਂ ਪਰਿਵਾਰ 'ਆਪ' ਦੇ ਬੇੜੇ 'ਚ ਸਵਾਰ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਅਜਨਾਲਾ ਤਹਿਸੀਲ ਦੇ ਪਿੰਡ ਮੱਤੇਨੰਗਲ ਵਿਖੇ ਕਾਂਗਰਸ ਤੇ ਅਕਾਲੀ ਦਲ ਨੂੰ ਬਹੁਤ ਵੱਡਾ ਝਟਕਾ ਲੱਗਾ ਜਿਸ ਵਕਤ ਅਨੇਕਾਂ ਪਰਿਵਾਰ ਅਕਾਲੀ ਦਲ ਤੇ ਕਾਂਗਰਸ ਨੂੰ ਛੱਡ ਕੇ ਆਪ ਦੇ ਬੇੜੇ ਵਿੱਚ ਸਵਾਰ ਹੋ ਗਏ।ਕੋਆਰਡੀਨੇਟਰ ਹਰਿੰਦਰਪਾਲ ਸਿੰਘ ਅਤੇ ਬਲਾਕ ਪ੍ਰਧਾਨ ਸੋਨੂੰ ਮੱਲ੍ਹੀ ਦੀ ਪ੍ਰੇਰਨਾ ਹੇਠ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਅੰਦਰ ਵਿਕਾਸ ਕਾਰਜਾਂ ਦੀ ਝੜੀ ਨੂੰ ਦੇਖਦਿਆਂ ਆਪ ਵਿੱਚ ਸ਼ਾਮਿਲ ਹੋਏ।ਇਸ ਮੌਕੇ ਕੈਬਨਿਟ ਮੰਤਰੀ ਤੇ ਅੰਮ੍ਰਿਤਸਰ ਤੋਂ ਲੋਕ ਸਭਾ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਨੇ ਪਾਰਟੀ ਵਿੱਚ ਸ਼ਾਮਿਲ ਹੋਏ ਆਗੂਆਂ ਨੂੰ ਪਾਰਟੀ ਚਿੰਨ੍ਹ ਤੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪੰਚਾਇਤ ਮੈਂਬਰ ਪ੍ਰਗਟ ਸਿੰਘ, ਸੁਖਦੇਵ ਸਿੰਘ, ਨੰਬਰਦਾਰ ਗੁਰਮੇਜ ਸਿੰਘ, ਨੰਬਰਦਾਰ ਪਵਿੱਤਰ ਸਿੰਘ, ਮੈਂਬਰ ਬਲਜੀਤ ਸਿੰਘ, ਹਰਪਾਲ ਸਿੰਘ, ਚਰਨ ਸਿੰਘ, ਵੱਸਣ ਸਿੰਘ, ਹੀਰਾ ਸਿੰਘ, ਕੁਲਬੀਰ ਕੌਰ, ਮਨਜੀਤ ਕੌਰ, ਜਗਬੀਰ ਕੋਰ ਅਤੇ ਵੱਡੀ ਗਿਣਤੀ ਵਿਚ ਔਰਤਾਂ ਤੇ ਆਦਮੀ ਸ਼ਾਮਿਲ ਹੋਏ।

# ਆਪਣਾ ਪਰਖ ਕਾਲ ਆਪ ਹੀ ਕਲੀਅਰ/ਮਨਜ਼ੂਰ ਕਰਨ ਵਾਲੇ ਬੀ ਪੀ ਓ ਵਿਰੁੱਧ ਕਾਰਵਾਈ ਦੀ ਮੰਗ

ਵੇਰਕਾ (ਹਰਬਿੰਦਰ ਸਿੰਘ)-ਸਿੱਖਿਆ ਵਿਭਾਗ (ਐਲੀ:) ਪੰਜਾਬ ਦੇ ਬੀਪੀਓ (ਐਲੀ:) ਵੱਲੋਂ ਆਪਣੇ ਉਚ-ਅਧਿਕਾਰੀਆਂ ਦੇ ਅਧਿਕਾਰਾਂ ਦੀ ਦੁਰਵਰਤੋਂ ਕਰਦੇ ਹੋਏ ਆਪਣਾ ਪਰਖ ਕਾਲ ਆਪ ਹੀ ਕਲੀਅਰ/ ਮਨਜ਼ੂਰ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਉਂਝ ਸਿੱਖਿਆ ਮਹਿਕਮਾ ਆਪਣੇ ਕਈ ਨਿਵੇਕਲੇ ਕਾਰਨਾਮਿਆਂ ਕਰਕੇ ਵੀ ਚਰਚਾ 'ਚ ਬਣਿਆ ਰਹਿੰਦਾ ਹੈ ਪ੍ਰੰਤੂ ਹੁਣ ਬੀਪੀਓ ਬਲਾਕ ਕਾਦੀਆਂ-2,ਜ਼ਿਲਾ ਗੁਰਦਾਸਪੁਰ ਵੱਲੋਂ ਆਪਣਾ ਪਰਖ ਕਾਲ ਖੁਦ ਕਲੀਅਰ ਕਰ ਲਏ ਜਾਣ ਕਰਕੇ ਚਰਚਾ ਦਾ ਵਿਸ਼ਾ ਬਣ ਗਿਆ ਹੈ।ਉਕਤ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ (ਐਲੀ:ਸਿੱ:) ਗੁਰਦਾਸਪੁਰ ਨੇ ਆਪਣੇ ਪੱਤਰ ਨੰ: ਅਮਲਾ - 2022 (ਅ-2) 810 ਮਿਤੀ ਗੁਰਦਾਸਪੁਰ, 30 ਜਨਵਰੀ 2023 ਅਨੁਸਾਰ ਬਲਾਕ ਸਿੱਖਿਆ ਅਧਿਕਾਰੀ ਖਿਲਾਫ ਵਿਭਾਗੀ ਕਾਰਵਾਈ ਕਰਨ ਲਈ ਡਾਇਰੈਕਟਰ ਸਿੱਖਿਆ ਵਿਭਾਗ (ਐਲੀ:ਸਿੱ:) ਐੱਸਏਐੱਸ ਨਗਰ ਮੁਹਾਲੀ ਨੂੰ ਲਿਖਿਆ ਸੀ ਪ੍ਰੰਤੂ ਲਗਭਗ ਡੇਢ ਸਾਲ ਲੰਘਣ ਉਪਰੰਤ ਵੀ ਸਿੱਖਿਆ ਵਿਭਾਗ ਦੇ ਉਚ-ਅਧਿਕਾਰੀਆਂ ਨੇ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਹੈ।ਇਸ ਸਬੰਧੀ ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੀ ਜ਼ਿਲਾ ਇਕਾਈ ਅੰਮ੍ਰਿਤਸਰ ਦੇ ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ ਨੇ ਦੱਸਿਆ ਹੈ ਕਿ ਬੀਪੀਓ (ਸਿੱਧੀ ਭਰਤੀ) ਪੋਹਲਾ ਸਿੰਘ ਬਲਾਕ ਕਾਦੀਆਂ-2, ਜ਼ਿਲਾ ਗੁਰਦਾਸਪੁਰ ਦੀ ਪਹਿਲੀ ਨਿਯੁਕਤੀ 15 ਨਵੰਬਰ 2019 ਨੂੰ ਹੋਈ ਸੀ ਜਿਸ ਦਾ ਪਰਖ ਸਮਾਂ 14 ਨਵੰਬਰ 2022 ਤੱਕ ਬਣਦਾ ਸੀ ਪਰ ਇਸ ਬਲਾਕ ਸਿੱਖਿਆ ਅਧਿਕਾਰੀ ਨੇ ਆਪਣਾ ਪੱਖ ਅਕਾਲ ਆਪ ਹੀ ਕਲੀਅਰ/ਮਨਜ਼ੂਰ ਕਰਕੇ ਆਪਣੀ ਪੂਰੀ ਤਨਖਾਹ ਸਮੇਤ ਭੱਤਿਆਂ ਕਢਵਾ ਲਈ ਜੋ ਵਿਭਾਗੀ/ਵਿੱਤੀ ਹੁਕਮਾਂ ਦੀ ਉਲੰਘਣਾ ਹੈ।ਇਸ ਦੌਰਾਨ ਬੀਪੀਓ ਵਿਰੁੱਧ ਕਾਰਵਾਈ ਕਰਨ ਵਾਸਤੇ ਡੀਈਓ (ਐਲੀ:) ਗੁਰਦਾਸਪੁਰ ਨੇ ਵਿਭਾਗ ਦੇ ਉਚ- ਅਧਿਕਾਰੀਆਂ ਨੂੰ ਵੀ ਲਿਖਿਆ ਸੀ।ਵੇਰਕਾ ਨੇ ਦੱਸਿਆ ਕਿ ਪਹਿਲਾਂ ਤਾਂ ਡਾਇਰੈਕਟਰ ਦਫਤਰ ਐੱਸਏਐੱਸ ਨਗਰ (ਮੁਹਾਲੀ) ਨੇ ਉਪਰੋਕਤ ਮਾਮਲੇ ਦੀ ਫਾਈਲ ਦੱਬ ਲਈ।ਫਿਰ ਉਕਤ ਜਥੇਬੰਦੀ ਵੱਲੋਂ ਸ਼ਿਕਾਇਤ ਕਰਨ ਉਪਰੰਤ ਸਿੱਖਿਆ ਵਿਭਾਗ ਹਰਕਤ ਵਿੱਚ ਤਾਂ ਆਇਆ, ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ।ਹਾਲੇ ਤੱਕ ਉਕਤ ਬੀਪੀਓ ਬਲਾਕ ਕਾਦੀਆਂ-2 ਵਿਰੁੱਧ ਕੋਈ ਕਾਰਵਾਈ ਨਾ ਕਰਨਾ ਸਿੱਧਾ ਭ੍ਰਿਸ਼ਟਾਚਾਰ ਵੱਲ ਸੰਕੇਤ ਕਰਦਾ ਹੈ।ਇਸ ਸੰਬਧੀ ਉਨ੍ਹਾਂ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ ਅਤੇ ਸਿੱਖਿਆ ਵਿਭਾਗ ਦੇ ਉੱਚ-ਅਧਿਕਾਰੀਆਂ ਪਾਸੋਂ ਇਨਸਾਫ ਦੀ ਗੁਹਾਰ ਲਗਾਈ ਹੈ।ਇਸ ਮੌਕੇ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ ਨਾਲ ਸੰਪਰਕ ਕੀਤਾ ਗਿਆ ਪਰ ਰਾਬਤਾ ਕਾਇਮ ਨਹੀਂ ਹੋਇਆ।

# 'ਮਿਰਗਾਵਲੀ' ਦਾ ਸ਼ਾਹਮੁਖੀ ਐਡੀਸ਼ਨ ਰਣਜੋਧ ਸਿੰਘ ਤੇ ਸਾਥੀਆਂ ਵੱਲੋਂ ਲੋਕ ਅਰਪਣ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਤੇ ਉੱਘੇ ਪੰਜਾਬੀ ਕਵੀ ਗੁਰਭਜਨ ਗਿੱਲ ਦੇ ਗ਼ਜ਼ਲ ਸੰਗ੍ਰਹਿ ਮਿਰਗਾਵਲੀ ਦਾ ਸ਼ਾਹਮੁਖੀ ਐਡੀਸ਼ਨ ਰਾਮਗੜ੍ਹੀਆ ਵਿੱਦਿਅਕ ਅਦਾਰਿਆਂ ਦੇ ਮੁਖੀ ਤੇ ਉੱਘੇ ਖੋਜੀ ਲੇਖਕ ਰਣਜੋਧ ਸਿੰਘ, ਗੁਰਪ੍ਰੀਤ ਸਿੰਘ ਤੂਰ ਸਾਬਕਾ ਕਮਿਸ਼ਨਰ ਪੁਲਸ ਤੇ ਪੰਜਾਬੀ ਲੇਖਕ, ਅਨੁਰਾਗ ਸਿੰਘ ਸਿੱਖ ਚਿੰਤਕ ਤੇ ਉੱਘੇ ਫੋਟੋ ਕਲਾਕਾਰ ਤੇ ਲੇਖਕ ਤੇਜਪ੍ਰਤਾਪ ਸਿੰਘ ਸੰਧੂ ਨੇ ਲੋਕ ਅਰਪਣ ਕੀਤਾ।

ਰਾਮਗੜ੍ਹੀਆ ਗਰਲਜ਼ ਕਾਲਜ ਵਿੱਚ ਗੈਰ-ਰਸਮੀ ਮੀਟਿੰਗ ਦੌਰਾਨ ਪੁਸਤਕ ਲੋਕ ਅਰਪਣ ਬਾਰੇ ਲੇਖਕ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਦੱਸਿਆ ਕਿ ਇਹ ਕਿਤਾਬ ਪੰਜਾਬੀ ਵਿੱਚ 2016 ਤੇ 2017 ਵਿੱਚ ਦੋ ਵਾਰ ਛਪ ਚੁੱਕੀ ਹੈ।ਹੁਣ ਇਸ ਨੂੰ ਸ਼ੇਖੂਪੁਰਾ (ਪਾਕਿਸਤਾਨ) ਵੱਸਦੇ ਪੰਜਾਬੀ ਲੇਖਕ ਮੁਹੰਮਦ ਆਸਿਫ਼ ਰਜ਼ਾ ਨੇ ਸ਼ਾਹਮੁਖੀ ਵਿੱਚ ਪਾਕਿਸਤਾਨ ਵੱਸਦੇ ਪਾਠਕਾਂ ਲਈ ਪੇਸ਼ ਕੀਤਾ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਨ੍ਹਾਂ ਦੀਆਂ ਚਾਰ ਕਾਵਿ ਪੁਸਤਕਾਂ ਰਾਵੀ, ਖ਼ੈਰ ਪੰਜਾਂ ਪਾਣੀਆਂ ਦੀ, ਸੁਰਤਾਲ ਤੇ ਗੁਲਨਾਰ ਵੀ ਸ਼ਾਹਮੁਖੀ ਵਿੱਚ ਤਬਦੀਲ ਕਰਕੇ ਛਾਪੀਆਂ ਜਾ ਚੁੱਕੀਆਂ ਹਨ।ਇਨ੍ਹਾਂ ਕਿਤਾਬਾਂ ਦੇ ਆਧਾਰ ਤੇ ਪੰਜਾਬੀ ਖੋਜਕਾਰ ਐੱਮਫਿਲ ਤੇ ਪੀਐੱਚ. ਡੀ. ਪੱਧਰ ਦੀ ਪੜ੍ਹਾਈ ਵਿੱਚ ਇਹ ਕਿਤਾਬਾਂ ਵਰਤਦੇ ਹਨ।ਸ. ਅਨੁਰਾਗ ਸਿੰਘ ਨੇ ਕਿਹਾ ਕਿ ਸ਼ਾਹਮੁਖੀ ਤੋਂ ਗੁਰਮੁਖੀ ਅਤੇ ਗੁਰਮੁਖੀ ਤੋਂ ਸ਼ਾਹਮੁਖੀ ਵਿੱਚ ਕਿਤਾਬਾਂ ਦਾ ਆਦਾਨ-ਪ੍ਰਦਾਨ ਬਹੁਤ ਜ਼ਰੂਰੀ ਹੈ ਕਿਉਂਕਿ ਲਗਭਗ ਦਸ ਕਰੋੜ ਪੰਜਾਬੀ ਪਾਕਿਸਤਾਨ ਵਿੱਚ ਵੱਸਦੇ ਹਨ।ਉਨ੍ਹਾਂ ਦਾ ਸਾਹਿਤ ਵੀ ਇੱਧਰ ਲਿਆਉਣ ਦੀ ਲੋੜ ਹੈ।

# ਬੜੀ ਸ਼ਰਧਾ ਨਾਲ ਮਨਾਇਆ ਨੌਵੇਂ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ



ਬਾਬਾ ਬਕਾਲਾ ਸਾਹਿਬ 29 ਅਪ੍ਰੈਲ (ਜਸਪਾਲ ਸਿੰਘ)-ਗੁ: ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾਪੂਰਵਕ ਮਨਾਇਆ ਗਿਆ। ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਭਾਈ ਦੀਪ ਸਿਮਰਨ ਸਿੰਘ, ਭਾਈ ਬਲਜਿੰਦਰ ਸਿੰਘ ਗਹਿਰੀ ਮੰਡੀ ਅਤੇ ਭਾਈ ਹਰਸਿਮਰਨ ਸਿੰਘ ਦੇ ਜਥੇ ਨੇ ਕੀਰਤਨ, ਹੈੱਡ ਗ੍ਰੰਥੀ ਗਿਆਨੀ ਕੇਵਲ ਸਿੰਘ ਨੇ ਅਰਦਾਸ, ਭਾਈ ਜਸਪਾਲ ਸਿੰਘ ਬਲਸਰਾਏ, ਭਾਈ ਹਰਪ੍ਰੀਤ ਸਿੰਘ ਜੰਡਿਆਲਾ ਗੁਰੂ ਨੇ ਕਥਾ ਅਤੇ ਭਾਈ ਕੰਵਲਜੀਤ ਸਿੰਘ ਗਗੜੇਵਾਲ ਦੇ ਜਥੇ ਨੇ ਕਵੀਸ਼ਰੀ ਰਾਹੀਂ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਾਇਆ। ਇਸ ਮੌਕੇ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ, ਐਡੀਸ਼ਨਲ ਮੈਨੇਜਰ ਭਾਈ ਗੁਰਪ੍ਰੀਤ ਸਿੰਘ, ਮੀਤ ਮੈਨੇਜਰ ਭਾਈ ਜਗਤਾਰ ਸਿੰਘ, ਇੰਚਾਰਜ ਸੁਖਵਿੰਦਰ ਸਿੰਘ ਬੁਤਾਲਾ, ਸਾਬਕਾ ਮੀਤ ਮੈਨੇਜਰ ਭਾਈ ਮੋਹਣ ਸਿੰਘ ਕੰਗ, ਕੁਲਵੰਤ ਸਿੰਘ ਰੰਧਾਵਾ, ਮੈਂਬਰ ਅਜੀਤ ਸਿੰਘ ਅਤੇ ਸੰਗਤਾਂ ਮੌਜੂਦ ਸਨ ।

# ਇੰਪਲਾਈਜ਼ ਵੈੱਲ.ਫੇਅਰ ਐਸੋਸੀਏਸ਼ਨ ਵੱਲੋਂ ਡਾ. ਵਿਜੈ ਕੁਮਾਰ ਦਾ ਮਾਣ-ਸਨਮਾਨ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸਿਵਲ ਸਰਜਨ ਡਾ. ਵਿਜੇ ਕੁਮਾਰ ਅੱਜ 30 ਅਪਰੈਲ (ਮੰਗਲਵਾਰ) ਨੂੰ ਸਰਕਾਰੀ ਸੇਵਾਵਾਂ ਤੋਂ ਭਾਰਮੁਕਤ ਹੋ ਰਹੇ ਹਨ। ਆਪਣੇ ਨਿੱਘੇ ਸੁਭਾਅ ਅਤੇ ਇਮਾਨਦਾਰੀ ਕਰਕੇ ਜਾਣੇ ਜਾਂਦੇ ਡਾ. ਵਿਜੇ ਕੁਮਾਰ, ਸਿਵਲ ਸਰਜਨ ਅੰਮ੍ਰਿਤਸਰ ਨੂੰ ਰਿਟਾਇਰਮੈਂਟ ਮੌਕੇ ਇੰਪਲਾਈਜ਼ ਵੈੱਲਫ਼ੇਅਰ ਐਸੋਸੀਏਸ਼ਨ ਪੰਜਾਬ ਵੱਲੋਂ ਉਨ੍ਹਾਂ ਨੂੰ ਚੰਗੀਆਂ, ਵਧੀਆ ਸੇਵਾਵਾਂ ਦੇਣ ਲਈ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ ਹਿੱਤ ਉਚੇਚੇ ਤੌਰ 'ਤੇ ਸਨਮਾਨਿਤ ਕਰਨ ਹਿੱਤ ਵਿਦਾਇਗੀ ਪਾਰਟੀ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਕੀਤੀ ਗਈ। ਇੰਪਲਾਈਜ਼ ਵੈੱਲਫ਼ੇਅਰ ਐਸੋਸੀਏਸ਼ਨ ਦੇ ਚੇਅਰਮੈਨ ਡਾ. ਰਾਕੇਸ਼ ਸ਼ਰਮਾ, ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ ਡਾ. ਮਦਨ ਮੋਹਨ, ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ਼ ਡਾ. ਸਵਰਨਜੀਤ ਧਵਨ, ਅਚਾਰੀਆ ਗੁਰੂ ਮੀਤ ਰਾਜਪ੍ਰੋਹਿਤ ਸਟੇਟ ਪ੍ਰਧਾਨ-ਕਮ-ਸੁਪਰਿੰਟੈਂਡੰਟ ਆਫ਼ ਸਿਵਲ ਹਸਪਤਾਲ, ਡਾ. ਸੰਜੀਵ ਆਨੰਦ ਜਨਰਲ ਸੈਕਟਰੀ, ਫੂਡ ਕਮਿਸ਼ਨਰ ਰਜਿੰਦਰ ਪਾਲ ਸਿੰਘ, ਕਮਲਜੀਤ ਕੌਰ ਸੀਨੀਅਰ ਵਾਈਸ ਪ੍ਰਧਾਨ, ਜਸਬੀਰ ਕੌਰ (ਸ) ਸੀਨੀਅਰ ਵਾਈਸ ਪ੍ਰਧਾਨ ਅਤੇ ਰਘੂ ਤਲਵਾਰ ਜ਼ਿਲ੍ਹਾ ਪ੍ਰਧਾਨ, ਰਾਜੇਸ਼ ਸ਼ਰਮਾ ਸੀਨੀਅਰ ਵਾਈਸ ਪ੍ਰਧਾਨ, ਉਚੇਚੇ ਤੌਰ 'ਤੇ ਮੌਜੂਦ ਰਹਿੰਦਿਆਂ ਡਾ. ਵਿਜੇ ਕੁਮਾਰ ਅਤੇ ਗੁਰਦੀਸ਼ ਕੌਰ ਸੀਨੀਅਰ ਸਹਾਇਕ ਨੂੰ ਸੇਵਾ ਮੁਕਤੀ ਮੌਕੇ ਸਨਮਾਨਿਤ ਕੀਤਾ ।

# ਗੁ. ਬਾਬਾ ਸ਼੍ਰੀ ਚੰਦ ਚੈਰੀਟੇਬਲ ਟਰੱਸਟ ਵੱਲੋਂ ਸਰਕਾਰੀ ਸਕੂਲ ਨੂੰ ਵਾਟਰ ਕੂਲਰ ਭੇਟ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੀ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਜਿੱਥੇ ਪੰਜਾਬ ਸਰਕਾਰ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਸਰਕਾਰੀ ਸਕੂਲਾਂ ਨੂੰ ਵੱਖ-ਵੱਖ ਤਰਾਂ ਦੀਆਂ ਸਹੂਲਤਾਂ ਮੁਹੱਇਆ ਕਰਵਾਈਆਂ ਜਾ ਰਹੀਆਂ ਹਨ, ਉਥੇ ਸਥਾਨਕ ਕਸਬੇ ਦੇ ਦਸ ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ਼੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਵੱਲੋਂ ਵੀ ਇਸ ਵਿੱਚ ਆਪਣਾ ਯੋਗਦਾਨ ਪਾਉਂਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੇ ਸਰਕਾਰੀ ਸਕੂਲਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ।ਇਸ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਅੱਜ ਉੱਘੇ ਸਮਾਜ ਸੇਵਕ ਤੇ ਗੁਰਦੁਆਰਾ ਬਾਬਾ ਸ਼੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਵੱਲੋਂ ਬਲਾਕ ਡੇਰਾ ਬਾਬਾ ਨਾਨਕ -1 ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ ਹਵੇਲੀ ਕਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਠੰਡਾ ਪਾਣੀ ਦਾ 80 ਲੀਟਰ ਕਪੈਸਟੀ ਵਾਲਾ ਵਾਟਰ ਕੂਲਰ ਭੇਟ ਕੀਤਾ ।ਇਸ ਮੌਕੇ ਪੱਤਰਕਾਰਾ ਨੂੰ ਜਾਣਕਾਰੀ ਦਿੰਦਿਆਂ ਬਾਬਾ ਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਹਵੇਲੀ ਕਲਾਂ ਸਕੂਲ ਦੇ ਅਧਿਆਪਕਾਂ ਅਤੇ ਸਾਬਕਾ ਪਿੰਡ ਦੀ ਸਰਪੰਚਣੀ ਦੇ ਪਤੀ ਅਮਰੀਕ ਸਿੰਘ ਨੇ ਸਾਡੇ ਕੋਲੋਂ ਸਕੂਲ ਦੇ ਬੱਚਿਆਂ ਲਈ ਵਾਟਰ ਕੂਲਰ ਦੀ ਮੰਗ ਕੀਤੀ ਸੀ, ਸੋ ਮੈਂ ਅੱਜ ਬਹੁਤ ਖੁਸ਼ੀ ਮਹਿਸੂਸ ਕਰ ਰਿਹਾ ਕਿ ਮੈਨੂੰ ਇਸ ਸਕੂਲ ਦੀ ਵੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ।ਇਸ ਮੌਕੇ ਬੀਪੀਈਓ ਭਾਰਤ ਭੂਸ਼ਨ ਤੇ ਸਕੂਲ ਸਟਾਫ਼ ਨੇ ਬਾਬਾ ਰਜਿੰਦਰ ਸਿੰਘ ਬੇਦੀ ਤੇ ਟਰੱਸਟ ਦਾ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਬਰਜਿੰਦਰ ਸਿੰਘ, ਸੁੱਚਾ ਸਿੰਘ ਸੈਕਟਰੀ, ਨਿਰਮਲ ਸਿੰਘ ਹਰੂਵਾਲ, ਮੈਡਮ ਮੋਨਾ, ਹੈੱਡ ਗ੍ਰੰਥੀ ਬਾਬਾ ਭੁਪਿੰਦਰ ਸਿੰਘ, ਅਮਰੀਕ ਸਿੰਘ ਹਵੇਲੀ ਕਲਾਂ, ਬਾਲ ਕਿਸ਼ਨ, ਏਐੱਸਆਈ ਜਗਜੀਤ ਸਿੰਘ, ਬਲਜਿੰਦਰ ਸਿੰਘ, ਮਨਮੋਹਨ ਸਿੰਘ ਸਾਬੀ ਆਦਿ ਹਾਜ਼ਰ ਸਨ ।

# ਸ਼ੇਲਿੰਦਰਜੀਤ ਸਿੰਘ ਰਾਜਨ ਦਾ ਸਨਮਾਨ ਭਲਕੇ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਜਸਪਾਲ ਸਿੰਘ ਹੰਜਰਾਅ ਸਾਹਿਤਕ ਮੰਚ ਫਤਿਹਗੜ੍ਹ ਚੂੜੀਆਂ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ 1 ਮਈ ਦਿਨ ਬੁੱਧਵਾਰ ਨੂੰ ਸੰਤ ਬਾਬਾ ਜਗਤ ਸਿੰਘ ਸੀ: ਸੈ: ਸਕੂਲ ਹਰਸ਼ਾ ਛੀਨਾ, ਅੰਮ੍ਰਿਤਸਰ ਵਿਖੇ ਕਰਵਾਇਆ ਜਾ ਰਿਹਾ ਹੈ। ਸਮਾਗਮ ਦੇ ਪ੍ਰਬੰਧਕਾਂ ਡਾ: ਸੁਖਵਿੰਦਰ ਸਿੰਘ, ਹਰਪਾਲ ਸਿੰਘ ਨਾਗਰਾ ਅਤੇ ਰਾਜਪਾਲ ਸਿੰਘ ਬਾਠ ਦੀ ਸੂਚਨਾ ਅਨੁਸਾਰ ਇਸ ਮੌਕੇ ਉੱਘੇ ਲੇਖਕ, ਪੱਤਰਕਾਰ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ: ਸ਼ੇਲਿੰਦਰਜੀਤ ਸਿੰਘ 'ਰਾਜਨ' ਨੂੰ ਸ: ਗੁਰਦਿਆਲ ਸਿੰਘ ਫੁੱਲ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸ: ਗੁਰਮੀਤ ਸਿੰਘ ਬਾਜਵਾ ਨੂੰ ਸ: ਜਸਵੰਤ ਸਿੰਘ ਰਾਹੀ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਦੌਰਾਨ ਹੀ ਪ੍ਰਵਾਸੀ ਸ਼ਾਇਰ ਰੁਪਿੰਦਰ ਕੌਰ ਨਾਗਰਾ ਦੀ ਕਾਵਿ ਪੁਸਤਲ 'ਚੇਤਨਾ ਦੀ ਲੋਅ' ਅਤੇ ਲਵਲੀਨ ਕੌਰ ਛੀਨਾ ਦੀ ਸੰਪਾਦਿਤ ਪੁਸਤਕ 'ਸ਼ਗਨਾਂ ਦੇ ਗੀਤ' ਵੀ ਲੋਕ ਅਰਪਿਤ ਕੀਤੀ ਜਾਵੇਗੀ।

# ਬਲਵਿੰਦਰ ਸਿੰਘ ਝਿੰਜੜੀ ਦਾ ਜ਼ਿਲ੍ਹਾ ਵਾਇਸ ਪ੍ਰਧਾਨ ਬਣਨ 'ਤੇ ਸਨਮਾਨ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਆਮ ਆਦਮੀ ਪਾਰਟੀ ਆਪਣੇ ਵਰਕਰਾਂ ਦਾ ਪੂਰਾ ਮਾਨ ਸਨਮਾਨ ਕਰਦੀ ਹੈ ਅਤੇ ਕਰਦੀ ਰਹੇਗੀ।ਇਸ ਗੱਲ ਦਾ ਪ੍ਰਗਟਾਵਾ ਪਾਰਟੀ ਦੇ ਸੀਨੀਅਰ ਆਗੂ ਅਤੇ ਮਾਰਕਿਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦੇ ਚੇਅਰਮੈਨ ਕਮਿਕਰ ਸਿੰਘ ਡਾਢੀ ਨੇ ਕੀਤਾ।ਪਾਰਟੀ ਦੇ ਆਗੂ ਬਲਵਿੰਦਰ ਸਿੰਘ ਝਿੰਜੜੀ ਨੂੰ ਐਸ ਸੀ ਵਿੰਗ ਦਾ ਵਾਈਸ ਪ੍ਰਧਾਨ ਬਣਨ ਤੇ ਸਨਮਾਨਿਤ ਕਰਨ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਕਮਿਕਰ ਸਿੰਘ ਡਾਢੀ ਨੇ ਕਿਹਾ ਕਿ ਸਾਡੀ ਪਾਰਟੀ ਦੇ ਆਗੂ ਖੁਦ ਵਰਗੀਆਂ ਵਿਚਾਰ ਤੋਂ ਲੈ ਕੇ ਸਾਰੇ ਕੰਮ ਖੁਦ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ।ਪਾਰਟੀ ਦੇ ਵਰਕਰਾਂ ਅਤੇ ਆਗੂਆਂ ਨੇ ਆਪਣੇ ਖੂਨ ਪਸੀਨੇ ਦੇ ਨਾਲ ਇਸ ਪਾਰਟੀ ਨੂੰ ਸਿੰਜਿਆ ਹੈ ਅਤੇ ਹੁਣ ਮੌਕਾ ਆਉਣ 'ਤੇ ਪਾਰਟੀ ਦੇ ਵਰਕਰਾਂ ਦਾ ਮਾਣ ਸਨਮਾਨ ਕਰਨਾ ਸਾਡੀ ਵੱਡੀ ਜਿੰਮੇਵਾਰੀ ਬਣ ਜਾਂਦੀ ਹੈ।ਇਸ ਜਿੰਮੇਵਾਰੀ ਨੂੰ ਨਿਭਾਉਂਦਿਆਂ ਬਲਵਿੰਦਰ ਸਿੰਘ ਝਿੰਜੜੀ ਦਾ ਸਨਮਾਨ ਕੀਤਾ ਜਾ ਰਿਹਾ ਹੈ।ਉਹਨਾਂ ਕੈਬਿਨਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕਰਦਿਆਂ ਕਿਹਾ ਇਸ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ ਤੇ ਇਸ ਨਿਯੁਕਤੀ ਦਾ ਪਾਰਟੀ ਦੇ ਵਰਕਰਾਂ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਹਣ ਸਿੰਘ ਨਿੱਕੂਵਾਲ, ਜਿੰਮੀ ਡਾਢੀ, ਸੱਤੂ ਬੈਂਸ, ਹਰਜਿੰਦਰ ਮੌੜਾ, ਬਲਜਿੰਦਰ ਮੌੜਾ, ਗੁਰਪਰੀਤ ਅਰੋੜਾ, ਸੰਤੋਖ ਰਾਣਾ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਝਿੰਜੜੀ ਦੇ ਨਗਰ ਨਿਵਾਸੀ ਹਾਜ਼ਰ ਸਨ।

# 'ਆਪ' ਦੇ ਕੰਮਾਂ ਨੂੰ ਮੁੱਖ ਰੱਖਦੇ ਹੋਏ ਲੋਕ ਸਭਾ ਚੋਣਾਂ ਵਿੱਚ 13-0 ਨਾਲ ਜਿੱਤ ਹੋਵੇਗੀ ਦਰਜ : ਸਤਨਾਮ, ਰਾਣਾ




**ਕਾਲਾ ਸੰਘਿਆਂ (ਮਨਜੀਤ ਮਾਨ)** ਆਮ ਆਦਮੀ ਪਾਰਟੀ ਵਲੋਂ ਬਲਾਕ ਪ੍ਰਧਾਨ ਦਲਵੀਰ ਸਿੰਘ ਰਾਣਾ ਦੀ ਅਗਵਾਈ ਵਿੱਚ ਪਿੰਡ ਧਾਲੀਵਾਲ ਅਤੇ ਖਾਨੋਵਾਲ ਵਿੱਚ ਮੀਟਿੰਗਾਂ ਕੀਤੀਆਂ ਗਈਆਂ ਇਹ ਮੀਟਿੰਗਾਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਪਿੰਡਾਂ ਵਿੱਚ ਪਾਰਟੀ ਦੇ ਕੀਤੇ ਕੰਮਾਂ ਵਾਰੇ ਲੋਕਾਂ ਨੂੰ ਦੱਸਿਆ ਗਿਆ ਅਤੇ ਕੰਮ ਦੇ ਅਧਾਰ 'ਤੇ ਹੀ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੂੰ ਵੋਟ ਪਾਉਣ ਲਈ ਕਿਹਾ ਗਿਆ ਤਾਂ ਜੋ ਪੰਜਾਬ ਦੇ ਹੱਕਾਂ ਦੀ ਅਵਾਜ ਸੈਂਟਰ ਦੀ ਲੋਕ ਸਭਾ ਪਾਰਲੀਮੈਂਟ ਵਿੱਚ ਰੱਖੀ ਜਾ ਸਕੇ ਅਤੇ ਪਿੰਡ ਵਾਸੀਆਂ ਨੂੰ ਮੋਦੀ ਦੇ ਹਿਟਲਰਸ਼ਾਹੀ ਫੈਸਲਿਆਂ ਬਾਰੇ ਵੀ ਦੱਸਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨੇ ਪਿੰਡ ਵਾਸੀਆਂ ਨੂੰ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਕੰਮਾਂ ਵਾਰੇ ਵੀ ਚਾਨਣਾ ਪਾਇਆ ਜਿਸ ਵਿੱਚ ਸਭ ਤੋਂ ਜਿਆਦਾ 90% ਘਰਾਂ ਦਾ ਬਿਜਲੀ ਬਿੱਲ ਜੀਰੋ ਦੇ ਫੈਸਲੇ ਦੀ ਸਾਰੇ ਪੰਜਾਬ ਵਿੱਚ ਤਾਰੀਫ ਹੋ ਰਹੀ ਹੈ ਇਸ ਮੀਟਿੰਗ ਵਿਚ ਜ਼ਿਲ੍ਹਾ ਪ੍ਰਧਾਨ ਮੈਡਮ ਲਲਿਤ ਸਕਲਾਨੀ ਸਪੋਰਟਸ ਵਿੰਗ ਪੰਜਾਬ ਦੇ ਜੁਆਇੰਟ ਸਕੱਤਰ ਸੁਖਵਿੰਦਰ ਸਿੰਘ ਨੱਕੀ ਬਲਾਕ ਪ੍ਰਧਾਨ ਸਤਨਾਮ ਸਿੰਘ ਸੇਘਾ,ਗੁਰਮੇਲ ਸਿੰਘ,ਮਨਜੀਤ ਸਿੰਘ ਫਗਵਾੜਾ ਕਿਸਾਨ ਵਿੰਗ ਦੇ ਦਵਿੰਦਰ ਸਿੰਘ ਚਾਹਲ, ਟ੍ਰੇਡ ਵਿੰਗ ਜਿਲ੍ਹਾ ਸਕੱਤਰ ਮਨਿੰਦਰ ਸਿੰਘ ਯੂਥ ਵਿੰਗ ਕਰਨ ਦੀਕਸ਼ਿਤ, ਪਿੰਡ ਸਕੱਤਰ ਬਹਾਦਰ ਸਿੰਘ ਸਿੱਧਵਾਂ, ਸਰਪੰਚ ਜਸਵਿੰਦਰ ਸਿੰਘ, ਜੋਗਿੰਦਰ ਸਿੰਘ ਆਦਿ ਮੈਂਬਰਾਂ ਨੇ ਵੀ ਸੰਬੋਧਨ ਕੀਤਾ।

# ਸਹੁੰਗੜਾ ਵੈੱਲਫੇਅਰ ਸੁਸਾਇਟੀ ਵੱਲੋਂ ਕਰੀਅਰ ਗਾਈਡੈਂਸ ਸੰਬੰਧੀ ਪ੍ਰੋਗਰਾਮ




**ਮਹਿਲਪੁਰ (ਸਤਰੀ)** - ਪਿੰਡ ਸਹੁੰਗੜਾ ਵਿਖੇ ਸਮਾਜਕ ਭਲਾਈ ਲਈ ਸਰਗਰਮ ਸਹੁੰਗੜਾ ਵੈਲਫੇਅਰ ਸੁਸਾਇਟੀ ਵੱਲੋਂ ਭਾਰਤ ਰਤਨ ਡਾਕਟਰ ਭੀਮ ਰਾਉ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਇੱਕ ਨਿਵੇਕਲੀ ਕਿਸਮ ਦਾ ਪ੍ਰਭਾਵਸ਼ਾਲੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਸੋਸਾਇਟੀ ਵੱਲੋਂ ਦਸਵੀਂ, ਗਿਆਰ੍ਹਵੀਂ, ਬਾਰ੍ਹਵੀਂ ਤੇ ਇਸ ਤੋਂ ਉਪਰਲੀਆਂ ਜਮਾਤਾਂ ਦੇ ਵਿਦਿਆਰਥੀਆਂ ਲਈ ਕੋਰਸ ਅਤੇ ਕਰੀਅਰ ਚੁਣਨ ਵਿੱਚ ਮਦਦ ਕਰਨ ਲਈ ਗਾਈਡੈਂਸ ਦਿੱਤੀ ਗਈ। ਇਸ ਮੌਕੇ ਮੁੱਖ ਬੁਲਾਰੇ ਸਤਨਾਮ ਸਿੰਘ ਸੁੰਨੀ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਵਿਦਿਆਰਥੀਆਂ ਨੂੰ ਕਿੱਤਾਮੁਖੀ ਕੋਰਸਾਂ ਅਤੇ ਇਨ੍ਹਾਂ ਦੇ ਵੱਖ ਵੱਖ ਖੇਤਰਾਂ ਵਿੱਚ ਨੌਕਰੀ ਅਤੇ ਸੇਵਾ ਦੇ ਮੌਕਿਆਂ ਸਬੰਧੀ ਚਾਨਣਾ ਪਾਇਆ ਗਿਆ। ਉਨ੍ਹਾਂ ਕਿਹਾ ਕਿ ਸਿੱਖਿਆ ਅਜਿਹਾ ਬਲਸ਼ਾਲੀ ਹਥਿਆਰ ਹੈ ਜਿਸ ਨਾਲ ਅਸੀਂ ਮੁਸ਼ਕਲ ਤੋਂ ਮੁਸ਼ਕਲ ਮੰਜ਼ਲ ਪ੍ਰਾਪਤ ਕਰ ਸਕਦੇ ਹਾਂ। ਉਨ੍ਹਾਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਜੀਵਨ ਦੇ ਹਵਾਲਿਆਂ ਨਾਲ ਦੱਸਿਆ ਕਿ ਕਿਵੇਂ ਇੱਕ ਹਾਸ਼ੀਏ 'ਤੇ ਧੱਕੇ ਗਏ ਸਮਾਜ ਵਿੱਚੋਂ ਉੱਠ ਕੇ ਉਨ੍ਹਾਂ ਨੇ ਸਿੱਖਿਆ ਦੀ ਬਦੌਲਤ ਕਰੋੜਾਂ ਲੋਕਾਂ ਦੀ ਜ਼ਿੰਦਗੀ ਰੁਸ਼ਨਾ ਦਿੱਤੀ। ਇਸ ਮੌਕੇ ਬੱਚਿਆਂ ਵੱਲੋਂ ਵੀ ਭਵਿੱਖ ਦੇ ਲਈ ਲਕਸ਼ ਬਣਾਏ ਗਏ।

# ਗੁਰੂ ਤੇਗ ਬਹਾਦਰ ਸ੍ਰੀ ਦੇ 403ਵੇਂ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਏ



**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ) :** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਦਾ 403ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।

ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਦੇਵ ਸਿੰਘ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਦਾ ਜੀਵਨ ਬ੍ਰਿਤਾਂਤ ਅਤੇ ਉਨ੍ਹਾਂ ਵੱਲੋਂ ਮਜਲੂਮਾਂ ਦੀ ਰਾਖੀ ਲਈ ਦਿੱਤੀ ਅਦੁੱਤੀ ਅਤੇ ਲਾਸਾਨੀ ਸ਼ਹਾਦਰ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂ ਕਰਵਾਇਆ।ਭਾਈ ਲਖਵਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਲੁਧਿਆਣੇ ਵਾਲਿਆਂ ਨੇ ਗੁਰੂ ਸਾਹਿਬ ਵੱਲੋਂ ਉਚਾਰਨ ਧੁਰ ਕੀ ਬਾਣੀ ਦੇ 15 ਰਾਗਾਂ ਵਿੱਚ 59 ਸ਼ਬਦ ਅਤੇ 57 ਸ਼ਲੋਕ ਜੋ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਸ਼ੁਭਾਇਮਾਨ ਹਨ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ।

# ਟੀਨੂੰ ਨੂੰ ਜਿਤਾ ਕੇ ਪਾਰਲੀਮੈਂਟ 'ਚ ਭੇਜਿਆ ਜਾਵੇਗਾ : ਮਹਿੰਦਰ ਭਗਤ



**ਕਾਲਾ ਸੰਘਿਆਂ (ਮਨਜੀਤ ਮਾਨ)** ਲੋਕ ਸਭਾ ਹਲਕਾ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਦੇ ਹੱਕ ਵਿੱਚ ਜਲੰਧਰ ਦੀ ਗੀਤਾ ਕਾਲੋਨੀ ਵਿੱਚ ਬੈਸਟ ਇਲਾਕੇ ਦੇ ਐਕਸ ਸਰਵਿਸਮੈਨ ਕੋਆਰਡੀਨੇਟਰ ਅਵਤਾਰ ਸਿੰਘ ਸਾਬਕਾ ਜੇ ਈ ਪੰਜਾਬ ਰਾਜ ਪਾਵਰ ਕਾਮ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਦੇ ਹੱਕ ਵਿੱਚ ਭਾਰੀ ਇਕੱਠ ਕੀਤਾ ਗਿਆ। ਇਸ ਮੌਕੇ ਮਹਿੰਦਰ ਭਗਤ ਇੰਚਾਰਜ ਬੈਸਟ, ਰੋਬਿਨ ਸਾਪਲਾ, ਗੁਰਮੀਤ ਸਿੰਘ, ਸਤਵਿੰਦਰ ਸਿੰਘ, ਪ੍ਰਭਦਿਆਲ ਲੱਲੀਆਂ, ਚਰਨਜੀਤ ਸਿੰਘ ਚੰਨੀ ਤੇ ਅਵਤਾਰ ਸਿੰਘ ਐਕਸ ਸਰਵਿਸਮੈਨ ਕੋਆਰਡੀਨੇਟਰ ਨੇ ਕਿਹਾ ਕਿ ਲੋਕ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ ਬੈਸਟ ਇਲਾਕੇ ਵਿੱਚੋਂ ਭਾਰੀ ਲੀਡ ਤੇ ਭਾਰੀ ਬਹੁਮਤ ਨਾਲ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਿਆ ਜਾਵੇਗਾ। ਉਕਤ ਆਗੂਆਂ ਨੇ ਕਿਹਾ ਕਿ ਪਵਨ ਕੁਮਾਰ ਟੀਨੂੰ ਨੂੰ ਭਾਰੀ ਲੀਡ ਨਾਲ ਜਿਤਾਉਣ ਲਈ ਉਹ ਦਿਨ ਰਾਤ ਇਕ ਕਰਨਗੇ। ਉਨ੍ਹਾਂ ਕਿਹਾ ਪਵਨ ਕੁਮਾਰ ਟੀਨੂੰ ਆਪਣੇ ਵਿਰੋਧੀਆਂ ਨੂੰ ਪਛਾੜ ਕੇ ਰੱਖ ਦੇਣਗੇ ਇਸ। ਮੌਕੇ ਜਥੇਦਾਰ ਹਰਭਜਨ ਸਿੰਘ ਨਿੱਝਰ, ਰਾਮ ਲੁਭਾਇਆ, ਬਲਵਿੰਦਰ ਕੁਮਾਰ, ਸੁਰਿੰਦਰ ਸਿੰਘ, ਹਰਦੇਵ ਬਿੱਟੂ, ਸਤਨਾਮ, ਅਵਤਾਰ ਸਿੰਘ,ਕੇ ਐਨ ਭੱਟੀ, ਗੁਰਦੀਪ ਸੰਧੂ, ਕੁਲਵੰਤ ਸਿੰਘ, ਸੁਰਿੰਦਰ ਦਕੋਹਾ, ਦਵਿੰਦਰ ਪਾਲ ਸਿੰਘ ਜ਼ਿਲ੍ਹਾ ਸਕੱਤਰ ਤੋਂ ਇਲਾਵਾ ਹੋਰ ਆਗੂ ਵੀ ਇਸ ਮੌਕੇ ਤੇ ਹਾਜ਼ਰ ਸਨ।

# ਸਟੇਟ ਹਾਕੀ ਚੈਂਪੀਅਨਸ਼ਿਪ : ਸੀਨੀਅਰ ਲੜਕੀਆਂ ਦੀ ਟੀਮ ਬਣੀ ਜੇਤੂ




**ਜਲੰਧਰ ( ਇਕਬਾਲ ਸਿੰਘ ਉਭੀ, ਸ਼ੈਲੀ ਐਲਬਰਟ)** ਬਠਿੰਡਾ ਦੀ ਟੀਮ ਨੇ ਅੰਮ੍ਰਿਤਸਰ ਨੂੰ 2-1 ਨਾਲ ਹਰਾ ਕੇ ਪੰਜਾਬ ਸਟੇਟ ਹਾਕੀ ਚੈਂਪੀਅਨਸ਼ਿਪ ਦੇ ਲੜਕੀਆਂ ਦੇ ਸੀਨੀਅਰ ਵਰਗ ਦਾ ਖਿਤਾਬ ਜਿੱਤ ਲਿਆ।ਸਥਾਨਕ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਅੰਤਰਰਾਸ਼ਟਰੀ ਖਿਡਾਰਣਾਂ ਅਮਨਦੀਪ ਕੌਰ (ਏਸ਼ੀਆਈ ਖੇਡਾਂ ਦੀ ਮੈਡਲ ਜੇਤੂ) ਅਤੇ ਯੋਗਿਤਾ ਬਾਲੀ (ਗੋਲਕੀਪਿੰਗ ਕੋਚ ਹਾਕੀ ਇੰਡੀਆ) ਨੇ ਕੀਤੀ।ਜਦਕਿ ਪਟਿਆਲਾ ਨੇ ਜਲੰਧਰ ਨੂੰ 3-0 ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। ਜੇਤੂ ਟੀਮਾਂ ਨੂੰ ਜੇਤੂ ਟਰਾਫੀਆਂ, ਮੈਡਲ ਅਤੇ ਮੈਰਿਟ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ।ਫਾਇਨਲ ਮੈਚ ਵਿੱਚ ਬਠਿੰਡਾ ਦੀਆਂ ਸੁਖਮੰਦਰ ਕੌਰ ਅਤੇ ਮਿਤਾਲੀ ਨੇ ਗੋਲ ਕੀਤੇ ਜਦਕਿ ਅੰਮ੍ਰਿਤਸਰ ਵਲੋਂ ਇਕੋ ਇਕ ਗੋਲ ਜੈਸਮੀਨ ਕੌਰ ਨੇ ਕੀਤਾ।ਤੀਜੇ ਸਥਾਨ ਲਈ ਖੇਡੇ ਗਏ ਮੈਚ ਵਿੱਚ ਪਟਿਆਲਾ ਵਲੋਂ ਦੀਪਾਲੀ, ਵਿਸ਼ਾਲੀ ਸ਼ਰਮਾ ਅਤੇ ਆਰਤੀ ਨੇ ਇਕ ਇਕ ਗੋਲ ਕੀਤਾ।ਸੀਨੀਅਰ ਲੜਕਿਆਂ ਦੇ ਵਰਗ ਵਿੱਚ ਐਸਬੀਐਸ ਨਗਰ ਨੇ ਅੰਮ੍ਰਿਤਸਰ ਨੂੰ 3-2 ਦੇ ਫਰਕ ਨਾਲ ਹਰਾ ਕੇ ਅਤੇ ਜਲੰਧਰ ਨੇ ਸੰਗਰੂਰ ਨੂੰ 2-1 ਦੇ ਫਰਕ ਨਾਲ ਹਰਾ ਕੇ ਫਾਇਨਲ ਵਿੱਚ ਪ੍ਰਵੇਸ਼ ਕੀਤਾ।

## ਬੀ ਕੇ ਯੂ ਤੋਤੇਵਾਲ ਦੇ ਪਾਲ ਸਿੰਘ ਲੋਹਗੜ੍ਹ ਮਹਿਤਪੁਰ ਸਬ ਤਹਿਸੀਲ ਦੇ ਪ੍ਰਧਾਨ ਨਿਯੁਕਤ



**ਮਹਿਤਪੁਰ (ਰਾਜਾ)** ਬੀਤੇ ਦਿਨੀ ਭਾਰਤੀ ਕਿਸਾਨ ਯੂਨੀਅਨ ਪੰਜਾਬ ਤੋਤੇਵਾਲ ਦੀ ਅਹਿਮ ਮੀਟਿੰਗ ਮਹਿਤਪੁਰ ਵਿਖੇ ਜਿਲ੍ਹਾ ਪ੍ਰਧਾਨ ਕੇਵਲ ਸਿੰਘ ਖਹਿਰਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਅਤੇ ਸਾਥੀਆਂ ਨੇ ਪਾਲ ਸਿੰਘ ਲੋਹਗੜ੍ਹ ਨੂੰ ਮਹਿਤਪੁਰ ਸਬ ਤਹਿਸੀਲ ਦਾ ਪ੍ਰਧਾਨ ਨਿਯੁਕਤ ਕੀਤਾ। ਇਸ ਮੌਕੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਨੇ ਬੋਲਦਿਆਂ ਕਿਹਾ ਕੇ ਜਥੇਬੰਦੀ ਵਿੱਚ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਆਗੂਆਂ ਨੂੰ ਜਥੇਬੰਦੀ ਇਸੇ ਤਰ੍ਹਾਂ ਹੀ ਮਾਨ ਸਨਮਾਨ ਦਿੰਦੀ ਰਹੇਗੀ। ਇਸ ਮੌਕੇ ਉਹਨਾਂ ਨਾਲ ਜਸਵੰਤ ਸਿੰਘ ਲੋਹਗੜ੍ਹ ਕੋਰ ਕਮੇਟੀ ਮੈਂਬਰ ਪੰਜਾਬ, ਪਰਮਜੀਤ ਸਿੰਘ ਗਦਾਈਕੇ ਜਿਲ੍ਹਾ ਪ੍ਰਧਾਨ ਤਰਨ ਤਾਰਨ, ਲਖਵਿੰਦਰ ਸਿੰਘ ਕਰਮੂੰਵਾਲਾ ਜਿਲ੍ਹਾ ਪ੍ਰਧਾਨ ਫਿਰੋਜਪੁਰ, ਦਵਿੰਦਰ ਸਿੰਘ ਕੋਟ ਸ਼ਹਿਰੀ ਪ੍ਰਧਾਨ, ਮੰਨਾ ਬੱਡੂਵਾਲਾ ਬਲਾਕ ਪ੍ਰਧਾਨ, ਭਿੰਦਾ ਜੱਟ ਕੋਟ, ਚਮਕੌਰ ਸਿੰਘ ਸੀਤੋ ਕੋਰ ਕਮੇਟੀ ਮੈਂਬਰ ਪੰਜਾਬ, ਜੀਤ ਬੱਡੂਵਾਲ, ਪੀਟਰ ਬਾਲੋਕੀ, ਤਜਿੰਦਰ ਸਿੰਘ ਸਿੱਧਵਾਂ, ਬਾਬਾ ਬਾਲੋਕੀ, ਸਾਬੀ ਬੋਰਾਂਵਾਲਾ, ਸੁੱਖਾ ਗਦਾਈਕੇ, ਨਿਰਮਲ ਸਿੰਘ ਬੱਡੂਵਾਲਾ, ਸਾਬ ਢਿੱਲੋਂ ਤੋਤੇਵਾਲ, ਗੁਰਜੀਤ ਭਿੰਡਰ ਹਾਜ਼ਰ ਸਨ।

## ਹੈਰੋਇਨ ਸਮੇਤ ਇੱਕ ਕਾਬੂ

**ਨਵਾਂਸ਼ਹਿਰ (ਮਨੋਜ ਲਾਡੀ)**- ਥਾਣਾ ਔੜ ਦੀ ਪੁਲਸ ਨੇ ਇਕ ਵਿਅਕਤੀ ਨੂੰ 87 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ।ਇਸ ਸੰਬੰਧ ਵਿਚ ਜਾਣਕਾਰੀ ਦਿੰਦਿਆਂ ਏ ਐੱਸ ਆਈ ਮਨੋਹਰ ਲਾਲ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਵਿਅਕਤੀ ਦੀ ਤਲਾਸ਼ੀ ਲਈ ਪਿੰਡ ਔੜ ਵੱਲ ਜਾ ਰਹੀ ਸੀ ਕਿ ਪਿੰਡ ਵੱਲੋਂ ਆ ਰਿਹਾ ਇਕ ਵਿਅਕਤੀ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਮੁੜਨ ਲੱਗਾ।ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਕਤ ਵਿਅਕਤੀ ਨੂੰ ਕਾਬੂ ਕਰ ਕੇ ਜਦੋਂ ਉਸ ਵੱਲੋਂ ਸੁੱਟੇ ਗਏ ਲਿਫਾਫੇ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ 87 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।ਕਾਬੂ ਕੀਤੇ ਗਏ ਮੁਲਜ਼ਮ ਦੀ ਪਛਾਣ ਦਵਿੰਦਰ ਸਿੰਘ ਵਾਸੀ ਪਿੰਡ ਫਾਂਬੜਾ ਵਜੋਂ ਹੋਈ ਹੈ।ਏ ਐੱਸ ਆਈ ਮਨੋਹਰ ਲਾਲ ਨੇ ਦੱਸਿਆ ਕਿ ਕਾਬੂ ਕੀਤੇ ਮੁਲਜ਼ਮ ਖਿਲਾਫ ਥਾਣਾ ਔੜ ਵਿਖੇ ਐੱਨ ਡੀ ਪੀ ਐੱਸ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਗੁਰਮਤਿ ਸਮਾਗਮ 3 ਮਈ ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਡੇਰਾ ਸੰਤਗੜ੍ਹ ਹਰਖੋਵਾਲ ਵਿਖੇ ਪੂਰਨ ਬ੍ਰਹਮ ਗਿਆਨੀ 108 ਸੰਤ ਬਾਬਾ ਜਵਾਲਾ ਸਿੰਘ ਵਾਲਿਆ ਦੇ ਤੱਪ ਅਸਥਾਨ ਡੇਰੇ ਵੱਲੋਂ ਸਮੂਹ ਸਾਧ ਸੰਗਤ, ਐਨ ਆਰ ਆਈ ਵੀਰਾ ਅਤੇ ਇਲਾਕੇ ਦੇ ਸਹਿਯੋਗ ਨਾਲ 108 ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ ਵਾਲਿਆਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ।ਇਸ ਮੌਕੇ ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ ਵਾਲਿਆਂ ਨੇ ਦੱਸਿਆ ਕਿ 02 ਮਈ ਨੂੰ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਸਾਰੀ ਰਾਤ ਰੈਣ ਸਬਾਈ ਕੀਰਤਨ ਹੋਵੇਗਾ।ਇਸ ਮੌਕੇ ਸਮਾਗਮ ਦੌਰਾਨ ਪ੍ਰਬੰਧਕਾ ਨੇ ਦੱਸਿਆ ਕਿ 3 ਮਈ ਨੂੰ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।ਉਪਰੰਤ ਦੀਵਾਨ ਹਾਲ ਵਿੱਚ ਇਲਾਕੇ ਭਰ ਤੋਂ ਸਾਧੂ, ਸੰਤ, ਮਹਾਂਪੁਰਸ਼, ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰੀ ਜੱਥੇ ਅਤੇ ਪ੍ਰਚਾਰਕ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਸੰਗਤਾਂ ਨੂੰ ਨਿਹਾਲ ਕਰਨਗੇ।



# ਰਿਆਤ ਬਾਹਰਾ ਮੈਨੇਜਮੈਂਟ ਕਾਲਜ ਵਿਖੇ 'ਜਸ਼ਨ-ਏ-ਰੁਖ਼ਸਤ' ਵਿਦਾਇਗੀ ਪਾਰਟੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰਿਆਤ ਬਾਹਰਾ ਮੈਨੇਜਮੈਂਟ ਕਾਲਜ ਨੇ 'ਜਸ਼ਨ-ਏ-ਰੁਖਸਤ 2024' ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ। ਇਸ ਫੈਸਟੀਵਲ ਵਿੱਚ ਬੀ ਕਾਮ ਦੇ ਵਿਦਿਆਰਥੀਆਂ ਨੇ ਭਾਗ ਲਿਆ।ਪ੍ਰਿੰਸੀਪਲ ਡਾ: ਹਰਿੰਦਰ ਸਿੰਘ ਗਿੱਲ ਅਤੇ ਵਿਭਾਗ ਦੇ ਇੰਚਾਰਜ ਪ੍ਰੋ: ਦਵਿੰਦਰ ਠਾਕੁਰ ਨੇ ਦੱਸਿਆ ਕਿ ਇਹ ਪ੍ਰੋਗਰਾਮ ਆਖਰੀ ਸਮੈਸਟਰ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਦੇਣ ਲਈ ਕਰਵਾਇਆ ਗਿਆ। ਵਿਦਿਆਰਥੀਆਂ ਨੇ ਸੋਲੋ ਗਾਇਨ, ਸੋਲੋ ਡਾਂਸ, ਭੰਗੜਾ, ਗਰੁੱਪ ਡਾਂਸ ਅਤੇ ਮਾਡਲਿੰਗ ਵਰਗੀਆਂ ਵੱਖ-ਵੱਖ ਈਵੈਂਟਾਂ ਵਿੱਚ ਭਾਗ ਲਿਆ।ਇਸ ਮੌਕੇ ਮਨਦੀਪ ਕੌਰ ਨੂੰ ਮਿਸ ਫੇਅਰਵੈਲ ਅਤੇ ਅਰਸ਼ਦੀਪ ਸਿੰਘ ਨੂੰ ਮਿਸਟਰ ਫੇਅਰਵੈਲ ਦਾ ਖਿਤਾਬ ਦਿੱਤਾ ਗਿਆ।ਸੁਖਵਿੰਦਰ ਕੌਰ ਨੂੰ ਮਿਸ ਚਾਰਮਿੰਗ ਅਤੇ ਅਵਿਨਾਸ਼ ਨੂੰ ਮਿਸਟਰ ਹੈਂਡਸਮ ਦਾ ਸਨਮਾਨ ਵੀ ਦਿੱਤਾ ਗਿਆ।ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋ: ਅੰਕਿਤਾ ਠਾਕੁਰ, ਪ੍ਰੋ: ਲਵਪ੍ਰੀਤ ਸਿੰਘ, ਪ੍ਰੋ: ਮਹਿਕ ਨੰਦਾ ਅਤੇ ਪ੍ਰੋ: ਲਵਪ੍ਰੀਤ ਸਨ।ਇਸ ਮੌਕੇ ਡਾ: ਪਾਰੁਲ ਖੰਨਾ, ਡਾ: ਸੁਖਮੀਤ ਬੇਦੀ, ਪ੍ਰੋ: ਸਤਿੰਦਰਪ੍ਰੀਤ ਕੌਰ, ਪ੍ਰੋ: ਚਰਨਪ੍ਰੀਤ ਸਿੰਘ ਤੋਂ ਇਲਾਵਾ ਕਾਲਜ ਦਾ ਸਮੂਹ ਸਟਾਫ਼ ਵੀ ਹਾਜ਼ਰ ਸੀ।

# ਸਿਗਰੇਟ ਤੇ ਤੰਬਾਕੂ ਸੰਬੰਧੀ ਐਕਟ-2003 ਤਹਿਤ ਦੁਕਾਨਦਾਰਾਂ ਨੂੰ ਕੀਤਾ ਸਾਵਧਾਨ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਡਾ. ਮਨੂੰ ਵਿਜ਼ ਸਿਵਲ ਸਰਜਨ ਰੂਪਨਗਰ ਅਤੇ ਡਾ. ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੀ. ਐਚ. ਸੀ ਕੀਰਤਪੁਰ ਸਾਹਿਬ ਸੈਕਟਰ-2 ਦੇ ਏਰੀਏ ਵਿੱਚ ਹੈਲਥ ਇੰਸਪੈਕਟਰ ਬਲਵੰਤ ਰਾਏ ਅਤੇ ਟੀਮ ਵਲੋਂ ਢਾਬਿਆਂ, ਬੱਸ ਸਟੈਂਡਾਂ, ਰੇਲਵੇ ਸਟੇਸ਼ਨਾਂ ਅਤੇ ਹੋਰ ਜਨਤਕ ਥਾਵਾਂ 'ਤੇ ਲੋਕਾਂ ਨੂੰ ਤੰਬਾਕੂ ਪਦਾਰਥਾਂ ਦੀ ਵਰਤੋਂ ਨਾ ਕਰਨ ਲਈ ਜਾਗਰੂਕ ਕੀਤਾ ਗਿਆ ਅਤੇ ਉਲੰਘਣਾ ਕਰਨ ਵਾਲ਼ਿਆਂ ਦੇ ਚਲਾਨ ਵੀ ਕੱਟੇ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਪਿੰਡ ਢੇਰ ਵਿਖੇ ਇਹ ਜਾਗਰੂਕਤਾ ਅਭਿਆਨ ਕੀਤਾ ਗਿਆ ਅਤੇ ਦੁਕਾਨਦਾਰਾਂ ਨੂੰ ਕੋਟਪਾ ਐਕਟ ਸਬੰਧੀ ਨਿਯਮਾਂ ਤੋਂ ਜਾਣੂ ਕਰਵਾਇਆ ਗਿਆ। ਬਲਵੰਤ ਰਾਏ ਨੇ ਇਸ ਮੌਕੇ ਆਮ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਿੱਥੇ ਵੱਖ-ਵੱਖ ਤਰ੍ਹਾਂ ਦੇ ਨਸ਼ੇ ਮਨੁੱਖੀ ਸਰੀਰ ਨੂੰ ਖੋਖਲਾ ਕਰਦੇ ਹਨ ਉੱਥੇ ਹੀ ਪਰਵਾਰ ਦੀ ਸੁੱਖ-ਸ਼ਾਂਤੀ ਨੂੰ ਵੀ ਭੰਗ ਕਰਦੇ ਹਨ। ਨਸ਼ੇ ਵਿੱਚ ਫਸਿਆ ਵਿਅਕਤੀ ਨਸ਼ੇ ਦੀ ਪੂਰਤੀ ਲਈ ਕਈ ਵਾਰੀ ਚੋਰੀ ਵੀ ਕਰਦਾ ਹੈ ਅਤੇ ਹਿੰਸਾ ਦੇ ਰਸਤੇ ਨੂੰ ਵੀ ਅਖਤਿਆਰ ਕਰ ਲੈਂਦਾ ਹੈ। ਜਿਨ੍ਹਾਂ ਦੁਕਾਨਾਂ 'ਤੇ '18 ਸਾਲ ਦੀ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਵੇਚਣਾ ਕਾਨੂੰਨੀ ਅਪਰਾਧ ਹੈ' ਦੇ ਬੋਰਡ ਨਹੀਂ ਲੱਗੇ ਹੋਏ ਸਨ ਉੱਥੇ ਮੌਕੇ 'ਤੇ ਹੀ ਲਿਖ ਕੇ ਲਗਵਾਇਆ ਗਿਆ।ਇਸ ਮੌਕੇ ਭੁਪਿੰਦਰ ਸਿੰਘ, ਨਰੇਸ਼ ਕੁਮਾਰ, ਬਲਜੀਤ ਸਿੰਘ, ਸੁੱਚਾ ਸਿੰਘ ਹਾਜ਼ਰ ਸਨ।

# ਸਿਲਾਈ ਸੈਂਟਰ ਦੀ ਸਮਾਪਤੀ ਸਮੇਂ ਸਨਮਾਨ ਸਮਾਰੋਹ




**ਸ਼੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)** ਸ੍ਰੀ ਗੁਰੂ ਰਵਿਦਾਸ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਵਿਖੇ ਨਵੰਬਰ 2023 ਤੋਂ ਸ਼ੁਰੂ ਕੀਤੇ ਮੁਫਤ ਸਿਲਾਈ ਸੈਂਟਰ ਦੇ ਛੇ ਮਹੀਨੇ ਮੁਕੰਮਲ ਹੋਣ 'ਤੇ ਸੁਸਾਇਟੀ ਦੇ ਪ੍ਰਧਾਨ ਗੁਰਚਰਨ ਸਿੰਘ, ਜਨਰਲ ਸਕੱਤਰ ਬਖਸ਼ੀਸ਼ ਸਿੰਘ ਕਟਾਰੀਆ ਅਤੇ ਸਲਾਹਕਾਰ ਮਾਸਟਰ ਬਾਬੂ ਸਿੰਘ ਦੀ ਪ੍ਰਧਾਨਗੀ ਹੇਠ ਸਨਮਾਨ ਸਮਾਰੋਹ ਕੀਤਾ ਗਿਆ।ਸੁਸਾਇਟੀ ਦੇ ਸਕੱਤਰ ਮਲਾਗਰ ਸਿੰਘ ਅਤੇ ਵਿੱਤ ਸਕੱਤਰ ਗਿਆਨ ਸਿੰਘ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਕਾਲਜ ਦੀ ਵਿਦਿਆਰਥਣ ਅਨਮੋਲ ਮਾਨ ਤੇ ਸਤਵਿੰਦਰ ਸਿੰਘ ਨੇ ਧਾਰਮਿਕ ਗੀਤਾਂ ਨਾਲ ਕੀਤੀ।ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਸੇਵਾ ਮੁਕਤ ਨਿਗਰਾਨ ਇੰਜੀਨੀਅਰ (ਪੀ ਡਬਲਿਊ ਡੀ) ਗੁਰਨਾਮ ਸਿੰਘ ਨੇ ਕਿਹਾ ਕਿ ਉਨ੍ਹਾਂ ਖਾਲਸਾ ਸਕੂਲ ਵਿੱਚੋਂ ਪਹਿਲੇ ਦਰਜੇ ਨਾਲ ਵਿਦਿਆਰਥੀ ਸਫਰ ਦੀ ਸ਼ੁਰੂਆਤ ਕੀਤੀ, ਜਿਸ 'ਤੇ ਉਹ ਇਸ ਰੁਤਬੇ ਤੱਕ ਪਹੁੰਚ ਵਿਚ ਕਾਮਯਾਬ ਹੋਏ। ਮਾਰਕੀਟ ਕਮੇਟੀ ਦੇ ਚੇਅਰਮੈਨ ਸਿਕੰਦਰ ਸਿੰਘ ਸਹੇੜੀ ਨੇ ਸੁਸਾਇਟੀ ਵੱਲੋਂ ਗਰੀਬ ਲੜਕੀਆਂ ਨੂੰ ਕਿੱਤਾ ਮੁਖੀ ਹੁਨਰ ਸਿਖਾਉਣ ਦੀ ਸ਼ਲਾਘਾ ਕਰਦਿਆਂ ਪੰਜਾਬ ਸਰਕਾਰ ਵੱਲੋਂ ਹਰ ਪੱਖੋਂ ਸਹਾਇਤਾ ਕਰਨ ਦਾ ਵਾਅਦਾ ਕੀਤਾ।ਇਸ ਤੋਂ ਬਾਅਦ ਸਮਾਗਮ ਦੌਰਾਨ ਸਿਲਾਈ ਦੀ ਟ੍ਰੇਨਿੰਗ ਮੁਕੰਮਲ ਹੋਣ ਤੇ 17 ਲੜਕੀਆਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਸਿਲਾਈ ਟੀਚਰ ਪਰਮਜੀਤ ਕੌਰ, ਬਾਬਾ ਜੋਗਿੰਦਰ ਸਿੰਘ, ਰਜਿੰਦਰ ਸਿੰਘ, ਕੁਲਦੀਪ ਕੁਮਾਰ, ਹਰਜੀਤ ਸਿੰਘ ਅਤੇ ਰਤਨ ਸਿੰਘ ਆਦਿ ਹਾਜ਼ਰ ਸਨ।

# ਸੀਨੀਅਰ ਨਾਗਰਿਕਾਂ ਦੀ ਜ਼ਿੰਦਗੀ 'ਚ ਰੰਗ ਭਰਨ ਦਾ ਉਪਰਾਲਾ ਮੰਨੋਰੰਜਨ ਕਲਾਸ



ਸੰਬੋਧਨ ਕਰਦੇ ਹੋਏ ਡਾ. ਪਰਮਜੀਤ ਸਿੰਘ ਧੰਜੂ, ਮੰਨੋਰੰਜਨ ਕਲਾਸ 'ਚ ਸ਼ਾਮਲ ਸੀਨੀਅਰ ਨਾਗਰਿਕ।

**ਸ਼ਾਹਕੋਟ (ਗਿਆਨ ਸੈਦਪੁਰੀ)**- ਜ਼ਿੰਦਗੀ ਦੀਆਂ ਢੇਰ ਸਾਰੀਆਂ ਬਹਾਰਾਂ, ਪਤਝੜਾਂ ਮਾਣ/ ਵੇਖ ਚੁੱਕੇ ਨਾਗਰਿਕਾਂ ਅੰਦਰ ਹੋਰ ਰੰਗ ਭਰਨ ਲਈ ਨਿਰੋਗ ਯੋਗ ਸੰਸਥਾ ਨੇ ਇੱਕ ਉਪਰਾਲਾ ਸ਼ੁਰੂ ਕੀਤਾ ਹੈ। ਇਸ ਸੰਸਥਾ ਦੇ ਕਦਮ ਨਾਲ ਕਦਮ ਜੋੜ ਕੇ ਮਹਿਲਾ ਸ਼ਕਤੀ ਸੰਸਥਾ (ਰਜਿ) ਸ਼ਾਹਕੋਟ ਨੇ ਮੰਨੋਰੰਜਨ ਕਲਾਸ ਲਗਾਉਣੀ ਸ਼ੁਰੂ ਕੀਤੀ ਹੈ। ਐਤਵਾਰ ਨੂੰ ਯੋਗ ਆਸ਼ਰਮ ਨਵਾਂ ਕਿਲਾ ਰੋਡ ਸ਼ਾਹਕੋਟ ਵਿਖੇ ਲਗਾਈ ਮੰਨੋਰੰਜਨ ਕਲਾਸ ਵਿੱਚ ਸੀਨੀਅਰ ਨਾਗਰਿਕਾਂ ਨੇ ਭਰਵੀਂ ਹਾਜ਼ਰੀ ਭਰੀ।ਸਵੇਰੇ 5:30 ਤੋਂ 6:30 ਵਜੇ ਤੱਕ ਲਗਾਈ ਗਈ ਮੰਨੋਰੰਜਨ ਕਲਾਸ ਵਿੱਚ ਜਿੱਥੇ ਮਹਿਲਾਵਾਂ ਨੇ ਗਿੱਧਾ ਪਾਇਆ ਉੱਥੇ ਪੁਰਸ਼ਾਂ ਨੇ ਭੰਗੜਾ ਪਾਇਆ। ਡਾ. ਪਰਮਜੀਤ ਸਿੰਘ ਧੰਜੂ, ਜਤਿੰਦਰਪਾਲ ਸਿੰਘ ਬੱਲ੍ਹਾ, ਜਗਦੀਸ਼ ਰਾਏ ਗੋਇਲ, ਰਤਨ ਸਿੰਘ ਰੱਖੜਾ, ਗੁਰਮੀਤ ਕੌਰ ਧਾਲੀਵਾਲ ਨੇ ਜ਼ਿੰਦਗੀ ਵਿੱਚ ਹਾਸਿਆਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ।

ਉਨ੍ਹਾਂ ਕਿਹਾ ਕਿ ਸਾਡੀਆਂ ਦੋਵਾਂ ਸੰਸਥਾਵਾਂ ਦਾ ਉਦੇਸ਼ ਤੇ ਸੰਦੇਸ਼ ਤੰਦਰੁਸਤੀ ਹੈ।ਮੰਨੋਰੰਜਨ ਕਲਾਸ ਵਿੱਚ ਨਿਰੋਗ ਯੋਗ ਸੰਸਥਾ ਦੇ ਪ੍ਰਧਾਨ ਦੀਪਕ ਸ਼ਰਮਾ, ਮਹਿਲਾ ਸ਼ਕਤੀ ਸੰਸਥਾ ਦੇ ਸਰਪ੍ਰਸਤ ਮਨਜੀਤ ਕੌਰ, ਨਵਜੋਤ ਕੌਰ ਪ੍ਰਧਾਨ ਮਹਿਲਾ ਮੰਡਲ, ਬੀਬੀ ਤੇਜ ਕੌਰ ਸਰਪ੍ਰਸਤ, ਸੁਸ਼ੀਲ ਕਾਲੀਆ ਸੇਵਾ ਮੁਕਤ ਬੀ. ਪੀ. ਈ. ਓ, ਅਮਰਜੀਤ ਕੌਰ ਜਨਰਲ ਸਕੱਤਰ ਮਹਿਲਾ ਵਿੰਗ 'ਆਪ', ਜਸਪ੍ਰੀਤ ਕੌਰ, ਬਲਬੀਰ ਕੌਰ, ਨਰਿੰਦਰ ਕੁਮਾਰ, ਮੀਨਾ ਰਾਣੀ, ਸੋਮਾ ਰਾਣੀ, ਤਜਿੰਦਰ ਪਾਲ ਕੌਰ, ਗੀਟਾ ਸੋਬਤੀ, ਪ੍ਰੋਫੈਸਰ ਕਰਤਾਰ ਸਿੰਘ ਸਚਦੇਵਾ, ਸਰੋਜ ਗੁਪਤਾ ਕੈਸ਼ੀਅਰ, ਹਰਪਾਲ ਕੌਰ, ਜਸਵੰਤ ਲਾਲ, ਮਿਲਾਪ ਸਿੰਘ, ਪੂਜਾ ਸ਼ਰਮਾ, ਸ਼ਮਿੰਦਰ ਕੌਰ ਜਨਰਲ ਸਕੱਤਰ ਆਦਿ ਸ਼ਾਮਲ ਸਨ।

## ਜਨਮ ਦਿਨ ਮੁਬਾਰਕ



ਤਰਨਬੀਰ ਸਿੰਘ, ਗੁਰਾਇਆ



ਰਾਜਵੀਰ ਸਿੰਘ ਜਗਰਾਓਂ

# ਰਿਆਤ ਬਾਹਰਾ 'ਵਰਸਿਟੀ 'ਚ ਟੈਕਨੋ ਵਿਰਸਾ ਦਾ ਆਗਾਜ਼



**ਮੋਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਤਿੰਨ ਰੋਜ਼ਾ ਤਕਨੀਕੀ ਅਤੇ ਸੱਭਿਆਚਾਰਕ ਮੇਲਾ 'ਟੈਕਨੋ ਵਿਰਸਾ- 2024' ਦੀ ਸ਼ਾਨਦਾਰ ਸ਼ੁਰੂਆਤ ਹੋਈ।ਵੱਖ-ਵੱਖ ਸੱਭਿਆਚਾਰਕ ਸਮਾਗਮਾਂ ਵਿੱਚ ਧੂਮ-ਧਾਮ ਨਾਲ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਉਤਸ਼ਾਹ ਦੇਖਣਯੋਗ ਸੀ।ਉਦਘਾਟਨੀ ਸਮਾਰੋਹ ਮੌਕੇ ਕਰਵਾਏ ਗਏ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਲੋਕ ਨਾਚ, ਸਮੂਹ ਨਾਚ, ਕਲਾਸੀਕਲ ਡਾਂਸ, ਗੀਤ ਆਦਿ ਸ਼ਾਮਲ ਸੀ।ਸਕਿੱਟ ਅਤੇ ਮਿਮਿਕਰੀ, ਡਿਬੇਟ ਅਤੇ ਮਾਈਮ ਵਿੱਚ ਵੀ ਭਾਰੀ ਭਾਗੀਦਾਰੀ ਦੇਖਣ ਨੂੰ ਮਿਲੀ।ਹਾਲਾਂਕਿ ਗਿੱਧਾ ਅਤੇ ਭੰਗੜਾ ਦੇ ਈਵੈਂਟ ਨੇ ਵੀ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕੀਤਾ।ਆਪਣੇ ਰੰਗ-ਬਿਰੰਗੇ ਪਹਿਰਾਵੇ ਵਿੱਚ ਸਜੇ ਨੌਜਵਾਨ ਲੜਕੇ-ਲੜਕੀਆਂ ਨੇ ਢੋਲ ਦੀ ਤਾਲ 'ਤੇ ਡਾਂਸ ਕੀਤਾ ਅਤੇ ਦਰਸ਼ਕਾਂ ਨੇ ਪੂਰੇ ਜੋਸ਼ ਨਾਲ ਉਨ੍ਹਾਂ ਦੀ ਤਾਰੀਫ ਕੀਤੀ।ਇਸ ਤੋਂ ਇਲਾਵਾ ਉਦਘਾਟਨੀ ਦਿਵਸ 'ਤੇ ਹੋਰ ਸੱਭਿਆਚਾਰਕ ਸਮਾਗਮਾਂ ਵਿੱਚ ਪੱਛਮੀ ਗਰੁੱਪ ਡਾਂਸ, ਪੱਛਮੀ ਸੋਲੋ ਡਾਂਸ, ਭਾਰਤੀ ਕਲਾਸੀਕਲ ਡਾਂਸ ਅਤੇ ਲਾਈਟ ਵੋਕਲ ਅਤੇ ਲੋਕ ਗੀਤ ਸ਼ਾਮਲ ਸਨ।ਇਸ ਦੌਰਾਨ ਯਨੀਵਰਸਿਟੀ ਦੇ ਚਾਂਸਲਰ ਅਤੇ ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਕੀਤੀ।

ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਚਤੁਰਾਈ ਅਤੇ ਨਵੀਨਤਾ ਦੀ ਕਾਬਲੀਅਤ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਪਾਠ ਪੁਸਤਕਾਂ ਤੋਂ ਪਰੇ ਸੰਸਾਰ ਦੀ ਪੜਚੋਲ ਕਰਨ ਲਈ ਉਤਸ਼ਾਹਿਤ ਕਰਨਾ ਹੈ।ਇਸ ਮੌਕੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਵੱਲੋਂ ਇੱਕ ਹਜ਼ਾਰ ਤੋਂ ਵੱਧ ਦੀ ਸਮਰੱਥਾ ਵਾਲੇ ਨਵੇਂ ਆਡੀਟੋਰੀਅਮ ਦਾ ਉਦਘਾਟਨ ਵੀ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਿਆਤ ਬਾਹਰਾ ਗਰੁੱਪ ਦੇ ਵਾਈਸ ਪ੍ਰਧਾਨ ਗੁਰਿੰਦਰ ਬਾਹਰਾ, ਵਾਈਸ ਪ੍ਰਧਾਨ ਡਾ ਐਸ ਐਸ ਸਹਿਗਲ, ਡੀਨ ਅਕੈਡਮਿਕਸ ਡਾ ਐਸ ਕੇ ਬਾਂਸਲ, ਰਜਿਸਟਰਾਰ ਡਾ ਦਿਨੇਸ਼ ਸ਼ਰਮਾ ਆਦਿ ਹਾਜ਼ਰ ਸਨ।

ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਅਜਿਹੇ ਟੈਕ-ਫੈਸਟਾਂ ਦੀ ਭੂਮਿਕਾ ਬਹੁਤ ਵੱਡੀ ਹੈ ਕਿਉਂਕਿ ਇਨ੍ਹਾਂ ਨਾਲ ਵਿਦਿਆਰਥੀਆਂ ਦੀ ਸਮੁੱਚੀ ਸ਼ਖਸ਼ੀਅਤ ਦਾ ਵਿਕਾਸ ਹੁੰਦਾ ਹੈ ਅਤੇ ਰਿਆਤ ਬਾਹਰਾ ਗਰੁੱਪ ਵਿਦਿਆਰਥੀਆਂ ਦੇ ਤਕਨੀਕੀ ਹੁੰਨਰ ਨੂੰ ਨਿਖਾਰਨ ਲਈ ਵਚਨਬੱਧ ਹੈ।ਇਹ ਫੈਸਟੀਵਲ ਦੋ ਦਿਨ ਹੋਰ ਚੱਲੇਗਾ ਅਤੇ 1 ਮਈ ਦੀ ਸ਼ਾਮ ਨੂੰ ਸਮਾਪਤ ਹੋਵੇਗਾ।

# ਕੰਨਿਆ ਸਕੂਲ ਨੌਰਾ ਵਿਖੇ ਵੋਟਰ ਜਾਗਰੂਕਤਾ ਸੈਮੀਨਾਰ

**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦੇ ਹੋਏ ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਕਮ ਜਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ-ਨੋਡਲ ਅਫਸਰ ਸਵੀਪ ਦੇ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਨੌਰਾ ਵਿਖੇ ਉੱਪ ਜਿਲ੍ਹਾ ਸਿੱਖਿਆ ਅਫਸਰ ਰਾਜੇਸ਼ ਕੁਮਾਰ ਦੀ ਅਗਵਾਈ ਹੇਠ ਸਵੀਪ ਗਤੀਵਿਧੀਆਂ ਅਧੀਨ ਨੌਜਵਾਨ ਵੋਟਰਾਂ ਲਈ ਵੋਟਰ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ, ਬੀ ਐਲ ਐਮ ਗਰਲਜ ਕਾਲਜ ਨਵਾਂਸ਼ਹਿਰ ਤੋਂ ਰਾਜਨੀਤੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਦੁਆਰਾ ਮੁੱਖ ਬੁਲਾਰਿਆਂ ਦੇ ਰੂਪ ਵਿੱਚ ਸ਼ਿਰਕਤ ਕੀਤੀ ਗਈ। ਉਹਨਾਂ ਦੁਆਰਾ ਈ ਟੀ ਟੀ ਕਰ ਰਹੇ ਵਿਦਿਆਰਥੀਆਂ ਨੂੰ ਵੋਟਾਂ ਬਾਰੇ ਜਾਗਰੂਕ ਕਰਨ ਲਈ ਆਪਣੇ ਵਿਚਾਰ ਪੇਸ਼ ਕੀਤੇ ਗਏ।

ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ ਦੁਆਰਾ ਵਿਦਿਆਰਥੀਆਂ ਨੂੰ ਆਪਣੀ ਵੋਟ ਬਣਵਾਉਣਾ ਲਾਜ਼ਮੀ ਕਰਾਰ ਦੇਣ ਦੇ ਨਾਲ-ਨਾਲ ਉਹਨਾਂ ਨੂੰ ਆਪਣੀ ਵੋਟ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀਆਂ ਦੀ ਉਮਰ ਪਹਿਲੀ ਅਪ੍ਰੈਲ 2024 ਨੂੰ 18 ਸਾਲ ਹੋ ਚੁੱਕੀ ਹੈ, ਉਹ ਆਪਣੀ ਵੋਟ ਆਨਲਾਈਨ ਮਾਧਿਅਮ ਦੁਆਰਾ ਵੀ ਬਣਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀ ਆਪਣੇ ਪਿੰਡਾਂ ਵਿੱਚ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਵੋਟ ਬਣਵਾਉਣ ਅਤੇ ਹਰ ਇੱਕ ਵਿਅਕਤੀ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਨ ਲਈ ਕਹਿਣ ਅਤੇ ਚੋਣ ਕਮਿਸ਼ਨ ਦੇ ਸਲੋਗਨ ਇਸ ਬਾਰ ਸੱਤਰ ਪਾਰ ਦੇ ਤਹਿਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਵੋਟਿੰਗ ਟਰਨ ਆਊਟ ਨੂੰ ਪਚੱਤਰ ਫੀਸਦੀ ਦੇ ਪਾਰ ਕਰਨ ਵਿੱਚ ਸਹਿਯੋਗ ਕਰਨ।

ਸਵੀਪ ਟੀਮ ਦੇ ਮੈਂਬਰ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਧਰਮ, ਜਾਤ ਅਤੇ ਨਸਲ ਤੋਂ ਉਪਰ ਉੱਠ ਕੇ ਵੋਟ ਦੀ ਵਰਤੋਂ ਕਰਨੀ ਚਾਹੀਦੀ ਹੈ।ਇਸ ਮੌਕੇ ਉਨ੍ਹਾਂ ਨੇ ਬੂਥ ਪੱਧਰ ਤੇ ਮਿਲਣ ਵਾਲ਼ੀਆਂ ਸਹੂਲਤਾਂ ਤੇ ਚਾਨਣਾ ਪਾਇਆ ਜਿਵੇਂ ਕੇ ਵਿਕਲਾਂਗ ਵੋਟਰਾਂ ਲਈ ਵੀਲ੍ਹ ਚੇਅਰ, ਰੈਂਪ, ਬਰੇਲ ਲਿੱਪੀ, ਪਿੱਕ ਐਂਡ ਡਰਾਪ ਸੁਵਿਧਾ, ਬੱਚਿਆਂ ਵਾਸਤੇ ਕਰੈੱਚ ਆਦਿ।

ਇਸ ਮੌਕੇ ਹਾਜ਼ਰ ਵਿਦਿਆਰਥੀਆਂ ਅਤੇ ਸਟਾਫ ਮੈਂਬਰਜ਼ ਨੂੰ ਵੋਟਰ ਪ੍ਰਣ ਦਵਾਇਆ ਗਿਆ। ਇਸ ਮੌਕੇ ਹਾਜ਼ਰ ਸਟੇਟ ਟ੍ਰੇਨਰ ਰਾਜਵਿੰਦਰ ਸਿੰਘ ਬਾਹਰਾ ਦੁਆਰਾ ਆਏ ਹੋਏ ਮੁੱਖ ਬੁਲਾਰਿਆਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਕਿਹਾ ਕਿ ਇਸ ਵਾਰ ਚੋਣਾਂ ਦਾ ਪਰਵ-ਦੇਸ਼ ਦਾ ਗਰਵ ਲੋਕ ਸਭਾ ਚੋਣਾਂ ਵਿੱਚ ਆਓ ਅਸੀਂ ਸਾਰੇ ਆਪਣਾ ਬਣਦਾ ਯੋਗਦਾਨ ਪਾਈਏ। ਇਸ ਮੌਕੇ ਪ੍ਰਿੰਸੀਪਲ ਰਣਜੀਤ ਕੌਰ, ਜਤਿੰਦਰ ਸਿੰਘ ਪਾਬਲਾ, ਜਸਵੀਰ ਚੰਦ, ਸ਼ਿਵ ਚਰਨ ਆਦਿ ਹਾਜ਼ਰ ਸਨ।